Fair Advice Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 26 Friday, February 05, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਕੈਨੇਡਾ ਦੀ ਵੈਕਸੀਨ ਪ੍ਰੋਕਿਓਰਮੈਂਟ ਨੀਤੀ ਬਿਹਤਰੀਨ : ਮੈਕਕਿਨਨ



ਓਟਵਾ, 4 ਜਨਵਰੀ (ਪੋਸਟ ਬਿਊਰੋ) : ਪ੍ਰਕਿਓਰਮੈਂਟ ਮੰਤਰੀ ਅਨੀਤਾ ਆਨੰਦ ਦੇ ਪਾਰਲੀਆਮੈਂਟਰੀ ਸੈਕਟਰੀ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨ ਲਈ ਫੈਡਰਲ ਸਰਕਾਰ ਦੀ ਪ੍ਰੋਕਿਓਰਮੈਂਟ ਪਹੁੰਚ ਬਿਹਤਰੀਨ ਹੈ।

ਇੱਕ ਇੰਟਰਵਿਊ ਵਿੱਚ ਕਿਊਬਿਕ ਤੋਂ ਲਿਬਰਲ ਐਮਪੀ ਸਟੀਵਨ ਮੈਕਕਿਨਨ ਨੇ ਆਖਿਆ ਕਿ ਸੱਤ ਵੈਕਸੀਨ ਨਿਰਮ-ਾਤਾ ਕੰਪਨੀਆਂ ਕੋਲੋਂ 429 ਮਿਲੀਅਨ ਡੋਜ਼ਾਂ ਖਰੀਦਣ ਲਈ ਕੈਨੇਡਾ ਇੱਕ ਬਿਲੀਅਨ ਡਾਲਰ ਤੋਂ ਵੱਧ ਖਰਚ ਰਿਹਾ ਹੈ। ਕੈਨੇਡਾ ਨੇ ਬਿਹਤਰੀਨ ਬਦਲ ਇਸ ਤਰ੍ਹਾਂ ਚੁਣਿਆ ਹੈ ਕਿ ਅਜਿਹੀਆਂ ਫਾਰਮਾਸਿਊਟੀਕਲ ਕੰਪਨੀਆਂ ਦੀਆਂ ਵੈਕਸੀਨ ਤਿਆਰ ਕਰਨ ਵਾਲੀਆਂ ਲੋਕੇਸ਼ਨਾਂ ਤੋਂ ਹੀ ਵੈਕਸੀਨ ਖਰੀਦੀ ਗਈ ਹੈ ਜਿਹੜੀਆਂ ਜਲਦ ਤੋਂ ਜਲਦ ਵੈਕਸੀਨ ਸਪਲਾਈ ਕਰ ਸਕਦੀਆਂ ਹਨ।

ਦਸੰਬਰ ਵਿੱਚ ਵੈਕਸੀਨ ਹਾਸਲ ਕਰਨ ਦੇ ਸਿਲਸਿਲੇ ਦੀ ਸ਼ੁਰੂਆਤ ਹੋਈ ਤੇ ਦੂਜੇ ਦੇਸ਼ਾਂ ਉੱਤੇ ਨਿਰਭਰਤਾ ਕਾਰਨ ਜਨਵਰੀ ਵਿੱਚ ਡਲਿਵਰੀ ਦੀ ਘਾਟ ਕਾਰਨ ਕੈਨੇਡਾ ਦੀ ਵੈਕਸੀਨ ਕੈਂਪੇਨ ਨੂੰ ਕਿਤੇ ਧੱਕਾ ਵੀ ਲੱਗਿਆ। ਖੇਪ ਦੀ ਘਾਟ ਕਾਰਨ ਕੈਨੇਡਾ ਕਈ ਹੋਰਨਾਂ ਦੇਸ਼ਾਂ ਤੋਂ ਪਛੜ ਵੀ ਗਿਆ ਤੇ ਵਿਰੋਧੀ ਪਾਰਟੀਆਂ ਵੱਲੋਂ ਇਸ ਮੁੱਦੇ ਉੱਤੇ ਫੈਡਰਲ ਲਿਬਰਲਾਂ ਦੀ ਕਾਫੀ ਖਿਚਾਈ ਵੀ ਕੀਤੀ ਗਈ।

ਹਾਊਸ ਆਫ ਕਾਮਨਜ਼ ਦੀ ਕਮੇਟੀ ਸਾਹਮਣੇ ਆਪਣਾ ਪੱਖ ਰੱਖਦਿਆਂ ਵੀਰਵਾਰ ਨੂੰ ਆਨੰਦ ਨੇ ਆਖਿਆ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਬੜੀ ਸਰਗਰਮੀ ਨਾਲ ਕੈਨੇਡਾ ਵਿੱਚ ਹੀ ਵੈਕਸੀਨ ਦਾ ਉਤਪਾਦਨ ਸ਼ੁਰੂ ਕਰਵਾਉਣ ਲਈ ਲੀਡਿੰਗ ਵੈਕਸੀਨ ਉਤਪਾਦਕਾਂ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਹ ਇਹ ਆਖ ਕੇ ਇੱਥੇ ਉਤਪਾਦਨ ਨਹੀਂ ਕਰਨੀਆਂ ਚਾਹੁੰਦੀਆਂ ਕਿਉਂਕਿ ਇੱਥੇ ਸਮਰੱਥਾ ਦੀ ਕਾਫੀ ਘਾਟ ਹੈ।

ਮੈਕਕਿਨਨ ਨੇ ਆਖਿਆ ਕਿ ਅਜਿਹਾ ਨੰਬਰ ਇੱਕ ਪਹੁੰਚ ਸਾਡੇ ਕੋਲ ਉਪਲਬਧ ਨਹੀਂ ਸੀ ਇਸ ਲਈ ਅਸੀਂ ਦੂਜੀ ਬਿਹਤਰੀਨ ਪਹੁੰਚ ਦਾ ਰਾਹ ਚੁਣਿਆ। ਆਉਣ ਵਾਲੇ ਸਮੇਂ ਵਿੱਚ ਅਸੀਂ ਕੈਨੇਡੀਅਨ ਬਾਇਓਮੈਨੁਫੈਕਚਰਰਜ਼ ਵਿੱਚ ਵੀ ਨਿਵੇਸ਼ ਕਰਾਂਗੇ।

## ਅੰਦਰ ਪੜ੍ਹੋ

ਬਰਗਾੜੀ ਬੇਅਦਬੀ ਕੇਸ: ਸੀ ਬੀ ਆਈ ਨੇ ਕੇਸ ਦੀਆਂ ਫਾਈਲਾਂ ਪੰਜਾਬ ਪੁਲਸ ਨੂੰ ਸੌਂਪੀਆਂ



ਪੰਨਾ 05

ਸਭ ਕਿਸਮਤ ਦੀ ਖੇਡ ਹੈ : ਤਮੰਨਾ ਭਾਟੀਆ



ਪੰਨਾ 15

# ਯੰਗ ਸਟਰੀਟ ਦਾ ਰੰਗ ਰੂਪ ਸੰਵਾਰਨ ਦੀ ਯੋਜਨਾ ਨੂੰ ਸਿਟੀ ਨੇ ਦਿੱਤੀ ਮਨਜ਼ੂਰੀ




ਓਨਟਾਰੀਓ, 4 ਫਰਵਰੀ (ਪੋਸਟ ਬਿਊਰੋ) : ਸਿਟੀ ਕਾਊਂਸਲ ਵੱਲੋਂ ਡਾਊਨਟਾਊਨ ਯੰਗ ਸਟਰੀਟ ਦਾ ਰੰਗ ਰੂਪ ਸੰਵਾਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ।

ਬੁੱਧਵਾਰ ਨੂੰ ਕਾਊਂਸਲ ਦੀ ਹੋਈ ਮੀਟਿੰਗ ਵਿੱਚ 5 ਦੇ ਮੁਕਾਬਲੇ 21 ਵੋਟਾਂ ਨਾਲ ਯੰਗ ਟੂਮਾਰੋ ਦਾ ਮਤਾ ਪਾਸ ਕੀਤਾ ਗਿਆ। ਇਸ ਨਾਲ ਕਾਰਲਟਨ ਤੇ ਕੁਈਨ ਸਟਰੀਟਸ ਦਰਮਿਆਨ ਯੰਗ ਸਟਰੀਟ ਨੂੰ ਸੰਵਾਰਨ ਦੀ ਯੋਜਨਾ ਹੈ। ਇਸ ਇਲਾਕੇ ਨੂੰ ਪੈਦਲ ਆਉਣ ਜਾਣ ਵਾਲਿਆਂ ਲਈ ਹੋਰ ਫਰੈਂਡਲੀ ਬਣਾਇਆ ਜਾ ਰਿਹਾ ਹੈ।

ਸ਼ੁਰੂਆਤੀ ਯੋਜਨਾ ਅਨੁਸਾਰ ਇਸ ਸਟਰੀਟ ਉੱਤੇ ਟਰੈਫਿਕ ਲਈ ਸਿਰਫ ਦੋ ਸਪੌਟਸ ਰਹਿ ਜਾਣਗੇ, ਸਾਈਡਵਾਕਸ ਨੂੰ ਚੌੜਾ ਕੀਤਾ ਜਾਵੇਗਾ, ਨਵੀਆਂ ਬਾਈਕ ਲੇਨਜ਼ ਬਣਾਈਆਂ ਜਾਣਗੀਆਂ ਤੇ ਬੈਠਣ ਲਈ ਹੋਰ ਏਰੀਆ ਬਣਾਇਆ ਜਾਵੇਗਾ ਤੇ ਹੋਰ ਹਰਿਆਵਲ ਲਿਆਂਦੀ ਜਾਵੇਗੀ।

ਇਸ ਇਲਾਕੇ ਦੀ ਨੁਮਾਇੰਦਗੀ ਕਰਨ ਵਾਲੇ ਕਾਊਂਸਲਰ ਕ੍ਰਿਸਟੀਨ ਵੌਂਗ ਟੈਮ ਨੇ ਆਖਿਆ ਕਿ ਇਸ ਪ੍ਰੋਜੈਕਟ ਦੀ ਯੋਜਨਾਬੰਦੀ ਪਿਛਲੇ 10 ਸਾਲ ਤੋਂ ਚੱਲ ਰਹੀ ਹੈ। ਟੈਮ ਨੇ ਆਖਿਆ ਕਿ ਉਹ ਉਨ੍ਹਾਂ ਸੱਭਨਾਂ ਦਾ ਸ਼ੁਕਰੀਆ ਅਦਾ ਕਰਦੇ ਹਨ ਜਿਨ੍ਹਾਂ ਨੇ ਇਸ ਪ੍ਰੋਜੈਕਟ ਦਾ ਸਮਰਥਨ ਕੀਤਾ।

ਇਸ ਦੀ ਅਗਲੀ ਯੋਜਨਾ ਬਾਰੇ ਹੋਰ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਤੇ ਇਸ ਦੇ 2023 ਤੋਂ ਬਾਅਦ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਮਾਰਚ ਬ੍ਰੇਕ ਨੂੰ ਰੱਦ ਕਰਨ ਬਾਰੇ ਵਿਚਾਰ ਕਰ ਰਹੇ ਹਨ ਓਨਟਾਰੀਓ ਦੇ ਸਿੱਖਿਆ ਮੰਤਰੀ



ਓਨਟਾਰੀਓ, 4 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਓਨਟਾਰੀਓ ਮਾਰਚ ਬ੍ਰੇਕ ਨੂੰ ਰੱਦ ਕਰਨ ਬਾਰੇ ਵਿਚਾਰ ਕਰ ਰਿਹਾ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਦਾ ਕਹਿਣਾ ਹੈ ਕਿ ਇਸ ਸਬੰਧ ਵਿੱਚ ਉਹ ਅਗਲੇ ਹਫਤੇ ਤੱਕ ਫੈਸਲਾ ਕਰ ਲੈਣਗੇ। ਉਨ੍ਹਾਂ ਆਖਿਆ ਕਿ ਇਸ ਬਾਬਤ ਉਹ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਰਾਇ ਦੀ ਉਡੀਕ ਕਰ ਰਹੇ ਹਨ। ਬਸੰਤ ਦੀ ਇਸ ਬ੍ਰੇਕ ਨੂੰ ਰੱਦ ਕਰਨ ਦੀ ਇਹ ਖਬਰ ਲਿਚੇ ਵੱਲੋਂ ਸਕੂਲ ਖੋਲ੍ਹਣ ਦੀ ਯੋਜਨਾ ਦਾ ਐਲਾਨ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਕੀਤਾ ਗਿਆ।

ਟੋਰਾਂਟੋ,ਪੀਲ ਤੇ ਯੌਰਕ ਦੇ ਸਕੂਲ 16 ਫਰਵਰੀ ਨੂੰ ਮੁੜ ਖੁੱਲ੍ਹਣਗੇ ਜਦਕਿ ਹੋਰਨਾਂ ਪਬਲਿਕ ਹੈਲਥ ਯੂਨਿਟਸ ਅਧੀਨ ਆਉਂਦੇ ਸਕੂਲ 8 ਫਰਵਰੀ ਨੂੰ ਖੁੱਲ੍ਹਣਗੇ। ਲਿਚੇ ਨੇ ਆਖਿਆ ਕਿ ਇਹ ਫੈਸਲਾ ਉਨ੍ਹਾਂ ਵੱਲੋਂ ਪਬਲਿਕ ਹੈਲਥ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਪਰ ਪ੍ਰੋਵਿੰਸ ਦੇ ਐਲੀਮੈਂਟਰੀ ਸਕੂਲ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਇਸ ਦੌਰਾਨ ਮੈਂਟਲ ਹੈਲਥ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਜ਼ਰੂਰੀ ਹੈ।

ਉਨ੍ਹਾਂ ਆਖਿਆ ਕਿ ਟਰੈਵਲ ਸਬੰਧੀ ਚਿੰਤਾਵਾਂ ਨਾਲ ਹੋਰ ਢੰਗ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।

# ਓਕਵਿੱਲ ਦੇ ਘਰ ਵਿੱਚ ਲੱਗੀ ਜ਼ਬਰਦਸਤ ਅੱਗ



ਓਕਵਿੱਲ, 4 ਜਨਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਓਕਵਿੱਲ ਵਿੱਚ ਉਸਾਰੀ ਅਧੀਨ ਇੱਕ ਘਰ ਵਿੱਚ ਅੱਗ ਲੱਗ ਗਈ ਤੇ ਸਾਰਾ ਘਰ ਤਬਾਹ ਹੋ ਗਿਆ।

ਓਕਵਿੱਲ ਫਾਇਰ ਵਿਭਾਗ ਨੇ ਦੱਸਿਆ ਕਿ ਇਸ ਅੱਗ ਲੱਗਣ ਦੀ ਘਟਨਾ ਦਾ ਪਤਾ ਸਵੇਰੇ 7:30 ਵਜੇ ਲੱਗਿਆ। ਇਹ ਘਰ ਲੇਕਸ਼ੋਰ ਤੇ ਫੋਰਥ ਲਾਈਨ ਇਲਾਕੇ ਵਿੱਚ ਵੁੱਡ ਪਲੇਸ ਉੱਤੇ ਸਥਿਤ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਘਰ ਅਜੇ ਬਣ ਰਿਹਾ ਸੀ ਤੇ ਗੁਆਂਢੀਆਂ ਨੇ ਆਖਿਆ ਕਿ ਇਸ ਘਰ ਵਿੱਚ ਪਿਛਲੇ ਦੋ ਸਾਲ ਤੋਂ ਕੋਈ ਨਹੀਂ ਰਹਿ ਰਿਹਾ।

ਅੱਗ ਫੈਲਣ ਤੋਂ ਬਾਅਦ ਨੇੜਲੇ ਘਰਾਂ ਨੂੰ ਖਾਲੀ ਕਰਵਾ ਲਿਆ ਗਿਆ ਤੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ।

# ਏਅਰ ਕੈਨੇਡਾ ਰੋਸ਼ 8 ਫਰਵਰੀ ਤੋਂ ਕਰੇਗੀ ਸਾਰੀਆਂ ਉਡਾਨਾਂ ਮੁਲਤਵੀ



ਓਟਵਾ, 4 ਫਰਵਰੀ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ 8 ਫਰਵਰੀ ਤੋਂ ਆਪਣੀਆਂ ਸਾਰੀਆਂ ਰੋਸ਼ ਫਲਾਈਟਸ ਮੁਲਤਵੀ ਕੀਤੀਆਂ ਜਾ ਰਹੀਆਂ ਹਨ। ਏਅਰਲਾਈਨ ਵੱਲੋਂ ਇਹ ਫੈਸਲਾ ਟਰੈਵਲ ਸਬੰਧੀ ਨਵੀਆਂ ਪਾਬੰਦੀਆਂ ਕਾਰਨ ਲਿਆ ਗਿਆ ਹੈ।

ਰੋਸ਼ ਕਾਰੋਬਾਰ ਤਹਿਤ ਵੱਡੀ ਪੱਧਰ ਉੱਤੇ ਉਡਾਨਾਂ ਕੈਰੇਬੀਆ ਤੇ ਮੈਕਸਿਕੋ ਲਈ ਸਨ ਤੇ ਏਅਰਲਾਈਨਜ਼ ਦੇ ਜਹਾਜ਼ ਉਨ੍ਹਾਂ ਥਾਂਵਾਂ ਉੱਤੇ ਵੀ ਜਾਂਦੇ ਸਨ ਜਿੱਥੇ ਕੋਈ ਪਾਬੰਦੀਆਂ ਨਹੀਂ ਸਨ ਜਿਵੇਂ ਕਿ ਫਲੋਰਿਡਾ ਤੇ ਲਾਸ ਵੇਗਸ। ਪਰ ਇਹ ਉਡਾਨਾਂ ਵੀ ਮੁਲਤਵੀ ਕਰ ਦਿੱਤੀਆਂ ਗਈਆਂ ਹਨ।ਏਅਰ ਕੈਨੇਡਾ ਨੇ ਦੱਸਿਆ ਕਿ ਇਸ ਫੈਸਲੇ ਦੇ ਨਾਲ ਅੰਦਾਜ਼ਨ 80 ਕਰਮਚਾਰੀਆਂ ਦੀ ਛੁੱਟੀ ਵੀ ਏਅਰਲਾਈਨ ਨੂੰ ਕਰਨੀ ਪੈ ਰਹੀ ਹੈ। ਅਜਿਹਾ ਦੂਜੀ ਵਾਰੀ ਹੋਇਆ ਹੈ ਕਿ ਰੋਸ਼ ਨੇ ਸਾਰੀਆਂ ਉਡਾਨਾਂ ਮੁਲਤਵੀ ਕੀਤੀਆਂ ਹੋਣ।ਏਅਰ ਕੈਨੇਡਾ ਦੀ ਇਸ ਸਸਤੀ ਸਬਸਿਡਰੀ ਨੇ ਪਿਛਲੇ ਸਾਲ ਵੀ ਆਪਣੀਆਂ ਉਡਾਨਾਂ ਮੁਲਤਵੀ ਕੀਤੀਆਂ ਸਨ। ਪਰ ਸਰਦ ਰੁੱਤ ਦੇ ਟਰੈਵਲ ਸੀਜ਼ਨ ਦੇ ਮੱਦੇਨਜ਼ਰ ਨਵੰਬਰ ਵਿੱਚ ਮੁੜ ਉਡਾਨਾਂ ਸ਼ੁਰੂ ਵੀ ਕਰ ਦਿੱਤੀਆਂ ਗਈਆਂ ਸਨ।

## 80 ਕਰਮਚਾਰੀਆਂ ਦੀ ਹੋਵੇਗੀ ਛਾਂਗੀ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A to Z Pest Control Services
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਕੈਨੇਡਾ ਨੇ ਪ੍ਰਾਊਡ ਬੌਇਜ਼ ਗਰੁਪ ਨੂੰ ਇੰਤਿਹਾਪਸੰਦ ਜੱਥੇਬੰਦੀਆਂ ਦੀ ਸੂਚੀ ਵਿਚ ਕੀਤਾ ਸ਼ਾਮਲ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਵੱਲੋਂ ਰਸਮੀ ਤੌਰ ਉੱਤੇ ਨਵੇਂ ਗਰੁੱਪਾਂ ਨੂੰ ਕੈਨੇਡਾ ਦੀ ਇੰਤਿਹਾਪਸੰਦ ਜਥੇਬੰਦੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਤੇ ਪ੍ਰਾਊਡ ਬੌਇਜ਼ ਨੂੰ ਵੀ ਇਸ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਬੁੱਧਵਾਰ ਨੂੰ ਬਿੱਲ ਬਲੇਅਰ ਨੇ ਆਖਿਆ ਕਿ ਅਸੀਂ ਇਸ ਸੂਚੀ ਵਿੱਚ 13 ਨਵੇਂ ਗਰੁੱਪਜ਼ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਵਿੱਚ ਵਿਚਾਰਧਾਰਕ ਤੌਰ ਉੱਤੇ ਹਿੰਸਾ ਨੂੰ ਸ਼ੈਅ ਦੇਣ ਵਾਲੇ ਇੰਤਿਹਾਪਸੰਦ ਗਰੁੱਪ ਵੀ ਹਨ। ਅਜਿਹੇ 4 ਗਰੁੱਪਜ਼ ਵਿੱਚ ਐਟਮਵੈਫਨ ਡਵੀਜ਼ਨ, ਦ ਬੇਸ, ਦ ਪ੍ਰਾਊਡ ਬੌਇਜ਼ ਤੇ ਰਸ਼ੀਅਨ ਇੰਪੀਰੀਅਲ ਮੂਵਮੈਂਟ ਸ਼ਾਮਲ ਹਨ। ਇਸ ਸੂਚੀ



ਵਿੱਚ ਅਲ ਕਾਇਦਾ ਨਾਲ ਸਬੰਧਤ ਤਿੰਨ ਗਰੁੱਪਜ਼ ਵੀ ਸ਼ਾਮਲ ਹਨ, ਇਨ੍ਹਾਂ ਵਿੱਚੋਂ ਚਾਰ ਇਰਾਕ ਦੀ ਇਸਲਾਮਿਕ ਸਟੇਟ ਤੇ ਲੈਵੈਂਟ ਨਾਲ ਜੁੜੇ ਹੋਏ ਹਨ ਤੇ ਇੱਕ ਕਸ਼ਮੀਰੀ ਜਥੇਬੰਦੀ ਹੈ।

ਇਸ ਤਰ੍ਹਾਂ ਦੀ ਦਰਜੇਬੰਦੀ ਨਾਲ ਲਾਅ ਐਨਫੋਰਸਮੈਂਟ ਏਜੰਸੀਆਂ ਨੂੰ ਅਜਿਹੇ ਗਰੁੱਪਜ਼ ਖਿਲਾਫ ਜਾਂਚ ਕਰਨ ਤੇ ਕਾਰਵਾਈ ਕਰਨ ਦੇ ਨਾਲ ਨਾਲ ਵਿੱਤੀ ਤੌਰ ਉੱਤੇ ਅਜਿਹੇ ਗਰੁੱਪਾਂ ਦੀ ਮਦਦ ਕਰਨ ਵਾਲੇ ਲੋਕਾਂ ਨੂੰ ਰੋਕਣ ਤੇ ਵਿੱਤੀ ਸੰਸਥਾਵਾਂ ਦੀ ਸੰਪਤੀ ਨੂੰ ਫਰੀਜ਼ ਕਰਨ ਦੀ ਖੁੱਲ੍ਹ ਮਿਲ ਜਾਵੇਗੀ। ਮੰਤਰੀ ਬਲੇਅਰ ਨੇ ਆਖਿਆ ਕਿ ਇਹ ਦਰਜੇਬੰਦੀਆਂ ਸਿਆਸੀ ਤੌਰ ਉੱਤੇ ਪ੍ਰੇਰਿਤ ਨਹੀਂ ਹਨ ਸਗੋਂ ਕੈਨੇਡਾ ਦੀਆਂ ਕੌਮੀ ਸਕਿਊਰਿਟੀ ਏਜੰਸੀਆਂ ਦੀ ਸ਼ਮੂਲੀਅਤ ਵਾਲੀ ਕਾਨੂੰਨੀ ਕਾਰਵਾਈ ਉੱਤੇ ਆਧਾਰਿਤ ਹਨ।

# ਘਰ ਵਿੱਚ ਲੱਗੀ ਅੱਗ, 1 ਵਿਅਕਤੀ ਦੀ ਹਾਲਤ ਨਾਜ਼ੁਕ

ਬਰੈਂਪਟਨ, 4 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਧੂੰਆਂ ਚੜ੍ਹਨ ਤੋਂ ਬਾਅਦ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਦੋਵਾਂ ਵਿੱਚੋਂ ਇੱਕ ਦੀ ਤਬੀਅਤ ਕਾਫੀ ਨਾਜ਼ੁਕ ਹੈ। ਇਹ ਅੱਗ ਬੁੱਧਵਾਰ ਸਵੇਰੇ 2:30 ਵਜੇ ਮੇਨ ਸਟਰੀਟ ਤੇ ਕੁਈਨ ਸਟਰੀਟ ਨੇੜੇ ਸਥਿਤ ਇੱਕ ਘਰ ਵਿੱਚ ਲੱਗੀ। ਫਾਇਰ ਅਮਲੇ ਨੇ ਇਸ ਘਰ ਵਿੱਚੋਂ ਤਿੰਨ ਵਿਅਕਤੀਆਂ ਨੂੰ ਬਚਾਇਆ। ਦੋ ਵਿਅਕਤੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਤੇ ਤੀਜੇ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ। ਘਰ ਵਿੱਚ ਮੌਜੂਦ ਚਾਰ ਹੋਰ ਵਿਅਕਤੀ ਆਪਣੇ ਆਪ ਘਰ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਅੱਗ ਕਿਉਂ ਲੱਗੀ।

# ਟੋਰਾਂਟੋ, ਯੌਰਕ ਤੇ ਪੀਲ ਵਿੱਚ 16 ਫਰਵਰੀ ਤੱਕ ਬੰਦ ਰਹਿਣਗੇ ਸਕੂਲ

## ਬਾਕੀ ਰੀਜਨਜ਼ ਵਿੱਚ ਸੋਮਵਾਰ ਤੋਂ ਖੁੱਲ੍ਹਣਗੇ



ਟੋਰਾਂਟੋ, 4 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਟੋਰਾਂਟੋ, ਯੌਰਕ ਰੀਜਨ ਤੇ ਪੀਲ ਰੀਜਨ ਵਿੱਚ ਸਕੂਲ 16 ਫਰਵਰੀ ਤੱਕ ਬੰਦ ਰਹਿਣਗੇ ਜਦਕਿ ਦੱਖਣੀ ਓਨਟਾਰੀਓ ਵਿੱਚ ਹੋਰਨਾਂ ਸਾਰੀਆਂ ਥਾਂਵਾਂ ਉੱਤੇ ਸਕੂਲ ਇਨ-ਪਰਸਨ ਲਰਨਿੰਗ ਲਈ ਸੋਮਵਾਰ ਤੋਂ ਖੋਲ੍ਹੇ ਜਾਣਗੇ।

ਬੁੱਧਵਾਰ ਦੁਪਹਿਰੇ ਗੱਲ ਕਰਦਿਆਂ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਦੱਖਣੀ ਓਨਟਾਰੀਓ ਦੇ ਬਾਕੀ ਹਿੱਸਿਆਂ ਵਿੱਚ ਇਨ ਪਰਸਨ ਲਰਨਿੰਗ 8 ਫਰਵਰੀ ਤੋਂ ਸ਼ੁਰੂ ਹੋ ਜਾਵੇਗੀ। ਪ੍ਰੋਵਿੰਸ ਦੇ ਸੱਭ ਤੋਂ ਵੱਡੇ ਹੌਟਸਪੌਟ ਮੰਨੇ ਜਾਂਦੇ ਇਲਾਕਿਆਂ ਵਿੱਚ ਸਕੂਲ ਇੱਕ ਹੋਰ ਹਫਤਾ ਠਹਿਰ ਕੇ ਖੁੱਲ੍ਹਣਗੇ। ਇਨ੍ਹਾਂ ਥਾਂਵਾਂ ਉੱਤੇ ਸਕੂਲ ਫੈਮਿਲੀ ਡੇਅ ਲਾਂਗ ਵੀਕੈਂਡ ਤੋਂ ਬਾਅਦ ਖੋਲ੍ਹੇ ਜਾਣਗੇ।

ਇਸ ਤੋਂ ਇਲਾਵਾ ਇਨ੍ਹਾਂ ਇਲਾਕਿਆਂ ਵਿੱਚ ਬੀਫੋਰ ਐਂਡ ਆਫਟਰ ਸਕੂਲ ਚਾਈਲਡ ਕੇਅਰ ਪ੍ਰੋਗਰਾਮ ਵੀ ਉਸੇ ਦਿਨ ਤੋਂ ਸ਼ੁਰੂ ਕੀਤਾ ਜਾਵੇਗਾ। ਲਿਚੇ ਵੱਲੋਂ ਇਹ ਐਲਾਨ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਮੌਕੇ ਲਿਚੇ ਨੇ ਆਖਿਆ ਕਿ ਓਨਟਾਰੀਓ ਦੇ ਮਾਪਿਆਂ, ਵਿਦਿਆਰਥੀਆਂ ਤੇ ਸਾਡੇ ਸਟਾਫ ਲਈ ਇਹ ਸੱਭ ਸੌਖਾ ਨਹੀਂ ਹੋਵੇਗਾ। ਪਰ ਅਸੀਂ ਇਹ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਸਾਡੀ ਮੁੱਖ ਤਰਜੀਹ ਸੇਫਟੀ ਹੈ।

# ਕੈਨੇਡਾ ਲਈ ਵੈਕਸੀਨ ਡਲਿਵਰੀ ਨੂੰ ਯੂਰਪ ਨੇ ਦਿੱਤੀ ਮਨਜ਼ੂਰੀ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਯੂਰਪੀਅਨ ਕਮਿਸ਼ਨ ਦਾ ਕਹਿਣਾ ਹੈ ਕਿ ਉਸ ਵੱਲੋਂ ਕੈਨੇਡਾ ਲਈ ਕੋਵਿਡ-19 ਵੈਕਸੀਨ ਦੀ ਡਲਿਵਰੀ ਨੂੰ ਅਧਿਕਾਰਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਨਿਰਧਾਰਤ ਡੋਜ਼ਾਂ ਕੈਨੇਡਾ ਨੂੰ ਐਕਸਪੋਰਟ ਕਰਨ ਉੱਤੇ ਕਿਸੇ ਕਿਸਮ ਦੀ ਰੋਕ ਨਹੀਂ ਹੋਵੇਗੀ।

ਯੂਰਪੀਅਨ ਕਮਿਸ਼ਨ ਦੇ ਬੁਲਾਰੇ ਨੇ ਆਖਿਆ ਕਿ ਕਈ ਹੋਰਨਾਂ ਦੇਸ਼ਾਂ ਨਾਲ ਕੈਨੇਡਾ ਨੇ ਵੀ ਡਲਿਵਰੀ ਲਈ ਅਪਲਾਈ ਕੀਤਾ ਸੀ ਤੇ ਇਸ ਲਈ ਉਸ ਨੂੰ ਵੈਕਸੀਨ ਦੀ ਨਿਰਧਾਰਤ ਖੇਪ ਡਲਿਵਰ ਕੀਤੀ ਜਾਵੇਗੀ। ਬੁਲਾਰੇ ਨੇ ਆਖਿਆ ਕਿ ਕੈਨੇਡਾ ਇਸ ਗੱਲ ਤੋਂ ਜਾਣੂ ਹੈ ਕਿ ਯੂਰਪੀਅਨ ਯੂਨੀਅਨ ਦਾ ਇਹ ਫਰਜ਼ ਬਣਦਾ ਹੈ ਕਿ ਜਲਦ ਤੋਂ



ਜਲਦ ਸਾਰੇ ਨਾਗਰਿਕਾਂ ਨੂੰ ਵੈਕਸੀਨੇਟ ਕੀਤਾ ਜਾਵੇ। ਇਸ ਦੇ ਨਾਲ ਹੀ ਅਸੀਂ ਹੋਰਨਾਂ ਮੁਲਕਾਂ ਨੂੰ ਵੀ ਇਸ ਵੈਕਸੀਨ ਤੋਂ ਸੱਖਣਾ ਨਹੀਂ ਰੱਖ ਸਕਦੇ, ਖਾਸ ਤੌਰ ਉੱਤੇ ਉਦੋਂ ਜਦੋਂ ਅਜਿਹੇ ਦੇਸ਼ਾਂ ਕੋਲ ਵੈਕਸੀਨ ਤਿਆਰ ਕਰਨ ਦਾ ਕੋਈ ਪ੍ਰਬੰਧ ਹੀ ਨਹੀਂ ਹੈ।

ਮੌਡਰਨਾ, ਫਾਈਜ਼ਰ-ਬਾਇਓਐਨਟੈਕ ਤੇ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਵੰਡ ਦੇ ਸਬੰਧ ਵਿੱਚ ਯੂਰਪੀਅਨ ਯੂਨੀਅਨ ਨੇ ਮੈਂਬਰ ਮੁਲਕਾਂ ਵਿੱਚ ਤਿਆਰ ਕੀਤੀ ਜਾਣ ਵਾਲੀ ਵੈਕਸੀਨ ਉੱਤੇ ਐਕਸਪੋਰਟ ਕੰਟਰੋਲ ਪਾਲਿਸੀ ਲਾਗੂ ਕੀਤੀ ਹੈ। ਇਸ ਤਹਿਤ ਫਾਰਮਾਸਿਊਟੀਕਲ ਕੰਪਨੀਆਂ ਨੂੰ ਵੈਕਸੀਨ ਹੋਰਨਾਂ ਦੇਸ਼ਾਂ ਨੂੰ ਭੇਜਣ ਤੋਂ ਪਹਿਲਾਂ ਇਜਾਜ਼ਤ ਲੈਣੀ ਹੋਵੇਗੀ। ਇਸ ਸੂਚੀ ਵਿੱਚੋਂ 120 ਦੇਸ਼ਾਂ ਨੂੰ ਛੋਟ ਦਿੱਤੀ ਗਈ ਹੈ। ਪਰ ਕੈਨੇਡਾ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੈ।

ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀ ਨਵੀਂ ਖੇਪ ਯੂਰਪ ਤੋਂ ਰਵਾਨਾ ਹੋ ਚੁੱਕੀ ਹੈ ਤੇ ਜਲਦ ਹੀ ਕੈਨੇਡਾ ਪਹੁੰਚ ਜਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਪਹਿਲਾਂ ਨਿਰਧਾਰਤ ਖੇਪ ਦਾ ਇਹ ਪੰਜਵਾਂ ਹਿੱਸਾ ਹੈ।

# ਕਸ਼ਮੀਰ ਦੀ ਆਇਸ਼ਾ ਅਜ਼ੀਜ਼ ਭਾਰਤ ਵਿੱਚ ਸਭ ਤੋਂ ਘੱਟ ਉਮਰ ਦੀ ਮਹਿਲਾ ਪਾਇਲਟ ਬਣੀ

ਸ੍ਰੀਨਗਰ, 4 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਛੋਟੀ ਉਮਰ ਦੀ 25 ਸਾਲਾ ਮਹਿਲਾ ਪਾਇਲਟ ਆਇਸ਼ਾ ਅਜ਼ੀਜ਼ ਕਸ਼ਮੀਰੀ ਔਰਤਾਂ ਲਈ ਪ੍ਰੇਰਨਾ ਬਣ ਗਈ ਹੈ।

ਵਰਨਣ ਯੋਗ ਹੈ ਕਿ ਸਾਲ 2011 ਵਿੱਚ ਹੀ ਅਜ਼ੀਜ਼ ਨੂੰ ਸਭ ਤੋਂ ਛੋਟੀ ਉਮਰ ਦੀ ਵਿਦਿਆਰਥੀ ਪਾਇਲਟ ਦਾ ਲਾਇਸੈਂਸ ਮਿਲ ਗਿਆ ਸੀ, ਜਦੋਂ ਉਹ 15 ਸਾਲਾਂ ਦੀ ਸੀ। ਫਿਰ ਉਸ ਨੇ ਰੂਸ ਦੇ ਸੋਕੋਲ ਏਅਰ ਬੇਸ ’ਤੇ ਮਿਗ-29 ਦੀ ਉਡਾਣ ਦੀ ਸਿਖਲਾਈ ਲਈ ਅਤੇ ਉਸ ਤੋਂ ਬਾਅਦ ਬੰਬੇ ਫਲਾਇੰਗ ਕਲੱਬ (ਬੀ ਐਫ ਸੀ) ਤੋਂ ਗ੍ਰੈਜੂਏਸ਼ਨ ਕੀਤੀ ਤੇ ਸਾਲ 2017 ਵਿੱਚ ਵਪਾਰਕ ਉਡਾਣ ਲਈ ਲਾਇਸੈਂਸ ਲੈ ਲਿਆ। ਮੀਡੀਆ ਨਾਲ ਗੱਲ ਦੌਰਾਨ ਅਜ਼ੀਜ਼ ਨੇ ਕਿਹਾ ਕਿ ਕਸ਼ਮੀਰੀ ਔਰਤਾਂ ਨੇ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਤਰੱਕੀ ਕੀਤੀ ਹੈ ਤੇ ਸਿੱਖਿਆ ਖੇਤਰ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੇਰਾ ਮੰਨਣਾ ਹੈ ਕਿ ਕਸ਼ਮੀਰੀ ਔਰਤਾਂ



ਖ਼ਾਸਕਰ ਸਿੱਖਿਆ ਦੇ ਖੇਤਰ ਵਿੱਚ ਵਧੀਆ ਕੰਮ ਕਰ ਰਹੀਆਂ ਸਨ। ਹਰ ਦੂਸਰੀ ਕਸ਼ਮੀਰੀ ਔਰਤ ਮਾਸਟਰ ਜਾਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰ ਰਹੀ ਹੈ ਘਾਟੀ ਦੇ ਲੋਕ ਵਧੀਆ ਕੰਮ ਕਰ ਰਹੇ ਹਨ।ਅਜ਼ੀਜ਼ ਨੇ ਅੱਗੇ ਕਿਹਾ ਕਿ ਮੈਂ ਇਸ ਖੇਤਰ ਨੂੰ ਚੁਣਿਆ, ਕਿਉਂਕਿ ਮੈਨੂੰ ਬਹੁਤ ਛੋਟੀ ਉਮਰ ਤੋਂ ਹੀ ਸਫ਼ਰ ਕਰਨਾ ਪਸੰਦ ਸੀ ਅਤੇ ਫਲਾਈਟ ਮੈਨੂੰ ਰੋਮਾਂਚਿਤ ਕਰਦੀ ਹੈ।

# ਕਿਸਾਨਾਂ ਨੂੰ ਮਿਲਣ ਜਾ ਰਹੇ ਵਿਰੋਧੀ ਧਿਰਾਂ ਦੇ ਆਗੂ ਗਾਜ਼ੀਪੁਰ ਰੋਡ ਤੋਂ ਪਹਿਲਾਂ ਰੋਕੇ ਗਏ

## * ਪ੍ਰਦਰਸ਼ਨਕਾਰੀਆਂ ਨਾਲ ਮੁਲਾਕਾਤ ਨਹੀਂ ਹੋਣ ਦਿੱਤੀ ਗਈ

ਨਵੀਂ ਦਿੱਲੀ, 4 ਫਰਵਰੀ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਲਈ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਹਜ਼ਾਰਾਂ ਕਿਸਾਨਾਂ ਦਾ ਦਿੱਲੀ-ਐੱਨਸੀਆਰ ਬਾਰਡਰ ਉੱਤੇ ਧਰਨਾ-ਪ੍ਰਦਰਸ਼ਨ ਜਾਰੀ ਹੈ। ਇਸ ਮੌਕੇ ਕਾਨੂੰਨ ਰੱਦ ਕਰਨ ਦੀ ਮੰਗ ਦੇ ਨਾਲ ਘੱਟੋ-ਘੱਟ ਖਰੀਦ ਕੀਮਤ(ਐੱਮਐੱਸਪੀ)ਬਾਰੇ ਕਾਨੂੰਨ ਬਣਾਉਣ ਦੀ ਮੰਗ ਲਈ ਸਿੰਘੂ ਬਾਰਡਰ ਉੱਤੇ ਚੱਲਦੇ ਅੰਦੋਲਨ ਦੇ ਥਾਂ ਵੱਲ ਦਿੱਲੀ ਦੇ ਵੀਵੀਆਈਪੀ ਇਲਾਕ `ਵਿੱਚ ਰਾਇਸੀਨਾ ਰੋਡ ਉੱਤੇ ਦੋਵੇਂ ਪਾਸੇ ਟਰੈਫਿਕ ਬੰਦ ਕਰ ਦਿੱਤਾ ਗਿਆ ਹੈ।

ਅੱਜ ਦਿੱਲੀ ਭਾਰਤ ਦੀਆਂ ਵਿਰੋਧੀਆਂ ਪਾਰਟੀਆਂ ਦੇ ਕਈ ਆਗੂ ਗਾਜ਼ੀਪੁਰ ਬਾਰਡਰ ਉੱਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਮਿਲਣ ਲਈ ਬੱਸਾਂ ਰਾਹੀਂ ਗਏ ਸਨ। ਇਸ ਵਫ਼ਦ ਵਿੱਚ ਐੱਨਸੀਪੀ ਪਾਰਲੀਮੈਂਟ ਮੈਂਬਰ ਸੁਪ੍ਰੀਆ ਸੁਲੇ, ਡੀਐੱਮਕੇ ਪਾਰਟੀ ਦੀ ਪਾਰਲੀਮੈਂਟ ਮੈਂਬਰ ਕਨੀਮੋਈ, ਅਕਾਲੀ ਦਲ ਦੀ ਪਾਰਲੀਮੈਂਟ ਮੈਂਬਰ



ਹਰਸਿਮਰਤ ਕੌਰ ਬਾਦਲ ਤੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਸੌਗਤ ਰਾਇ ਵੀ ਸ਼ਾਮਲ ਸਨ। ਇਨ੍ਹਾਂ ਲੋਕਾਂ ਨੂੰ ਕਿਸਾਨਾਂ ਤੱਕ ਜਾਣ ਹੀ ਨਹੀਂ ਦਿੱਤਾ ਗਿਆ ਅਤੇ ਅੱਗੋਂ ਰਸਤੇ ਬੰਦ ਕਰ ਕੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਦਿੱਲੀ ਪੁਲਸ ਦੀ ਇਸ ਕਾਰਵਾਈ ਦੀ ਕਈ ਸਿਆਸੀ ਆਗੂਆਂ ਨੇ ਨਿੰਦਾ ਕੀਤੀ ਹੈ।



# ਐਮੇਜ਼ੌਨ ਦੇ ਸੀਈਓ ਦਾ ਅਹੁਦਾ ਛੱਡਣਗੇ ਜੈੱਫ ਬੈਜ਼ੋਜ਼

ਵਾਸ਼ਿੰਗਟਨ, 4 ਫਰਵਰੀ (ਪੋਸਟ ਬਿਊਰੋ) : ਐਮੇਜ਼ੌਨ ਨੇ ਮੰਗਲਵਾਰ ਨੂੰ ਇਹ ਖੁਲਾਸਾ ਕੀਤਾ ਕਿ 30 ਸਾਲ ਪਹਿਲਾਂ ਕੰਪਨੀ ਦੀ ਸ਼ੁਰੂਆਤ ਕਰਨ ਵਾਲੇ ਜੈੱਫ ਬੈਜ਼ੋਜ਼ ਇਨ੍ਹਾਂ ਗਰਮੀਆਂ ਦੇ ਅੰਤ ਵਿੱਚ ਕੰਪਨੀ ਦੇ ਸੀਈਓ ਵਜੋਂ ਆਪਣਾ ਅਹੁਦਾ ਛੱਡਣ ਜਾ ਰਹੇ ਹਨ।
ਐਮੇਜ਼ੌਨ ਵੈੱਬ ਸਰਵਿਸਿਜ਼ ਦੀ ਸੀਈਓ ਐਂਡੀ ਜੈਸੀ ਬੈਜ਼ੋਜ਼ ਦੀ ਥਾਂ ਲਵੇਗੀ। ਆਪਣੇ ਮੁਲਾਜ਼ਮਾਂ ਨੂੰ ਪੋਸਟ ਕੀਤੇ ਬਲੌਗ ਵਿੱਚ ਬੈਜ਼ੋਜ਼ ਨੇ ਆਖਿਆ ਕਿ ਉਹ ਆਪਣੇ ਨਵੇਂ ਉਤਪਾਦਾਂ ਉੱਤੇ ਧਿਆਨ ਕੇਂਦਰਿਤ ਕਰਨ ਤੇ ਐਮੇਜ਼ੌਨ ਵਿੱਚ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਵੱਲ ਧਿਆਨ ਦੇਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਇਸ ਨਾਲ ਉਨ੍ਹਾਂ ਕੋਲ ਸਾਈਡ ਪ੍ਰੋਜੈਕਟਸ ਜਿਵੇਂ ਕਿ ਉਨ੍ਹਾਂ ਦੀ ਸਪੇਸ ਐਕਸਪਲੋਰੇਸ਼ਨ ਕੰਪਨੀ ਬਲੂ ਆਰੀਜਿਨ, ਉਨ੍ਹਾਂ ਦਾ ਆਪਣਾ ਅਖ਼ਬਾਰ - ਦ ਵਾਸ਼ਿੰਗਟਨ ਪੋਸਟ ਤੇ ਉਨ੍ਹਾਂ ਦੀਆਂ



ਚੈਰਿਟੀਜ਼, ਲਈ ਵੀ ਹੋਰ ਸਮਾਂ ਹੋਵ-ੇਗਾ।
ਬੈਜ਼ੋਜ਼ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਐਮੇਜ਼ੌਨ ਅੱਜ ਜਿੱਥੇ ਹੈ ਆਪਣੀ ਖੋਜ ਕਾਰਨ ਹੈ। ਅਸੀਂ ਇੱਕਠਿਆਂ ਨੇ ਕਈ ਕੰਮ ਕੀਤੇ ਤੇ ਫਿਰ ਉਨ੍ਹਾਂ ਨੂੰ ਨੌਰਮਲ ਵੀ ਕੀਤਾ। ਅਸੀਂ ਕਸਟਮਰਜ਼ ਦੇ ਮੁਲਾਂਕਣ, 1-ਕਲਿੱਕ, ਨਿਜੀ ਸਿਫਾਰਿਸ਼ਾਂ, ਤੇਜ਼ ਸ਼ਿਪਿੰਗ, ਵਾਕ ਆਊਟ ਸ਼ਾਪਿੰਗ, ਕਲਾਈਮੇਟ ਪਲੈੱਜ, ਕਿੰਡਲ, ਅਲੈਕਸਾ, ਮਾਰਕਿਟਪਲੇਸ, ਇਨਫਰਾਸਟ੍ਰਕਚਰ ਕਲਾਊਡ ਕੰਪਿਊਟਿੰਗ, ਕਰੀਅਰ ਚੋਣ ਤੇ ਹੋਰ ਕਾਫੀ ਕੁੱਝ ਵਿੱਚ ਸੱਭ ਤੋਂ ਪਹਿਲਾਂ ਸ਼ੁਰੂਆਤ ਕੀਤੀ।
ਬਚਪਨ ਵਿੱਚ ਬੈਜ਼ੋਜ਼ ਕੰਪਿਊਟਰਜ਼ ਤੇ ਚੀਜ਼ਾਂ ਦੇ ਨਿਰਮਾਣ ਵੱਲ ਖਿੱਚਿਆ ਜਾਂਦਾ ਸੀ। ਉਸ ਨੇ ਇਲੈਕਟ੍ਰਿਕਲ ਇੰਜੀਨੀਅਰਿੰਗ ਦੀ ਡਿਗਰੀ ਤੇ ਕੰਪਿਊਟਰ ਸਾਇੰਸ ਪ੍ਰਿੰਸਟਨ ਯੂਨੀਵਰਸਿਟੀ ਤੋਂ ਕੀਤੀ ਤੇ ਫਿਰ ਉਨ੍ਹਾਂ ਵਾਲ ਸਟਰੀਟ ਦੀਆਂ ਕਈ ਕੰਪਨੀਆਂ ਵਿੱਚ ਕੰਮ ਕੀਤਾ। ਇਸ ਸਮੇਂ ਐਮੇਜ਼ੌਨ ਦੁਨੀਆਂ ਦੀ ਸੱਭ ਤੋਂ ਵੱਡੀ ਆਨਲਾਈਨ ਸੇਲਜ਼ ਕੰਪਨੀ ਹੈ। ਆਮਦਨ ਦੇ ਮਾਮਲੇ ਵਿੱਚ ਵੀ ਇਹ ਸੱਭ ਤੋਂ ਵੱਡੀ ਇੰਟਰਨੈੱਟ ਕੰਪਨੀ ਹੈ। ਬੈਜ਼ੋਜ਼ ਨੇ ਐਮੇਜ਼ੌਨ ਦੀ ਸ਼ੁਰੂਆਤ ਆਨਲਾਈਲ ਬੁੱਕਸਟੋਰ ਵਜੋਂ ਕੀਤੀ ਸੀ ਤੇ ਫਿਰ ਇਸ ਨੂੰ ਅਜਿਹੀ ਕੰਪਨੀ ਬਨਾ ਦਿੱਤਾ ਜਿਹੜੀ ਸੱਭ ਕੁੱਝ ਵੇਚਦੀ ਹੈ। ਇਸ ਦੌਰਾਨ ਹੀ ਬੈਜ਼ੋਜ਼ ਦੁਨੀਆਂ ਦਾ ਸੱਭ ਤੋਂ ਅਮੀਰ ਆਦਮੀ ਬਣ ਗਿਆ।

# ਕੋਵੈਕਸ ਰਾਹੀਂ ਮਾਰਚ ਤੱਕ ਕੈਨੇਡਾ ਨੂੰ ਹਾਸਲ ਹੋ ਜਾਣਗੀਆਂ 1.1 ਮਿਲੀਅਨ ਡੋਜ਼ਾਂ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਕੈਨੇਡਾ ਨੂੰ ਮਾਰਚ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀਆਂ ਇੱਕ ਮਿਲੀਅਨ ਵਾਧੂ ਡੋਜ਼ਾਂ ਹੋਰ ਹਾਸਲ ਹੋ ਜਾਣਗੀਆਂ। ਅਜਿਹਾ ਗਲੋਬਲ ਵੈਕਸੀਨ ਸ਼ੇਅਰਿੰਗ ਪਹਿਲਕਦਮੀ ਕੋਵੈਕਸ ਰਾਹੀਂ ਸੰਭਵ ਹੋਵੇਗਾ।
ਕੋਵੈਕਸ ਫੈਸਿਲਿਟੀ, ਵਰਲਡ ਹੈਲਥ ਆਰਗੇਨਾਈਜ਼ੇਸ਼ਨ ਤੇ ਗੈਵੀ (ਦ ਵੈਕਸੀਨ ਅਲਾਇੰਸ) ਦੇ ਸਹਿਯੋਗ ਨਾਲ ਚਲਾਈ ਜਾਂਦੀ ਹੈ। ਇਸ ਪ੍ਰਬੰਧ ਤਹਿਤ ਅਮੀਰ ਦੇਸ਼ ਆਪਣੇ ਲਈ ਤੇ 92 ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ, ਜਿਹੜੇ ਵੈਕਸੀਨ ਨਹੀਂ ਖਰੀਦ ਸਕਦੇ, ਲਈ ਫੰਡ ਇੱਕਠਾ ਕਰਕੇ ਵੈਕਸੀਨ ਖਰੀਦਦੇ ਹਨ। ਸਤੰਬਰ ਵਿੱਚ ਕੈਨੇਡਾ ਨੇ ਕੋਵੈਕਸ ਲਈ 440 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਸੀ। ਇਸ ਨਾਲ ਕੈਨੇਡਾ ਨੂੰ ਸਿੱਧੇ ਤੌਰ ਉੱਤੇ ਅੱਧੀਆਂ ਡੋਜ਼ਾਂ ਹਾਸਲ ਹੋਣ ਲਈ ਰਾਹ ਪੱਧਰਾ ਹੋ ਗਿਆ। ਇਹ ਡੋਜ਼ਾਂ ਉਨ੍ਹਾਂ ਨੌਂ ਕੰਪਨੀਆਂ ਵੱਲੋਂ ਹਾਸਲ ਹੋਣਗੀਆਂ ਜਿਹੜੀਆਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹਨ।
ਬਾਕੀ ਰਕਮ ਉਸ ਪੂਲ ਫੰਡ ਵਿੱਚ ਇੱਕਠੀ ਹੋਵੇਗੀ ਜਿਸ ਰਾਹੀਂ 92 ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਦੇ 20 ਫੀ ਸਦੀ ਲੋਕਾਂ ਲਈ ਡੋਜ਼ਾਂ ਖਰੀਦੀਆਂ ਜਾ ਸਕਣਗੀਆਂ।



ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਦੱਸਿਆ ਕਿ ਐਸਟ੍ਰਾਜੈਨੇਕਾ ਵੈਕਸੀਨ ਦੀਆਂ 1.1 ਮਿਲੀਅਨ ਡੋਜ਼ਾਂ ਮਾਰਚ ਦੇ ਅੰਤ ਤੱਕ ਕੋਵੈਕਸ ਰਾਹੀਂ ਕੈਨੇਡਾ ਪਹੁੰਚ ਜਾਣਗੀਆਂ ਤੇ 3.2 ਮਿਲੀਅਨ ਜੂਨ ਦੇ ਅੰਤ ਤੱਕ ਇੱਥੇ ਪਹੁੰਚ ਜਾਣਗੀਆਂ। ਆਨੰਦ ਨੇ ਦੱਸਿਆ ਕਿ ਇਸ ਨਾਲ ਮਾਰਚ ਦੇ ਅੰਤ ਤੱਕ ਫਾਈਜ਼ਰ ਤੇ ਮੌਡਰਨਾ ਤੋਂ ਹਾਸਲ ਹੋਣ ਵਾਲੀਆਂ ਛੇ ਮਿਲੀਅਨ ਡੋਜ਼ਾਂ ਨੂੰ ਹੁਲਾਰਾ ਮਿਲੇਗਾ।
ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੇ ਮਾਰਚ ਦੇ ਅੰਤ ਤੱਕ ਤਿੰਨ ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕਰਨ ਦੀ ਯੋਜਨਾ ਬਣਾਈ ਹੈ ਤੇ ਅਪਰੈਲ ਤੇ ਜੂਨ ਦਰਮਿਆਨ 10 ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਟੀਚਾ ਮਿਥਿਆ ਹੈ।

# ਰੀਜੈਂਟ ਪਾਰਕ ਵਿੱਚ ਚੱਲੀ ਗੋਲੀ, 3 ਜ਼ਖ਼ਮੀ

ਟੋਰਾਂਟੋ, 4 ਫਰਵਰੀ (ਪੋਸਟ ਬਿਊਰੋ) : ਰੀਜੈਂਟ ਪਾਰਕ ਵਿੱਚ ਚੱਲੀ ਗੋਲੀ ਕਾਰਨ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।
ਗੋਲੀ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਮੰਗਲਵਾਰ ਰਾਤ ਨੂੰ 11:30 ਵਜੇ ਪੁਲਿਸ ਅਧਿਕਾਰੀ ਡੰਡਾਸ ਸਟਰੀਟ ਤੇ ਰੀਜੈਂਟ ਪਾਰਕ ਬੋਲੀਵੀਆਰਡ ਉੱਤੇ ਪਹੁੰਚੇ। ਤਿੰਨੇ ਜ਼ਖ਼ਮੀ ਵਿਅਕਤੀ ਇੱਕ ਗੱਡੀ ਵਿੱਚ ਹੀ ਸਵਾਰ ਸਨ ਜਦੋਂ ਇੱਕ ਬੰਦੂਕਧਾਰੀ ਉਨ੍ਹਾਂ ਕੋਲ ਆਇਆ ਤੇ ਉਸ ਨੇ ਗੋਲੀਆ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।
ਤਿੰਨੇ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮੌਕੇ



ਉੱਤੇ ਮਿਲੇ ਤੇ ਉਨ੍ਹਾਂ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਹੁਣ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਦੋ ਸ਼ੂਟਰਜ਼ ਨੂੰ ਮੌਕੇ ਤੋਂ ਟੌਇਟਾ ਆਰਏਵੀ 4 ਵਿੱਚ ਘਟਨਾ ਵਾਲੀ ਥਾਂ ਤੋਂ ਦੂਰ ਜਾਂਦਿਆਂ ਵੇਖਿਆ ਗਿਆ।

# ਟੋਰਾਂਟੋ ਵਿੱਚ ਬੈੱਲ ਮੀਡੀਆ ਕਰੇਗਾ 210 ਮੁਲਾਜ਼ਮਾਂ ਦੀ ਛਾਂਗੀ

ਕੈਲਗਰੀ, 4 ਫਰਵਰੀ (ਪੋਸਟ ਬਿਊਰੋ) : ਬੈੱਲ ਮੀਡੀਆ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੰਪਨੀ ਵੱਲੋਂ ਟੋਰਾਂਟੋ ਇਲਾਕੇ ਦੇ ਆਪਣੇ 210 ਕਰਮਚਾਰੀਆਂ ਦੀ ਛਾਂਗੀ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਇਨ੍ਹਾਂ ਮੁਲਾਜ਼ਮਾਂ ਨੂੰ ਅੱਜ ਨੋਟੀਫਿਕੇਸਨ ਦਿੱਤੀ ਜਾਵੇਗੀ।
ਯੂਨੀਫੌਰ ਲਈ ਮੀਡੀਆ ਸੈਕਸ਼ਨ ਡਾਇਰੈਕਟਰ ਹੌਵਰਡ ਲਾਅ ਦਾ ਕਹਿਣਾ ਹੈ ਕਿ 100 ਕਰਮਚਾਰੀ ਯੂਨੀਅਨ ਦੇ ਮੈਂਬਰ ਹਨ ਤੇ ਟੋਰਾਂਟੋ ਟੈਲੀਵਿਜ਼ਨ ਨਿਊਜ਼ਰੂਮਜ਼ ਨਾਲ ਸਬੰਧਤ ਹਨ ਜਦਕਿ ਗੈਰ ਯੂਨੀਅਨ ਸਟਾਫ ਵਿੱਚ ਐਡਮਨਿਸਟ੍ਰੇਸ਼ਨ ਤੇ ਸੇਲਜ਼ ਸਟਾਫ ਸ਼ਾਮਲ ਹੈ। ਉਨ੍ਹਾਂ



ਆਖਿਆ ਕਿ ਪ੍ਰਭਾਵਿਤ ਯੂਨੀਅਨ ਮੈਂਬਰਾਂ ਵਿੱਚ ਫੀਲਡ ਕੈਮਰਾ ਆਪਰੇਟਰਜ਼ ਸ਼ਾਮਲ ਹਨ ਪਰ ਆਨ ਏਅਰ ਟੈਲੀਵਿਜ਼ਨ ਰਿਪੋਰਟਰਜ਼ ਸ਼ਾਮਲ ਨਹੀਂ ਹਨ। ਇਹ ਵੀ ਪਤਾ ਲੱਗਿਆ ਹੈ ਕਿ ਕੁੱਝ ਕਰਮਚਾਰੀਆਂ ਨੂੰ ਅਜੇ ਤੱਕ ਦੱਸਿਆ ਵੀ ਨਹੀਂ ਗਿਆ।
ਉਨ੍ਹਾਂ ਦੱਸਿਆ ਕਿ ਆਰਜ਼ੀ ਤੌਰ ਉੱਤੇ ਕੁੱਝ ਸਪੋਰਟ ਸਟਾਫ ਦੀ ਛਾਂਗੀ ਵੀ ਕੀਤੀ ਜਾ ਚੁੱਕੀ ਹੈ। ਇਸ ਸਬੰਧ ਵਿੱਚ ਬੈੱਲ ਮੀਡੀਆ ਤੋਂ ਪੁੱਛੇ ਸਵਾਲਾਂ ਦੇ ਸਬੰਧ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਗਈ।

# ਟੋਰਾਂਟੋ ਦੇ ਪਾਰਕਾਂ ਵਿੱਚ ਮਿਲੇ ਮੂੰਗਫਲੀ ਦੇ ਜ਼ਹਿਰੀਲੇ ਛਿਲਕੇ

ਟੋਰਾਂਟੋ, 4 ਫਰਵਰੀ (ਪੋਸਟ ਬਿਊਰੋ) : ਪਾਰਕਾਂ ਵਿੱਚ ਕਥਿਤ ਤੌਰ ਉੱਤੇ ਮੂੰਗਫਲੀ ਦੇ ਜ਼ਹਿਰੀਲੇ ਦਾਣੇ ਮਿਲਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।
ਸ਼ਨਿੱਚਰਵਾਰ ਨੂੰ ਕੈਨੋਇ ਲੈਂਡਿੰਗ ਪਾਰਕ ਤੇ ਵਿਕਟੋਰੀਆ ਮੈਮੋਰੀਅਲ ਸਕੁਏਅਰ ਇਲਾਕੇ ਤੋਂ ਪੁਲਿਸ ਨੂੰ ਸ਼ੱਕੀ ਗਤੀਵਿਧੀ ਦੇ ਸਬੰਧ ਵਿੱਚ ਸ਼ਿਕਾਇਤ ਮਿਲੀ ਸੀ। ਇਸ ਲੋਕੇਸ਼ਨ



ਉੱਤੇ ਆਮ ਤੌਰ ਉੱਤੇ ਕੁੱਤਿਆਂ ਨੂੰ ਘੁਮਾਉਣ ਲਈ ਲੋਕ ਆਉਂਦੇ ਹਨ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਲੱਗਿਆ ਕਿ ਇੱਕ ਪੁਰਸ਼ ਤੇ ਮਹਿਲਾ ਪੂਰੇ ਪਾਰਕ ਵਿੱਚ ਰੁੱਖਾਂ ਦੇ ਥੱਲੇ ਮੂੰਗਫਲੀਆਂ ਦੇ ਛਿਲਕੇ ਸੁੱਟ ਰਹੇ ਸਨ।
ਇਹ ਸੱਭ ਵੇਖਣ ਵਾਲਿਆਂ ਵੱਲੋਂ ਫੇਸਬੁੱਕ ਗਰੁੱਪ ਉੱਤੇ ਪੋਸਟ ਪਾ ਕੇ ਕੁੱਤਿਆਂ ਦੇ ਮਾਲਕਾਂ ਨੂੰ ਪਾਰਕ ਵਿੱਚ ਆਪਣੇ ਕੁੱਤਿਆਂ ਨਾਲ ਜਾਂਦੇ ਸਮੇਂ ਚੌਕਸ ਰਹਿਣ ਲਈ ਵੀ ਆਖਿਆ ਗਿਆ। ਇਹ ਵੀ ਆਖਿਆ ਗਿਆ ਕਿ ਜਦੋਂ ਇਸ ਜੋੜੇ ਨੂੰ ਰੋਕਿਆ ਗਿਆ ਤਾਂ ਉਹ ਖਿੱਝ ਗਏ। ਪੁਲਿਸ ਨੇ ਦੱਸਿਆ ਕਿ ਇਹ ਪਤਾ ਲਾਉਣ ਲਈ ਕਿ ਮੂੰਗਫਲੀ ਦੇ ਛਿਲਕਿਆਂ ਵਿੱਚ ਜ਼ਹਿਰ ਸੀ ਜਾਂ ਨਹੀਂ, ਉਨ੍ਹਾਂ ਨੂੰ ਜਾਂਚ ਲਈ ਭੇਜਿਆ ਗਿਆ ਹੈ।

## 'ਸੇਫ਼ ਰਿਟਰਨ ਟੂ ਕਲਾਸ ਫੰਡ' ਤਹਿਤ ਜਾਰੀ 1 ਬਿਲੀਅਨ ਡਾਲਰ ਫੰਡਿੰਗ ਨਾਲ ਵਿਦਿਆਰਥੀਆਂ ਸਮੇਤ ਸਟਾਫ ਅਤੇ ਪਰਿਵਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ : ਸੋਨੀਆ ਸਿੱਧੂ

ਬਰੈਂਪਟਨ : ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਵਿਦਿਆਰਥੀਆਂ ਅਤੇ ਸਟਾਫ ਨੂੰ ਸੁਰੱਖਿਅਤ ਰੱਖਣ ਲਈ "ਸੇਫ਼ ਰਿਟਰਨ ਟੂ ਕਲਾਸ ਫੰਡ" ਜ਼ਰੀਏ 1 ਬਿਲੀਅਨ ਡਾਲਰ ਦੀ ਫੰਡਿੰਗ ਨਾਲ ਓਨਟਾਰੀਓ ਸੂਬੇ ਦੀ ਸਹਾਇਤਾ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਇੱਕ ਬਿਲੀਅਨ ਡਾਲਰ ਦੀ ਪਹਿਲੀ ਕਿਸ਼ਤ ਸਤੰਬਰ 2020 ਵਿਚ ਸੂਬਿਆਂ ਅਤੇ ਪ੍ਰਦੇਸ਼ਾਂ ਨੂੰ ਪ੍ਰਦਾਨ ਕੀਤੀ ਗਈ ਸੀ।
ਕੋਵਿਡ-19 ਮਾਮਲਿਆਂ ਵਿੱਚ ਨਿਰੰਤਰ ਵਾਧੇ ਦੇ ਮੱਦੇਨਜ਼ਰ, ਕੈਨੇਡਾ ਸਰਕਾਰ ਵੱਲੋਂ ਵਿਦਿਆਰਥੀਆਂ ਅਤੇ ਸਟਾਫ ਦੀ ਸਿਹਤ ਦੀ ਰਾਖੀ ਲਈ ਪ੍ਰੋਵਿੰਸਾਂ ਅਤੇ ਪ੍ਰਦੇਸ਼ਾਂ ਦੀ ਸਹਾਇਤਾ ਲਈ ਇਹ ਕਦਮ ਚੁੱਕਿਆ ਗਿਆ ਹੈ।
ਸਰਕਾਰ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਉਨਟਾਰੀਓ ਅਤੇ ਸਥਾਨਕ ਸਕੂਲ ਬੋਰਡਾਂ ਦੇ ਵਿਦਿਆਰਥੀਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਯਤਨਾਂ ਵਿੱਚ ਸਹਾਇਤਾ ਕਰਨੀ ਜਾਰੀ ਰੱਖੀ ਜਾਵੇਗੀ। ਇਹ ਫੰਡਿੰਗ ਨਾਲ ਸਕੂਲਾਂ 'ਚ ਸਫਾਈ, ਆਨਲਾਈਨ ਸਿੱਖਿਆ, ਵੈਂਟੀਲੇਸ਼ਨ, ਅਤੇ ਨਿੱਜੀ ਸੁਰੱਖਿਆ ਉਪਕਰਣਾਂ ਦੀ ਖਰੀਦ ਅਤੇ ਸਫਾਈ ਸਪਲਾਈ ਮੁਹੱਈਆ ਕਰਵਾਉਣ ਲਈ ਸਹਾਇਤਾ ਕਰੇਗੀ।
ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ ਚਾਹੇ ਅਸੀਂ ਅਜੇ ਵੀ ਇਸ ਮਹਾਂਮਾਰੀ ਨਾਲ ਨਜਿੱਠ ਰਹੇ ਹਾਂ ਅਤੇ ਆਪਣੇ ਕੰਮਾਂ-ਕਾਜਾਂ ਨੂੰ ਵਾਪਸ ਪਰਤ ਰਹੇ ਹਨ, ਅਜਿਹੇ 'ਚ ਵਿਦਿਆਰਥੀਆਂ ਦੇ ਸਕੂਲ ਵਾਪਸ ਜਾਣ 'ਤੇ ਉਹਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਮਾਪਿਆਂ ਨੂੰ ਚਿੰਤਾ ਰਹਿਣੀ ਸੁਭਾਵਕ ਹੈ। ਉਹਨਾਂ ਕਿਹਾ ਕਿ ਫੈਡਰਲ ਸਰਕਾਰ ਇਹ ਗੱਲ ਚੰਗੀ ਤਰ੍ਹਾਂ



ਸਮਝਦੀ ਹੈ ਕਿ ਬੱਚਿਆਂ ਦੇ ਵਿਕਾਸ ਅਤੇ ਭਵਿੱਖ ਦੀ ਸਫਲਤਾ ਲਈ ਸਕੂਲ ਕਿੰਨਾ ਮਹੱਤਵਪੂਰਣ ਹੈ, ਪਰ ਇਹ ਵੀ ਜਾਣਦੀ ਹੈ ਕਿ ਕਿ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣਾ ਉਨ੍ਹਾਂ ਹੀ ਮਹੱਤਵਪੂਰਣ ਹੈ।
ਇਸੇ ਲਈ ਕੈਨੇਡਾ ਫੈਡਰਲ ਸਰਕਾਰ ਵੱਲੋਂ "ਸੇਫ਼ ਰੀਟਰਨ ਟੂ ਕਲਾਸ ਫੰਡ" ਦੁਆਰਾ, ਅਸੀਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਸੁਰੱਖਿਅਤ ਰੱਖਣ ਵਿਚ ਸਹਾਇਤਾ ਕੀਤੀ ਜਾ ਰਹੀ ਹੈ। ਇਹ ਨਿਵੇਸ਼ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਕੂਲ ਵਿਚ ਕੰਮ ਕਰਨ ਵਾਲੇ ਹਰ ਵਿਅਕਤੀ ਦੀ ਸਹਾਇਤਾ ਕਰੇਗਾ। ਕੈਨੇਡਾ ਫੈਡਰਲ ਲਿਬਰਲ ਸਰਕਾਰ ਮਹਾਂਮਾਰੀ ਦੌਰਾਨ ਕੈਨੇਡੀਅਨਾਂ ਦੀ ਰੱਖਿਆ ਲਈ ਵਚਨਬੱਧ ਹੈ।"
ਇਸ ਤੋਂ ਇਲਾਵਾ ਕੈਨੇਡੀਅਨਾਂ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇਨਜ਼ਰ ਕੈਨੇਡਾ ਫੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਯਾਤਰਾ 'ਤੇ ਸਖ਼ਤੀ ਕੀਤੀ ਗਈ ਹੈ। ਇਸ ਐਤਵਾਰ ਤੋਂ ਸ਼ੁਰੂ ਹੋ ਕੇ ਮੈਕਸੀਕੋ ਅਤੇ ਕੈਰੇਬੀਅਨ - ਲਈ ਯਾਤਰਾ 'ਤੇ 30 ਅਪ੍ਰੈਲ ਤੱਕ ਰੱਦ ਕੀਤੀ ਗਈ ਹੈ। ਏਅਰ ਕੈਨੇਡਾ, ਏਅਰ ਟ੍ਰਾਂਸੈਟ, ਸਨਵਿੰਗ ਅਤੇ ਵੈਸਟਜੈੱਟ ਨੇ ਇਨ੍ਹਾਂ ਥਾਵਾਂ ਦੀ ਸੇਵਾ ਮੁਅੱਤਲ ਕਰਨ ਲਈ ਸਹਿਮਤੀ ਦਿੱਤੀ ਹੈ।
ਅੰਤਰਰਾਸ਼ਟਰੀ ਉਡਾਣਾਂ ਨੂੰ ਬਿਹਤਰ ਢੰਗ ਨਾਲ ਕੰਟਰੋਲ ਕਰਨ ਲਈ ਵੀ ਨਵੇਂ ਕਦਮ ਉਠਾਏ ਜਾ ਰਹੇ ਹਨ। ਹੁਣ ਤੋਂ, ਸਾਰੀਆਂ ਅੰਤਰਰਾਸ਼ਟਰੀ ਯਾਤਰੀਆਂ ਦੀਆਂ ਉਡਾਣਾਂ ਲਈ ਸਿਰਫ ਇਹਨਾਂ ਚਾਰ ਹਵਾਈ ਅੱਡਿਆਂ 'ਤੇ ਉਤਰਨਾ ਲਾਜ਼ਮੀ ਹੈ, ਜਿੰਨ੍ਹਾਂ 'ਚ ਕੈਲਗਰੀ, ਮਾਂਟ੍ਰੀਅਲ, ਟੋਰਾਂਟੋ, ਅਤੇ ਵੈਨਕੂਵਰ ਸ਼ਾਮਲ ਹਨ। ਇਸਦੇ ਨਾਲ ਹੀ ਆਉਣ ਵਾਲੇ ਹਫਤਿਆਂ ਵਿੱਚ, ਕੈਨੇਡਾ ਵਾਪਸ ਆਉਣ ਵਾਲੇ ਲੋਕਾਂ ਲਈ ਹਵਾਈ ਅੱਡਿਆਂ ਤੇ ਪੀਸੀਆਰ ਟੈਸਟਿੰਗ ਲਾਜ਼ਮੀ ਹੋਵੇਗੀ ਅਤੇ ਯਾਤਰੀਆਂ ਨੂੰ ਫਿਰ ਆਪਣੇ ਟੈਸਟ ਦੇ ਨਤੀਜਿਆਂ ਲਈ ਇੱਕ ਪ੍ਰਵਾਨਿਤ ਹੋਟਲ ਵਿਖੇ - ਆਪਣੇ ਖਰਚੇ 'ਤੇ - ਤਿੰਨ ਦਿਨਾਂ ਤੱਕ ਉਡੀਕ ਕਰਨੀ ਪਵੇਗੀ। ਨੈਗੇਟਿਵ ਟੈਸਟ ਦੇ ਨਤੀਜਿਆਂ ਵਾਲੇ ਯਾਤਰੀਆਂ ਨੂੰ ਵੱਧ ਰਹੀ ਨਿਗਰਾਨੀ ਤਹਿਤ 14 ਦਿਨਾਂ ਲਈ ਘਰ 'ਚ ਕੁਆਰੰਟੀਨ ਕਰਨਾ ਪਵੇਗਾ। ਪਾਜ਼ਿਟਿਵ ਟੈਸਟ ਆਉਣ 'ਤੇ ਵਿਅਕਤੀਆਂ ਨੂੰ ਪ੍ਰਵਾਨਿਤ ਕੁਆਰੰਟੀਨ ਸਹੂਲਤਾਂ ਵਿੱਚ 14 ਦਿਨ ਇਕਾਂਤਵਾਸ 'ਚ ਰਹਿਣਾ ਪਵੇਗਾ।
ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੈਨੇਡਾ ਵਾਪਸ ਆਉਣ ਸਮੇਂ ਨਕਾਰਾਤਮਕ ਟੈਸਟ ਅਜੇ ਵੀ ਲਾਜ਼ਮੀ ਹੈ ਅਤੇ ਇਸਦੇ ਨਾਲ ਹੀ ਵਿਦੇਸ਼ ਯਾਤਰਾ ਤੋਂ ਵਾਪਸ ਆਉਣ 'ਤੇ 14 ਦਿਨ ਕੁਆਰੰਟੀਨ ਅਜੇ ਵੀ ਜ਼ਰੂਰੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਓਕਲਾਹੋਮਾ ਦੇ ਘਰ ਵਿਚ ਛੇ ਵਿਅਕਤੀਆਂ ਨੂੰ ਗੋਲੀ ਮਾਰ ਕੇ ਮਾਰਿਆ

ਮਸਕੋਗੀ, ਓਕਲਾਹੋਮਾ, 4 ਫਰਵਰੀ (ਪੋਸਟ ਬਿਊਰੋ) : ਓਕਲਾਹੋਮਾ ਵਿੱਚ ਇੱਕ ਘਰ ਵਿੱਚ ਛੇ ਵਿਅਕਤੀਆਂ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮਰਨ ਵਾਲਿਆਂ ਵਿੱਚ ਪੰਜ ਨਿੱਕੇ ਬੱਚੇ ਵੀ ਸ਼ਾਮਲ ਹਨ। ਇਸ ਮਾਮਲੇ ਵਿੱਚ ਸ਼ੱਕੀ ਵਿਅਕਤੀ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਉਨ੍ਹਾਂ ਨੂੰ ਤੜਕੇ 1:30 ਵਜੇ ਮਸਕੋਗੀ ਦੇ ਇੱਕ ਘਰ ਵਿੱਚ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ

**ਮਰਨ ਵਾਲਿਆਂ ਵਿੱਚ ਪੰਜ ਬੱਚੇ**

ਮਿਲੀਆਂ। ਇਹ ਸਿਟੀ ਤੁਲਸਾ ਦੇ ਦੱਖਣਪੂਰਬ ਤੋਂ 72 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਇਸ ਸ਼ਹਿਰ ਵਿੱਚ 40,000 ਲੋਕਾਂ ਦੀ ਆਬਾਦੀ ਹੈ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਇੱਕ ਵਿਅਕਤੀ ਗੰਨ ਦੇ ਨਾਲ ਮਿਲਿਆ ਤੇ ਪੁਲਿਸ ਨੇ ਉਸ ਨੂੰ ਹਿਰਾ-ਸਤ ਵਿੱਚ ਲੈ ਲਿਆ। ਮੌਕਾ-ਏ-ਵਾਰਦਾਤ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਤੇ ਚਾਰ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ। ਪੰਜਵੇਂ ਬੱਚੇ ਦੀ ਮੌਤ





ਤੁਲਸਾ ਹਸਪਤਾਲ ਵਿੱਚ ਹੋਈ।

ਮਸਕੋਗੀ ਦੀ ਪੁਲਿਸ ਅਧਿਕਾਰੀ ਲਿੰਨ ਹੈਮਲਿਨ ਨੇ ਮਾਰੇ ਗਏ ਬੱਚਿਆਂ ਦੀ ਉਮਰ ਨਹੀਂ ਦੱਸੀ ਬੱਸ ਇਹੋ ਆਖਿਆ ਕਿ ਬੱਚੇ ਨਿੱਕੇ ਸਨ। ਉਨ੍ਹਾਂ ਆਖਿਆ ਕਿ ਅਧਿਕਾਰੀਆਂ ਨੂੰ ਇਸ ਘਟਨਾ ਪਿਛਲੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ ਪਰ ਉਨ੍ਹਾਂ ਇਹ ਆਖਿਆ ਕਿ ਹਾਲ ਦੀ ਘੜੀ ਉਨ੍ਹਾਂ ਕੋਲ ਕੋਈ ਹੋਰ ਮਸ਼ਕੂਕ ਨਹੀਂ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇੱਕ ਮਹਿਲਾ ਨੂੰ ਵੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਨੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਜਾਂ ਮਾਰੇ ਗਏ ਵਿਅਕਤੀਆਂ ਦੇ ਨਾਂਵਾਂ ਦਾ ਖੁਲਾਸਾ ਨਹੀਂ ਕੀਤਾ।

# ਟਰੂਡੋ ਤੇ ਕਮਲਾ ਹੈਰਿਸ ਨੇ 'ਬਾਇ ਅਮੈਰੀਕਨ ਨੀਤੀ' ਅਤੇ ਕਲਾਈਮੇਟ ਚੇਂਜ ਸਮੇਤ ਕਈ ਹੋਰਨਾਂ ਮੁੱਦਿਆਂ 'ਤੇ ਕੀਤੀ ਚਰਚਾ



ਓਟਵਾ, 4 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਅਮਰੀਕਾ ਦੀ ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਨਾਲ ਸਰਹੱਦੋਂ ਪਾਰਲੇ ਮੁੱਦਿਆਂ ਸਮੇਤ ਡੈਮੋਕ੍ਰੈਟਸ ਦੀ ਬਾਇ ਅਮੈਰੀਕਨ ਪਾਲਿਸੀ ਉੱਤੇ ਵੀ ਵਿਚਾਰ ਚਰਚਾ ਕੀਤੀ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਨਾਲ ਫੋਨ ਉੱਤੇ ਕੀਤੀ ਗਈ ਗੱਲਬਾਤ ਵਿੱਚ ਹੈਰਿਸ ਨੇ ਮਾਂਟਰੀਅਲ ਵਿੱਚ ਗੁਜ਼ਾਰੇ ਆਪਣੇ ਵਕਤ ਨੂੰ ਚੇਤੇ ਕੀਤਾ ਤੇ ਇਸ ਤੋਂ ਇਲਾਵਾ ਦੋਵਾਂ ਆਗੂਆਂ ਨੇ ਨੀਤੀਗਤ ਮੁੱਦਿਆਂ ਉੱਤੇ ਵੀ ਗੱਲਬਾਤ ਕੀਤੀ। ਟਰੂਡੋ ਨੇ ਬਾਇ ਅਮੈਰੀਕਨ ਪਾਲਿਸੀਜ਼ ਦੇ ਅਣਚਾਹੇ ਨਤੀਜਿਆਂ ਤੋਂ ਦੂਰ ਰਹਿਣ ਤੇ ਕਲਾਇਮੇਟ ਚੇਂਜ ਵਰਗੇ ਮੁੱਦਿਆਂ ਉੱਤੇ ਵੀ ਗੱਲ ਕੀਤੀ। ਇਸ ਤੋਂ ਇਲਾਵਾ ਵੰਨ ਸੁਵੰਨਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਵੀ ਕੀਤੀ ਗਈ।

ਇਨ੍ਹਾਂ ਮੁੱਦਿਆਂ ਤੋਂ ਇਲਾਵਾ ਦੋਵਾਂ ਆਗੂਆਂ ਨੇ ਹਥਿਆਰਾਂ ਦੀ ਸਮਗਲਿੰਗ, ਲਿੰਗਕ ਹਿੰਸਾ ਦੇ ਨਾਲ ਨਾਲ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਵੱਲੋਂ ਨਜ਼ਰਬੰਦ ਕਰਕੇ ਰੱਖਣ ਵਰਗੇ ਮੁੱਦਿਆਂ ਉੱਤੇ ਵੀ ਗੱਲ ਕੀਤੀ। ਇਸ ਦੌਰਾਨ ਹੈਰਿਸ ਨੇ ਕੈਨੇਡਾ ਨੂੰ ਆਪਣਾ ਆਰਥਿਕ ਤੇ ਸਟਰੈਟੇਜਿਕ ਭਾਈਵਾਲ ਦੱਸਦਿਆਂ ਅਮਰੀਕਾ ਲਈ ਅਹਿਮ ਮੁਲਕ ਦੱਸਿਆ ਤੇ ਉਨ੍ਹਾਂ ਕਈ ਮੁੱਦਿਆਂ ਉੱਤੇ ਕੈਨੇਡਾ ਨਾਲ ਰਲ ਕੇ ਕੰਮ ਕਰਨ ਦੀ ਇੱਛਾ ਵੀ ਪ੍ਰਗਟਾਈ।


ਟਰੂਡੋ ਤੇ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਦਰਮਿਆਨ ਨੇੜ ਭਵਿੱਖ ਵਿੱਚ ਦੁਵੱਲੀ ਮੀਟਿੰਗ ਦਾ ਸੰਕੇਤ ਵੀ ਦਿੱਤਾ ਗਿਆ ਪਰ ਮਹਾਂਮਾਰੀ ਤੇ ਟਰੈਵਲ ਸਬੰਧੀ ਮਾਪਦੰਡ ਸਖ਼ਤ ਹੋਣ ਕਾਰਨ ਇਹ ਮੀਟਿੰਗ ਵਰਚੂਅਲੀ ਹੋਣ ਦੀ ਸੰਭਾਵਨਾ ਵਧੇਰੇ ਹੈ ਤੇ ਇਸ ਬਾਰੇ ਅਜੇ ਕਿਸੇ ਤਰੀਕ ਦਾ ਐਲਾਨ ਵੀ ਨਹੀਂ ਕੀਤਾ ਗਿਆ। ਇਸ ਦੌਰਾਨ ਦੋਵਾਂ ਆਗੂਆਂ ਵੱਲੋਂ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਤਹੱਈਆ ਵੀ ਪ੍ਰਗਟਾਇਆ ਗਿਆ।

# ਫੈਡਰਲ ਸਰਕਾਰ ਨੇ ਨੋਵਾਵੈਕਸ ਨਾਲ ਸਿਰੇ ਚੜ੍ਹਾਈ ਡੀਲ

## ਕੰਪਨੀ ਕੈਨੇਡਾ ਵਿੱਚ ਹੀ ਤਿਆਰ ਕਰ ਸਕੇਗੀ ਆਪਣੀ ਵੈਕਸੀਨ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਫਾਰਮਾਸਿਊਟੀਕਲ ਕੰਪਨੀ ਨੋਵਾਵੈਕਸ ਨਾਲ ਡੀਲ ਸਿਰੇ ਚੜ੍ਹਾਈ ਗਈ ਹੈ ਜਿਸ ਤਹਿਤ ਕੰਪਨੀ ਨੂੰ ਆਪਣੀ ਕੋਵਿਡ-19 ਵੈਕਸੀਨ ਦਾ ਉਤਪਾਦਨ ਕੈਨੇਡਾ ਵਿੱਚ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ।

ਫੈਡਰਲ ਸਰਕਾਰ ਨੇ ਕੰਪਨੀ ਨਾਲ ਇੱਕ ਮੈਮੋਰੈਂਡਮ ਆਫ ਅੰਡਰਸਟੈਂਡਿੰਗ ਸਾਈਨ ਕੀਤਾ ਹੈ ਜਿਸ ਤਹਿਤ ਨਵੀਂ ਮਾਂਟਰੀਅਲ ਫੈਸਿਲਿਟੀ, ਜੋ ਕਿ ਅਜੇ ਵੀ ਉਸਾਰੀ ਅਧੀਨ ਹੈ, ਵਿੱਚ ਕੰਪਨੀ ਨੂੰ ਆਪਣੀ ਕੋਵਿਡ-19 ਵੈਕਸੀਨ ਤਿਆਰ ਕਰਨ ਉੱਤੇ ਸਹਿਮਤੀ ਬਣੀ ਹੈ। ਹਾਲਾਂਕਿ ਪ੍ਰਧਾਨ ਮੰਤਰੀ ਇਸ ਨੂੰ ਸਹੀ ਦਿਸ਼ਾ ਵੱਲ ਚੁੱਕਿਆ ਗਿਆ ਅਹਿਮ ਕਦਮ ਦੱਸ ਰਹੇ ਹਨ, ਪਰ ਮੇਡ ਇਨ ਕੈਨੇਡਾ ਵੈਕਸੀਨ ਤਿਆਰ ਕਰਨ ਲਈ ਅਜੇ ਕਈ ਮਹੀਨਿਆਂ ਦਾ ਸਮਾਂ ਲੱਗ



ਸਕਦਾ ਹੈ। ਉਸ ਤੋਂ ਬਾਅਦ ਇਸ ਇੱਕਲੀ ਸਾਈਟ ਤੋਂ ਹੀ ਪੂਰੇ ਦੇਸ਼ ਨੂੰ ਵੈਕਸੀਨ ਸਪਲਾਈ ਕੀਤਾ ਜਾਣਾ ਬਹੁਤ ਵੱਡਾ ਤੇ ਅਸੰਭਵ ਜਿਹਾ ਟੀਚਾ ਹੈ ਜਿਸ ਨੂੰ ਪੂਰਾ ਹੋਣ ਵਿੱਚ ਕਾਫੀ ਵਕਤ ਲੱਗ ਸਕਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਨਵੀਂ ਨੈਸ਼ਨਲ ਰਿਸਰਚ ਕਾਊਂਸਲ ਦੀ ਬਾਇਓਮੈਨੁਫੈਕਚਰਿੰਗ ਫੈਸਿਲਿਟੀ, ਜਿੱਥੇ ਇਹ ਉਤਪਾਦਨ ਸ਼ੁਰੂ ਹੋਣਾ ਹੈ, ਜੁਲਾਈ ਤੱਕ ਮੁਕੰਮਲ ਨਹੀਂ ਹੋਣ ਵਾਲੀ।

ਇੱਕ ਵਾਰੀ ਇਸ ਨਵੀਂ ਫੈਸਿਲਿਟੀ ਦੇ ਤਿਆਰ ਹੋਣ ਤੋਂ ਬਾਅਦ, ਇਸ ਵਿੱਚ ਇੱਕ ਮਹੀਨੇ ਵਿੱਚ ਦੋ ਮਿਲੀਅਨ ਦੇ ਨੇੜੇ ਤੇੜੇ ਵੈਕਸੀਨ ਹੀ ਤਿਆਰ ਕੀਤੀ ਜਾ ਸਕੇਗੀ। ਟਰੂਡੋ ਨੇ ਆਖਿਆ ਕਿ ਜੇ ਨੋਵਾਵੈਕਸ ਵੈਕਸੀਨ ਸੇਫ ਤੇ ਪ੍ਰਭਾਵਸ਼ਾਲੀ ਪਾਈ ਜਾਂਦੀ ਹੈ ਤਾਂ ਕਈ ਮਿਲੀਅਨ ਡੋਜ਼ਾਂ ਘਰੇਲੂ ਪੱਧਰ ਉੱਤੇ ਹੀ ਤਿਆਰ ਕੀਤੀਆਂ ਜਾ ਸਕਣਗੀਆਂ। ਫੈਡਰਲ ਸਰਕਾਰ ਵੱਲੋਂ ਮੈਰੀਲੈਂਡ ਸਥਿਤ ਇਸ ਕੰਪਨੀ ਨਾਲ 52 ਮਿਲੀਅਨ ਡੋਜ਼ਾਂ ਦੀ ਡੀਲ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਸਾਨੂੰ ਘਰੇਲੂ ਪੱਧਰ ਉੱਤੇ ਵੱਧ ਤੋਂ ਵੱਧ ਵੈਕਸੀਨ ਦਾ ਉਤਪਾਦਨ ਕਰਨ ਦੀ ਲੋੜ ਹੈ।

ਟਰੂਡੋ ਨੇ ਇਹ ਵੀ ਐਲਾਨ ਕੀਤਾ ਕਿ ਦੂਜੀ ਕੰਪਨੀ, ਪ੍ਰਸੀਜ਼ਨ ਨੈਨੋਸਿਸਟਮਜ਼ ਵੀ ਘਰੇਲੂ ਪੱਧਰ ਉੱਤੇ ਵੈਕਸੀਨ ਤਿਆਰ ਕਰਨ ਦੇ ਰਾਹ ਉੱਤੇ ਹੈ ਪਰ ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

# ਟੋਰਾਂਟੋ ਦੇ ਘਰ ਵਿੱਚ ਲੱਗੀ ਅੱਗ ਕਾਰਨ ਮਾਰੇ ਗਏ ਚਾਰ ਵਿਅਕਤੀਆਂ ਦੀ ਕੀਤੀ ਗਈ ਪਛਾਣ



ਟੋਰਾਂਟੋ, 4 ਫਰਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਟੋਰਾਂਟੋ ਵਿੱਚ ਇੱਕ ਘਰ ਨੂੰ ਲੱਗੀ ਅੱਗ ਵਿੱਚ ਸੜ ਕੇ ਮਰਨ ਵਾਲੇ ਚਾਰ ਵਿਅਕਤੀਆਂ ਦੀ ਪਛਾਣ ਉਨ੍ਹਾਂ ਦੇ ਦੋਸਤਾਂ ਤੇ ਗੁਆਂਢੀਆਂ ਵੱਲੋਂ ਕਰ ਲਈ ਗਈ ਹੈ।

ਕੌਕਸਵੈਲ ਐਵਨਿਊ ਤੇ ਈਸਟਵੁੱਡ ਰੋਡ ਇਲਾਕੇ ਵਿੱਚ ਗੇਨਜ਼ਬੌਰੋ ਰੋਡ ਉੱਤੇ ਸਥਿਤ ਇੱਕ ਘਰ ਵਿੱਚ ਸ਼ੁੱਕਰਵਾਰ ਨੂੰ ਸਵੇਰੇ 4:30 ਵਜੇ ਅੱਗ ਲੱਗ ਗਈ। ਇਸ ਨੂੰ ਤਿੰਨ ਅਲਾਰਮ ਵਾਲੀ ਅੱਗ ਦੱਸਿਆ ਗਿਆ। ਘਰ ਵਿੱਚੋਂ ਅੱਗ ਦੀਆਂ ਉੱਚੀਆਂ ਉੱਚੀਆਂ ਲਪਟਾਂ ਨਿਕਲਦੀਆਂ ਵੀ ਨਜ਼ਰੀਂ ਪਈਆਂ। ਕਈ ਫਾਇਰ ਟਰੱਕਸ ਵੱਲੋਂ ਮੌਕੇ ਉੱਤੇ ਪਹੁੰਚ ਕੇ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ।



ਅੱਗ ਉੱਤੇ ਕਾਬੂ ਪਾ ਲਏ ਜਾਣ ਤੋਂ ਬਾਅਦ ਐਮਰਜੰਸੀ ਅਧਿਕਾਰੀਆਂ ਵੱਲੋਂ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਘਰ ਵਿੱਚੋਂ ਕੱਢੀਆਂ ਗਈਆਂ। ਅੱਗ ਲੱਗਣ ਸਮੇਂ ਘਰ ਵਿੱਚ ਮੌਜੂਦ ਦੋ ਹੋਰ ਵਿਅਕਤੀ ਕਿਸੇ ਤਰ੍ਹਾਂ ਖੁਦ ਨੂੰ ਬਚਾਉਣ ਵਿੱਚ ਕਾਮਯਾਬ ਹੋ ਗਏ ਪਰ ਉਹ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਇਸ ਦੌਰਾਨ ਮਾਰੇ ਗਏ ਚਾਰ ਵਿਅਕਤੀਆਂ ਦੀ ਪਛਾਣ ਜਾਨਾ ਜੈਨਸਨਜ਼, ਉਨ੍ਹਾਂ ਦੇ ਗ੍ਰੈਂਡਸਨ ਕਾਈ ਜੈਨਸਨਜ਼, ਮੈਥਿਊ ਜਾਇਬਲ ਤੇ ਅਮਾਂਡਾ ਫਰੇਮਾਨਿਸ ਵਜੋਂ ਹੋਈ ਹੈ। ਕਾਈ ਦੀ ਮਾਂ ਅਰੀਜ਼ਾ ਜੈਨਸਨਜ਼ ਇਸ ਘਟਨਾ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਤੇ ਇਸ ਸਮੇਂ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਜਾਇਬਲ ਦਾ 31 ਸਾਲਾ ਪਿਤਾ ਪਹਿਲਾਂ ਤਾਂ ਅੱਗ ਵਿੱਚੋਂ ਬਚ ਨਿਕਲਣ ਵਿੱਚ ਕਾਮਯਾਬ ਹੋ ਗਿਆ ਪਰ ਘਰ ਵਿੱਚ ਹੋਰਨਾਂ ਮੈਂਬਰਾਂ ਨੂੰ ਬਚਾਉਣ ਲਈ ਜਦੋਂ ਉਹ ਦੁਬਾਰਾ ਘਰ ਦੇ ਅੰਦਰ ਗਿਆ ਤਾਂ ਫਿਰ ਬਾਹਰ ਨਹੀਂ ਆ ਸਕਿਆ ਤੇ ਉਸ ਦੀ ਮੌਤ ਹੋ ਗਈ। ਪਿਤਾ ਜੌਹਨ ਜਾਇਬਲ ਨੇ ਸੋਮਵਾਰ ਰਾਤ ਨੂੰ ਨੌਰਫੋਕ ਕਾਊਂਟੀ ਸਥਿਤ ਆਪਣੇ ਘਰ ਤੋਂ ਫੋਨ ਉੱਤੇ ਕੀਤੀ ਗੱਲਬਾਤ ਵਿੱਚ ਆਖਿਆ ਕਿ ਉਹ ਹੀਰੋ ਦੀ ਮੌਤ ਮਰਿਆ। ਉਹ ਘਰ ਦੇ ਅੰਦਰ ਗਿਆ ਤੇ ਉਸ ਨੇ ਆਪਣਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

ਜਾਇਬਲ ਦੇ ਭਰਾ ਐਰਿਕ ਜਾਇਬਲ ਨੇ ਦੱਸਿਆ ਕਿ ਉਸ ਦਾ ਭਰਾ ਸੱਚਾ ਹੀਰੋ ਸੀ। ਜੌਹਨ ਜਾਇਬਲ ਨੇ ਆਖਿਆ ਕਿ ਉਸ ਦਾ ਬੇਟਾ ਉਸ ਘਰ ਵਿੱਚ ਨਹੀਂ ਸੀ ਰਹਿੰਦਾ ਤੇ ਉਹ ਕਿਸੇ ਦੋਸਤ ਨੂੰ ਮਿਲਣ ਗਿਆ ਸੀ ਜਦੋਂ ਅੱਗ ਲੱਗੀ। ਫਰੇਮਾਨਿਸ ਨੂੰ ਉਸ ਦੇ ਦੋਸਤ ਅਮਾਂਡਾ ਪਾਂਡਾ ਆਖਦੇ ਸਨ। ਉਸ ਇਸ ਘਰ ਵਿੱਚ ਕਿਰਾਏ ਉੱਤੇ ਰਹਿੰਦੀ ਸੀ। ਇਸ ਘਟਨਾ ਵਿੱਚ ਜ਼ਖ਼ਮੀ ਹੋਏ ਇੱਕ ਹੋਰ ਵਿਅਕਤੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਅਧਿਕਾਰੀ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਇਟੋਬੀਕੋ ਵਿੱਚ ਚਾਕੂ ਨਾਲ ਹਮਲੇ ਵਿੱਚ ਦੋ ਪੁਲਿਸ ਅਧਿਕਾਰੀ ਜ਼ਖ਼ਮੀ, ਇੱਕ ਗ੍ਰਿਫਤਾਰ



ਇਟੋਬੀਕੋ, 4 ਫਰਵਰੀ (ਪੋਸਟ ਬਿਊਰੋ) : ਇਟੋਬੀਕੋ ਵਿੱਚ ਹੋਈ ਝੜਪ ਤੇ ਚਾਕੂ ਨਾਲ ਕੀਤੇ ਗਏ ਹਮਲੇ ਤੋਂ ਬਾਅਦ ਦੋ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਏ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਜ਼ਖ਼ਮੀ ਪੁਲਿਸ ਅਧਿਕਾਰੀਆਂ ਨੂੰ ਐਮਰਜੰਸੀ ਰੰਨ ਰਾਹੀਂ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਅਧਿਕਾਰੀ ਕਾਲ ਆਉਣ ਤੋਂ ਬਾਅਦ ਸਵੇਰੇ 11:00 ਵਜੇ ਰੌਇਲ ਯੌਰਕ ਤੇ ਲਾਅਰੈਂਸ ਐਵਨਿਊ ਵੈਸਟ ਨੇੜੇ ਛੇ ਅਪਾਰਟਮੈਂਟ ਵਾਲੇ ਰੂਮਿੰਗ ਹਾਊਸ ਵਿੱਚੋਂ ਇੱਕ ਘਰ ਦਾ ਪਤਾ ਕਰਨ ਲਈ ਪਹੁੰਚੇ। ਇਹ ਘਰ ਵੈਸਟੋਨਾ ਸਟਰੀਟ ਉੱਤੇ ਸਥਿਤ ਹੈ। ਪੁਲਿਸ ਚੀਫ ਜੇਮਜ਼ ਰੈਮਰ ਨੇ ਦੱਸਿਆ ਕਿ ਅਧਿਕਾਰੀ ਇੱਕ ਲਾਪਤਾ ਵਿਅਕਤੀ ਦੇ ਮਾਮਲੇ ਦੀ ਜਾਂਚ ਕਰਨ ਲਈ ਇੱਕ ਘਰ ਵਿੱਚ ਮੌਜੂਦ ਸਨ ਕਿ ਐਨੇ ਨੂੰ ਇੱਕ ਕਮਰੇ ਵਿੱਚੋਂ ਇੱਕ ਵਿਅਕਤੀ ਬਾਹਰ ਆਇਆ ਤੇ ਉਸ ਨੇ ਦੋਵਾਂ ਅਧਿਕਾਰੀਆਂ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਮਸ਼ਕੂਕ ਨੂੰ ਟੇਜ਼ਰ ਲਾ ਕੇ ਕਾਬੂ ਕੀਤਾ ਗਿਆ ਤੇ ਬਾਅਦ ਵਿੱਚ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਰੈਮਰ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਸ ਘਟਨਾ ਵਿੱਚ ਉਹ ਵਿਅਕਤੀ ਜ਼ਖ਼ਮੀ ਹੋਇਆ। ਰੈਮਰ ਨੇ ਦੱਸਿਆ ਕਿ ਇੱਕ ਸਾਰਜੈਂਟ ਨੂੰ ਤਾਂ ਦੋ ਵੱਡੇ ਵੱਡੇ ਚੀਰੇ ਲੱਗੇ ਹਨ ਤੇ ਇਸ ਸਮੇਂ ਉਹ ਟੋਰਾਂਟੋ ਦੇ ਸਨੀਬਰੁੱਕ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ ਤੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਦੂਜੇ ਅਧਿਕਾਰੀ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਉਨ੍ਹਾਂ ਦਾ ਵੀ ਇਲਾਜ ਕੀਤਾ ਜਾ ਰਿਹਾ ਹੈ। ਦੋਵਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਰੈਮਰ ਨੇ ਦੱਸਿਆ ਕਿ ਲਾਪਤਾ ਵਿਅਕਤੀ ਦੇ ਘਰ ਵਿੱਚ ਖੂਨ ਦੇ ਨਿਸ਼ਾਨ ਪਾਏ ਗਏ ਤੇ ਉਸ ਮਾਮਲੇ ਦੀ ਜਾਂਚ ਚੱਲ ਰਹੀ ਹੈ। ਉਸ ਮਾਮਲੇ ਵਿੱਚ ਪੁਲਿਸ 56 ਸਾਲਾ ਨਥਾਨੀਅਲ ਬਰੈਟਲ ਦੀ ਭਾਲ ਕਰ ਰਹੀ ਹੈ ਜਿਸ ਨੂੰ ਆਖਰੀ ਵਾਰੀ 21 ਜਨਵਰੀ ਨੂੰ ਵੈਸਟੋਨਾ ਸਟਰੀਟ ਤੇ ਡਿਕਸਨ ਰੋਡ ਏਰੀਆ ਵਿੱਚ ਵੇਖਿਆ ਗਿਆ ਸੀ।

# ਯੂਰਪ ਵੱਲੋਂ ਕੋਵਿਡ-19 ਦੀ ਵੈਕਸੀਨ ਵਾਅਦੇ ਮੁਤਾਬਕ ਨਾ ਭੇਜੇ ਜਾਣ ਉੱਤੇ ਕੀ ਕਰੇਗਾ ਕੈਨੇਡਾ?

ਓਟਵਾ, 4 ਫਰਵਰੀ (ਪੋਸਟ ਬਿਊਰੋ) : ਯੂਰਪ ਵੱਲੋਂ ਕੋਵਿਡ-19 ਵੈਕਸੀਨ ਦੀ ਖੇਪ ਸਹੀ ਢੰਗ ਨਾਲ ਨਾ ਪਹੁੰਚਾਉਣ ਜਾਂ ਇਸ ਵਿੱਚ ਕਿਸੇ ਕਿਸਮ ਦੀ ਆਨਾਕਾਨੀ ਕਰਨ ਦੇ ਮਾਮਲੇ ਵਿੱਚ ਕੈਨੇਡਾ ਹਰ ਪੱਖ ਖੁੱਲ੍ਹਾ ਰੱਖ ਕੇ ਚੱਲ ਰਿਹਾ ਹੈ। ਹਾਲਾਂਕਿ ਯੂਰਪ ਵੱਲੋਂ ਆਪਣੇ ਵਾਅਦੇ ਤੋਂ ਮੁੱਕਰਨ ਦਾ ਕੋਈ ਸੰਕੇਤ ਨਹੀਂ ਹੈ।



ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀ ਨਵੀਂ ਖੇਪ ਕੈਨੇਡਾ ਪਹੁੰਚਣ ਵਾਲੀ ਹੈ। ਪਿਅਰਸ, ਬੈਲਜੀਅਮ ਵਿੱਚ ਫਾਈਜ਼ਰ ਦੇ ਪਲਾਂਟ ਦੇ ਪਸਾਰ ਕਾਰਨ ਉਤਪਾਦਨ ਵਿੱਚ ਸੋਚ ਸਮਝ ਕੇ ਕੀਤੀ ਗਈ ਕਮੀ ਤੋਂ ਬਾਅਦ ਇੱਕ ਹਫਤੇ ਤੋਂ ਵੀ ਵੱਧ ਸਮੇਂ ਤੋਂ ਬਾਅਦ ਵੈਕਸੀਨ ਦੀ ਇਹ ਪਹਿਲੀ ਖੇਪ ਹੈ। ਕੈਨੇਡਾ ਨੂੰ ਇਸ ਹਫਤੇ ਤੇ ਅਗਲੇ ਹਫਤੇ ਪਹਿਲਾਂ ਤੋਂ ਤਿਆਰ ਯੋਜਨਾ ਦਾ ਸਿਰਫ ਪੰਜਵਾਂ ਹਿੱਸਾ ਵੈਕਸੀਨ ਹੀ ਮਿਲੇਗੀ। ਆਨੰਦ ਨੇ ਆਖਿਆ ਕਿ ਕੰਪਨੀਆਂ ਅਜੇ ਵੀ ਇਹੋ ਵਾਅਦਾ ਦੁਹਰਾਅ ਰਹੀਆਂ ਹਨ ਕਿ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਚਾਰ ਮਿਲੀਅਨ ਡੋਜ਼ਾਂ ਭੇਜ ਦਿੱਤੀਆਂ ਜਾਣਗੀਆਂ ਤੇ ਸਾਲ ਦੇ ਅੰਤ ਤੱਕ 40 ਮਿਲੀਅਨ ਡੋਜ਼ਾਂ ਜੋ ਕਿ ਕੈਨੇਡਾ ਨੇ ਆਰਡਰ ਕੀਤੀਆਂ ਹੋਈਆਂ ਸਨ।

ਇਸ ਹਫਤੇ ਕੈਨੇਡਾ ਨੂੰ ਫਾਈਜ਼ਰ ਤੋਂ ਕੋਵਿਡ-19 ਵੈਕਸੀਨ ਦੀਆਂ 79,000 ਡੋਜ਼ਾਂ ਤੇ ਮੌਡਰਨਾ ਤੋਂ 180,000 ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਮੌਡਰਨਾ ਦੀ ਖੇਪ ਉਮੀਦ ਨਾਲੋਂ 50,000 ਡੋਜ਼ਾਂ ਘੱਟ ਮਿਲਣ ਦੀ ਸੰਭਾਵਨਾ ਹੈ ਕਿਉਂਕਿ ਸਵਿਟਜ਼ਰਲੈਂਡ ਵਿੱਚ ਇਸ ਦੀ ਪਾਰਟਨਰ ਫੈਸਿਲਿਟੀ ਵਿੱਚ ਉਤਪਾਦਨ ਵਿੱਚ ਦੇਰ ਹੋ ਗਈ। ਮੌਡਰਨਾ ਵੱਲੋਂ ਵੀ ਸਾਲ ਦੇ ਅੰਤ ਤੱਕ 40 ਮਿਲੀਅਨ ਡੋਜ਼ਾਂ ਕੈਨਡਾ ਭੇਜਣ ਦਾ ਵਾਅਦਾ ਕੀਤਾ ਹੈ ਜਿਸ ਵਿੱਚੋਂ ਮਾਰਚ ਦੇ ਅੰਤ ਤੱਕ ਦੋ ਮਿਲੀਅਨ ਡੋਜ਼ਾਂ ਕੈਨੇਡਾ ਨੂੰ ਹਾਸਲ ਹੋਣ ਦੀ ਉਮੀਦ ਹੈ।

ਪਰ ਇਨ੍ਹਾਂ ਦੋਵਾਂ ਕੰਪਨੀਆਂ ਵੱਲੋਂ ਵੈਕਸੀਨ ਭੇਜਣ ਵਿੱਚ ਕੀਤੀ ਜਾਣ ਵਾਲੀ ਦੇਰ ਤੇ ਐਸਟ੍ਰਾਜ਼ੈਨੇਕਾ ਦੀ ਵੈਕਸੀਨ ਦੇ ਉਤਪਾਦਨ ਵਿੱਚ ਹੋਣ ਵਾਲੀ ਦੇਰ ਤੋਂ ਬਾਅਦ ਯੂਰਪ ਵੱਲੋਂ ਯੂਰਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਵਿੱਚ ਬਣਨ ਵਾਲੀਆਂ ਕੋਵਿਡ-19 ਵੈਕਸੀਨਜ਼ ਲਈ ਐਕਸਪੋਰਟ ਕੰਟਰੋਲ ਪਾਲਿਸੀ ਲਾਗੂ ਕੀਤੀ ਗਈ ਹੈ। ਇਸ ਤੋਂ ਮਤਲਬ ਹੈ ਕਿ ਕੰਪਨੀਆਂ ਨੂੰ ਆਪਣੀ ਖੇਪ ਹੋਰਨਾਂ ਦੇਸ਼ਾਂ ਨੂੰ ਭੇਜਣ ਤੋਂ ਪਹਿਲਾਂ ਵੈਕਸੀਨ ਦੇ ਐਕਸਪੋਰਟ ਲਈ ਇਜਾਜ਼ਤ ਲੈਣੀ ਹੋਵੇਗੀ।

ਕੈਨੇਡਾ ਉਨ੍ਹਾਂ 120 ਦੇਸ਼ਾਂ ਵਿੱਚ ਸ਼ਾਮਲ ਨਹੀਂ ਜਿਨ੍ਹਾਂ ਨੂੰ ਇਸ ਨੀਤੀ ਤੋਂ ਛੋਟ ਦਿੱਤੀ ਗਈ ਹੈ। ਕੰਜ਼ਰਵੇਟਿਵ ਐਮਪੀ ਵੱਲੋਂ ਮੰਗ ਕੀਤੀ ਗਈ ਹੈ ਕਿ ਸਰਕਾਰ ਇਹ ਦੱਸੇ ਕਿ ਉਹ ਵਾਅਦੇ ਮੁਤਾਬਕ ਵੈਕਸੀਨ ਹਾਸਲ ਕਰਨ ਲਈ ਕੀ ਕਰ ਰਹੀ ਹੈ। ਅਲਬਰਟਾ ਦੀ ਐਮਪੀ ਰੈਂਡੀ ਹੌਬੈਕ ਨੇ ਆਖਿਆ ਕਿ ਯੂਰਪ ਦੀ ਇਹ ਨੀਤੀ ਸਾਡੇ ਨਾਲ ਧੋਖਾ ਹੈ।

ਇੰਟਰਨੈਸ਼ਨਲ ਟਰੇਡ ਮੰਤਰੀ ਮੈਰੀ ਐਨਜੀ ਨੇ ਦੱਸਿਆ ਕਿ ਕੈਨੇਡਾ ਨੂੰ ਯੂਰਪੀਅਨ ਆਗੂਆਂ ਵੱਲੋਂ ਕਈ ਵਾਅਦੇ ਕੀਤੇ ਗਏ ਹਨ ਪਰ ਉਹ ਸਾਰੇ ਮੂੰਹਜ਼ੁਬਾਨੀ ਹਨ, ਜਾਂ ਫਿਰ ਫੋਨ ਕਾਲਜ਼ ਉੱਤੇ ਕੀਤੇ ਗਏ ਹਨ ਪਰ ਲਿਖਤੀ ਤੌਰ ਉੱਤੇ ਕੁੱਝ ਨਹੀਂ ਆਖਿਆ ਗਿਆ। ਉਨ੍ਹਾਂ ਆਖਿਆ ਕਿ ਸਰਕਾਰ ਯੂਰਪ ਨੂੰ ਕੈਨੇਡਾ ਦੀ ਅਹਿਮੀਅਤ ਦੱਸਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜੇ ਇਹ ਵਾਅਦੇ ਤੋੜੇ ਜਾਂਦੇ ਹਨ ਤਾਂ ਵੀ ਕੈਨੇਡਾ ਤਿਆਰੀ ਕਰ ਕੇ ਬੈਠਾ ਹੈ ਕਿ ਕੀ ਕਰਨਾ ਹੈ। ਪਰ ਇਸ ਸਬੰਧ ਵਿੱਚ ਹੋਰ ਖੁਲਾਸਾ ਨਹੀਂ ਕੀਤਾ ਗਿਆ।

# ਲਾਪਤਾ ਲੜਕੀ ਦੀ ਭਾਲ ਕਰ ਰਹੀ ਹੈ ਪੁਲਿਸ

ਦਰਹਾਮ, 4 ਫਰਵਰੀ (ਪੋਸਟ ਬਿਊਰੋ) : ਲਾਪਤਾ ਟੀਨੇਜਰ ਦੀ ਭਾਲ ਲਈ ਦਰਹਾਮ ਰੀਜਨਲ ਪੁਲਿਸ ਵੱਲੋਂ ਜਨਤਾ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ।

ਇਸ 14 ਸਾਲਾ ਲੜਕੀ ਮੀਆ ਲੀਸਨ ਨੂੰ ਆਖਰੀ ਵਾਰੀ ਪਿੱਕਰਿੰਗ ਸਥਿਤ ਉਸ ਦੇ ਘਰ ਵਿੱਚ ਵੇਖਿਆ ਗਿਆ ਸੀ। ਇਹ 30 ਜਨਵਰੀ, 2021 ਦੀ ਗੱਲ ਹੈ ਤੇ ਲੜਕੀ ਦਾ ਘਰ ਪਿੱਕਰਿੰਗ ਟਾਊਨ ਸੈਟਰ ਦੇ ਨੇੜੇ ਸਥਿਤ ਹੈ। ਦਰਹਾਮ ਪੁਲਿਸ ਦਾ ਕਹਿਣਾ ਹੈ ਕਿ ਉਹ ਪਹਿਲਾਂ ਵੀ



ਲਾਪਤਾ ਹੋ ਚੁੱਕੀ ਹੈ ਤੇ ਟੋਰਾਂਟੋ ਏਰੀਆ ਵਿੱਚ ਉਸ ਦੇ ਦੋਸਤ ਵੀ ਹਨ। ਉਸ ਦਾ ਪਰਿਵਾਰ ਉਸ ਨੂੰ ਲੈ ਕੇ ਫਿਕਰਮੰਦ ਹੈ।

ਪੁਲਿਸ ਵੱਲੋਂ ਦਿੱਤੇ ਗਏ ਵੇਰਵੇ ਅਨੁਸਾਰ ਉਸ ਦਾ ਕੱਦ 5 ਫੁੱਟ 6 ਇੰਚ, ਵਜ਼ਨ 135 ਪਾਊਂਡ, ਭੂਰੇ ਰੰਗ ਦੇ ਮੋਢਿਆਂ ਤੱਕ ਘੁੰਗਰਾਲੇ ਵਾਲ ਦੱਸੇ ਗਏ ਹਨ। ਉਸ ਦੇ ਕੱਪੜਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

# ਪੈਰਿਟੀ ਸੀਨੀਅਰਜ਼ ਕਲੱਬ ਨੇ ਭਾਰਤ ਦਾ ਗਣਤੰਤਰ ਦਿਵਸ ਮਨਾਇਆ

ਬਰੈਂਪਟਨ, (ਡਾ. ਝੰਡ) - ਕਰੋਨਾ ਦੇ ਚੱਲ ਰਹੇ ਅਜੋਕੇ ਪ੍ਰਭਾਵ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੈਰਿਟੀ ਸੀਨੀਅਰਜ਼ ਕਲੱਬ ਵੱਲੋਂ ਲੰਘੇ ਮੰਗਲਵਾਰ 26 ਜਨਵਰੀ ਨੂੰ ਜੈਨਿਸ ਪਾਰਕ 49, ਜਿੱਥੇ ਪਹਿਲਾਂ ਵੀ ਇਸ ਕਲੱਬ ਵੱਲੋਂ ਭਾਰਤ ਅਤੇ ਕੈਨੇਡਾ ਦੇ ਅਹਿਮ ਦਿਹਾੜੇ ਸਾਂਝੇ ਤੌਰ 'ਤੇ ਪੂਰੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ, ਭਾਰਤ ਦਾ 72'ਵਾਂ ਗਣਤੰਤਰ ਦਿਵਸ ਸੰਕੇਤਕ ਤੌਰ 'ਤੇ ਮਨਾਇਆ ਗਿਆ। ਸਵੇਰ ਤੋਂ ਹੀ ਹੋ ਰਹੀ ਲਗਾਤਾਰ ਬਰਫ਼ਬਾਰੀ ਕਾਰਨ ਖ਼ਰਾਬ ਮੌਸਮ ਦੇ ਬਾਵਜੂਦ ਕਲੱਬ ਦੇ ਮੈਂਬਰਾਂ ਵੱਲੋਂ



ਇਸ ਮੌਕੇ ਭਾਰਤ ਦੇ ਤਿਰੰਗੇ ਝੰਡੇ, ਕੈਨੇਡਾ ਦੇ ਮੇਪਲ ਲੀਫ਼ ਵਾਲੇ ਸਫ਼ੈਦ ਤੇ ਲਾਲ ਝੰਡੇ ਅਤੇ ਇਸ ਸਮੇਂ ਦਿੱਲੀ ਵਿਚ ਚੱਲ ਰਹੇ ਕਿਸਾਨੀ ਅੰਦੋਲਨ ਦੇ ਪ੍ਰਤੀਕ ਸਫ਼ੈਦ ਝੰਡੇ ਨੂੰ ਸਾਬਕਾ ਫ਼ੌਜੀਆਂ ਵੱਲੋਂ ਸਲਾਮੀ ਦਿੱਤੀ ਗਈ।

ਸਲਾਮੀ ਦੇਣ ਵਲਿਆਂ ਵਿਚ ਸਾਬਕਾ ਫ਼ੌਜੀ ਕੈਪਟਨ ਇਕਬਾਲ ਸਿੰਘ ਵਿਰਕ, ਕਰੋੜਾ ਸਿੰਘ ਅਤੇ ਜਸਵੰਤ ਸਿੰਘ ਸ਼ਾਮਲ ਸਨ। ਉਨ੍ਹਾਂ ਵੱਲੋਂ ਭਾਰਤ ਦੇ ਕਿਸਾਨੀ ਅੰਦੋਲਨ ਦੀ ਪੂਰੀ ਹਮਾਇਤ ਕੀਤੀ ਗਈ ਅਤੇ ਕੈਨੇਡਾ ਅਤੇ ਭਾਰਤ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਕੈਪਟਨ ਇਕਬਾਲ ਸਿੰਘ ਵਿਰਕ (647-631-9445), ਜਗਜੀਤ ਸਿੰਘ (905-840-4891), ਜਸਵੰਤ ਸਿੰਘ (647-853-0034) ਜਾਂ ਕਰੋੜਾ ਸਿੰਘ (905-840-6611) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



## ਅ ਅੱਜ ਨਾਮਾ

ਕੰਗਨਾ ਕਰਨੋਂ ਕੁਪੱਤ ਨਹੀਂ ਕਦੇ ਰਹਿੰਦੀ,
ਛੱਡਦੀ ਰਹਿੰਦੀ ਆ ਨਿੱਤ ਬਿਆਨ ਭਾਈ।
ਵਰਤਦੀ ਲਫਜ਼ ਵੀ ਏਦਾਂ ਦਾ ਬਹੁਤ ਭੈੜਾ,
ਜਿਸ ਦੇ ਮਤਲਬ ਦਾ ਨਹੀਂ ਗਿਆਨ ਭਾਈ।
ਦਿੱਤੀ ਖੁੱਲ੍ਹ ਜਿਹੀ ਕੇਂਦਰ ਦੇ ਹਾਕਮਾਂ ਨੇ,
ਵਿਗੜੀ ਉਹਦੀ ਹੈ ਜਿਵੇਂ ਜ਼ਬਾਨ ਭਾਈ।
ਅਗਲੀ ਚੋਣ ’ਤੇ ਟਿਕੀ ਹੈ ਨਜ਼ਰ ਉਹਦੀ,
ਐੱਮ ਪੀ ਬਣਨ ਦਾ ਸਾਫ ਧਿਆਨ ਭਾਈ।
ਆਪਣੀ ਇੱਜ਼ਤ ਦਾ ਰੱਖੇ ਨਾ ਫਿਕਰ ਭੋਰਾ,
ਲਾਹੁੰਦੀ ਦੂਜਿਆਂ ਦੀ ਇੱਜ਼ਤ ਜਾਏ ਭਾਈ।
ਆਉਂਦੀ ਸ਼ਰਮ ਹੈ ਮੁਲਕ ਦੇ ਹਾਕਮਾਂ ’ਤੇ,
ਜੀਹਨਾਂ ਇਹੋ ਜਿਹੇ ਲੋਕ ਮਛਰਾਏ ਭਾਈ।

**ਤੀਸ ਮਾਰ ਖਾਂ**

# ਬਰਗਾੜੀ ਬੇਅਦਬੀ ਕੇਸ: ਸੀ ਬੀ ਆਈ ਨੇ ਕੇਸ ਦੀਆਂ ਫਾਈਲਾਂ ਪੰਜਾਬ ਪੁਲਸ ਨੂੰ ਸੌਂਪੀਆਂ

### * ਕੈਪਟਨ ਵੱਲੋਂ ਅਕਾਲੀ ਆਗੂਆਂ ਉੱਤੇ ਖੜੇ ਪੈਰ ਚਾਂਦਮਾਰੀ

ਚੰਡੀਗੜ੍ਹ, 4 ਫਰਵਰੀ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ ਕੇਂਦਰੀ ਜਾਂਚ ਏਜੰਸੀਸੀ ਬੀ ਆਈ ਨੇ ਇਸਦੀਆਂ ਫਾਈਲਾਂ ਆਖਰ ਪੰਜਾਬ ਪੁਲਸ ਨੂੰ ਸੌਂਪਦਿੱਤੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇਫੇਸਬੁੱਕਉਤੇ ਇਹ ਜਾਣਕਾਰੀ ਦੇਂਦੇ ਸਮੇਂ ਅਕਾਲੀ ਆਗੂਆਂ ਉੱਤੇ ਜ਼ੋਰਦਾਰ ਹਮਲਾ ਕੀਤਾ ਅਤੇ ਕੇਸ ਛੇਤੀ ਸਿਰੇ ਲਾਉਣ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਿੱਚੋਂ ਅਕਾਲੀ ਦਲ ਦੇ ਨਿਕਲਣ ਤੋਂ ਕੁਝ ਮਹੀਨੇ ਬਾਅਦ ਹੀ ਇਸ ਕੇਸ ਦੇ ਕਾਗਜ਼ ਪੰਜਾਬ ਨੂੰ ਮਿਲ ਜਾਣਾ ਸਾਬਤ ਕਰਦਾ ਹੈ ਕਿ ਹਰਸਿਮ-ਰਤ ਕੌਰ ਬਾਦਲ ਨੇ ਜਾਂਚਵਿੱਚ ਰੁਕਾਵਟ ਪਾਈ ਹੋਈ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਈ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਇਸ ਘਟਨਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏਗੀ।

ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂਸੀ ਬੀ ਆਈ ਲਈ ਤੈਅ ਕੀਤੀ ਤਰੀਕ ਦੇ ਲੰਘਣ ਤੋਂ ਕੁਝ ਘੰਟੇ ਪਹਿਲਾਂ ਸੀ ਬੀ ਆਈਨੇ ਇਨ੍ਹਾਂ ਕੇਸਾਂ ਦੇ ਦਸਤਾਵੇਜ਼ ਅਤੇ ਫਾਈਲਾਂ ਪੰਜਾਬ ਪੁਲਸ ਨੂੰ ਸੌਂਪ ਦਿੱਤੀਆਂ ਹਨ। ਪੰਜਾਬ ਦੇ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਨੇ ਸੀ ਬੀ ਆਈਦੇ ਡਾਇਰੈਕਟਰ ਨੂੰ ਬੀਤੀ18 ਜਨਵਰੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਬੇਅਦਬੀ ਕੇਸਾਂ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਲੈਣ ਪਿੱਛੋਂ ਕਿਸੇ ਦੇਰੀ ਤੋਂ ਬਿਨਾਂ ਰਾਜ ਸਰਕਾਰ ਨੂੰ ਇਸ ਦਾ ਸਾਰਾ ਰਿਕਾਰਡ ਦਿੱਤਾ ਜਾਵੇ ਅਤੇ ਇਸ ਦੇ ਨਾਲ-ਨਾਲ ਸੀ ਬੀ ਆਈ ਨੂੰ 2 ਨਵੰਬਰ 2015 ਨੂੰ ਜਾਰੀ ਨੋਟੀਫਿਕੇਸ਼ਨ ਹੇਠ ਤਬਦੀਲ ਕੀਤੇ ਕੇਸਾਂ ਵਿੱਚ ਇਕੱਠੇ ਕੀਤੇ ਸਬੂਤ ਵੀ ਭੇਜਣ ਲਈ ਕਿਹਾ ਸੀ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੀ ਬੀ ਆਈ ਤੋਂ ਫਾਈਲਾਂ ਮਿਲਣ ਨੂੰ ਰਾਜ ਸਰਕਾਰ ਦੀ ਜਿੱਤ ਦੱਸਦੇ ਹੋਏ ਕਿਹਾ ਕਿ ਇਸ ਨਾਲ ਪੰਜਾਬ ਸਰਕਾਰ ਦੇ ਉਸ ਸਟੈਂਡ ਦੀ ਪੁਸ਼ਟੀ ਹੋਈ ਹੈ ਕਿ ਪਹਿਲਾਂ ਅਕਾਲੀ ਦਲ ਦੇ ਕਹੇ ਉੱਤੇ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੀ ਜਾਂਚ ਵਿੱਚਸੀ ਬੀ ਆਈਵੱਲੋਂ ਰੁਕਾਵਟਾਂ ਪਾਈਆਂ ਗਈਆਂ ਸਨ, ਕਿਉਂਕਿ ਸਤੰਬਰ 2020 ਤੱਕ ਅਕਾਲੀ ਦਲ ਕੇਂਦਰ ਸਰਕਾਰ ਵਿੱਚਸ਼ਾਮਲ ਸੀ। ਉਨ੍ਹਾਂ ਕਿਹਾ, ‘ਅੱਜ ਸਪੱਸ਼ਟ ਹੋ ਗਿਆ ਹੈ ਕਿ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਹੁੰਦਿਆਂ ਸੀ ਬੀ ਆਈ ਉੱਤੇ ਦਬਾਅ ਪਾਉਂਦੀ ਸੀ ਕਿ ਕੇਸ ਦੇ ਦਸਤਾਵੇਜ਼ ਪੰਜਾਬ ਪੁਲਸ ਨੂੰ ਦੇਣ ਦੀ ਬਜਾਏਐੱਸ ਆਈ ਟੀ ਦੀ ਜਾਂਚ ਵਿੱਚ ਅੜਿੱਕੇ ਡਾਹੁਣ ਲੱਗੀ ਰਹੇ, ਕਿਉਂਕਿ ਉਹ ਜਾਣਦੇ ਹਨ ਕਿ ਜੇ ਜਾਂਚ ਕਾਨੂੰਨੀ ਨਤੀਜੇ ਉੱਤੇਚਲੀ ਗਈ ਤਾਂ ਸਾਰੇ ਕੇਸਵਿੱਚ ਉਨ੍ਹਾਂ ਦੀ ਪਾਰਟੀ ਦੀ ਭੂਮਿਕਾ ਜ਼ਾਹਰ ਹੋ ਜਾਵੇਗੀ।’ ਅਮਰਿੰ-ਦਰ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਇਹ ਕਾਂਡ ਹੋਇਆ ਸੀ, ਸਾਡੀ ਸਰਕਾਰ ਨੇ ਆ ਕੇ 6 ਜੂਨ 2018ਨੂੰ ਰਣਜੀਤ ਸਿੰਘ ਕਮਿਸ਼ਨ ਬਣਾਇਆ ਤੇ ਇਸ ਕਮਿਸ਼ਨ ਦੀ ਰਿਪੋਰਟ ਵਿੱਚ ਕਾਫ਼ੀ ਕੁਝ ਸਾਫ ਹੋ ਗਿਆ ਸੀ। ਉਸ ਪਿੱਛੋਂ ਪੰਜਾਬ ਅਸੈਂਬਲੀਨੇਮਤਾ ਪਾਸ ਕੀਤਾ ਕਿ ਸੀ ਬੀ ਆਈ ਇਹ ਕੇਸ ਵਾਪਸ ਦੇਵੇ, ਪਰ ਸੀ ਬੀ ਆਈ ਟਾਲਦੀ ਰਹੀ, ਕਿਉਂਕਿ ਕੇਂਦਰਵਿੱਚ ਬੈਠੀ ਹਰਸਿਮਰਤ ਕੌਰ ਬਾਦਲ ਚਾਹੁੰਦੀ ਸੀ ਕਿ ਕਾਗਜ਼ ਨਾ ਮੋੜੇ ਜਾਣ। ਉਨ੍ਹਾਂ ਕਿਹਾ ਕਿ ਹਾਈਕੋਰਟ ਵੱਲੋਂ ਜਨਵਰੀ 2019 ਵਿੱਚਰਾਜ ਸਰਕਾਰ ਦਾ ਫੈਸਲਾ ਕਾਇਮ ਰੱਖੇ ਜਾਣ ਪਿੱਛੋਂ ਵੀ ਇਸ ਕੇਸਦੀਆਂ ਡਾਇਰੀਆਂ ਦੇਣ ਤੋਂਸੀ ਬੀ ਆਈਨੇ ਇਨਕਾਰ ਕਰ ਦਿੱਤਾ ਅਤੇ ਫਰਵਰੀ 2020 ਵਿੱਚ ਸੁਪਰੀਮ ਕੋਰਟ ਅੱਗੇ ਹਾਈਕੋਰਟ ਦੇ ਫੈਸਲੇ ਨੂੰ ਚੁਣੌਤੀ ਦੇ ਦਿੱਤੀ, ਪਰ ਸੁਪਰੀਮ ਕੋਰਟ ਨੇ ਵੀ ਉਹ ਅਪੀਲ ਰੱਦ ਕਰ ਦਿੱਤੀ ਸੀ।

ਜੂਨ ਤੋਂ ਅਕਤੂਬਰ 2015 ਦੌਰਾਨ ਫਰੀਦਕੋਟ ਜ਼ਿਲੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਇਕ ਗੁਰਦੁ-ਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਮਗਰੋਂ ਇਸ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ ਤੇ ਪਿੰਡ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਮਿਲੇ ਸਨ। ਇਨ੍ਹਾਂ ਘਟਨਾਵਾਂ ਪਿੱਛੋਂ ਅਕਤੂਬਰ 2015 ਵਿੱਚਵੱਡੇ ਪੱਧਰ ਉੱਤੇ ਧਰਨੇ ਅਤੇ ਮੁਜ਼ਾਹਰੇ ਹੋਏ ਤਾਂ ਪੁਲਸ ਕਾਰਵਾਈ ਵਿੱਚ 2 ਜਣਿਆਂ ਦੀ ਮੌਤ ਹੋ ਗਈ ਤੇ ਕਈ ਜ਼ਖਮੀ ਹੋਏ ਸਨ। ਸਾਲ 2015 ਵਿੱਚਓਦੋਂ ਦੀ ਅਕਾਲੀ ਸਰਕਾਰ ਨੇ ਬੇਅਦਬੀ ਕੇਸਾਂ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਅਤੇ ਸੇਵਾ-ਮੁਕਤ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਬਣਾ ਕੇਉਸ ਕੋਲੋਂ ਇਨ੍ਹਾਂ ਕੇਸਾਂ ਤੇ ਧਰਨਿਆਂ ਵੇਲੇ ਪੁਲੀਸ ਕਾਰਵਾਈ ਦੀ ਜਾਂਚ ਕਰਵਾਈ ਸੀ, ਪਰ ਸਾਲ 2016 ਵਿੱਚਜਾਂਚ ਰਿਪੋਰਟ ਮਿਲਣਪਿੱਛੋਂ ਸਾਲ 2017 ਵਿੱਚ ਕਾਂਗਰਸ ਸਰਕਾਰ ਬਣਨ ਉੱਤੇ ਸੇਵਾ-ਮੁਕਤ ਜਸਟਿਸ ਜ਼ੋਰਾ ਸਿੰਘ ਦੀ ਰਿਪੋਰਟ ਬੇਲੋੜੀ ਮੰਨਦੇ ਹੋਏ ਸੇਵਾ-ਮੁਕਤ ਜਸਟਿਸ ਰਣਜੀਤ ਸਿੰਘਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਸੀ, ਜਿਸ ਨੇ ਸਾਲ 2018 ਵਿੱਚ ਨਵੀਂਰਿਪੋਰਟ ਸੌਂਪੀ ਸੀ।

# ਕਿਸਾਨੀ ਸੰਘਰਸ਼ ਉੱਤੇ ਟਿਪਣੀ ਕਰਨ ਕਰ ਕੇ ਦਿੱਲੀ ਪੁਲਸ ਵੱਲੋਂ ਗ੍ਰੇਟਾ ਥਨਬਰਗ ਉੱਤੇ ਕੇਸ ਦਰਜ

### * ਕੇਸ ਦਰਜ ਹੋਣ ਪਿੱਛੋਂ ਗ੍ਰੇਟਾ ਨੇ ਫਿਰ ਟਵੀਟ ਕੀਤਾ

ਨਵੀਂ ਦਿੱਲੀ, 4 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਰਾਜਧਾਨੀ ਦਿੱਲੀ ਵਿਚ ਕਰੀਬ ਢਾਈ ਮਹੀਨੇ ਤੋਂ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਕਈ ਵਿਦੇਸ਼ੀ ਹਸਤੀਆਂ ਨੇ ਟਿੱਪਣੀ ਕੀਤੀ ਹੈ। ਇਸ ਦੌਰਾਨ ਸਵੀਡਨ ਦੀ ਰਹਿਣ ਵਾਲੀ ਵਾਤਾਵਰਨ ਬਾਰੇ ਸਮਾਜੀ ਕਾਰਕੁਨ ਗ੍ਰੇਟਾ ਥਨਬਰਗ ਦੇ ਟਵੀਟ ਕਾਰਨ ਦਿੱਲੀ ਪੁਲਸ ਨੇ ਉਸ ਦੇ ਖਿਲਾਫਧਾਰਾ-153ਏ, 120ਬੀ ਦਾ ਕੇਸ ਦਰਜ ਕਰ ਲਿਆ ਹੈ।



ਗ੍ਰੇਟਾ ਥਨਬਰਗ ਨੇ ਸੰਘਰਸ਼ ਕਰਦੇ ਕਿਸਾਨਾਂ ਦੇ ਪੱਖ ਵਿਚ ਕੀਤੇ ਇਸ ਟਵੀਟ ਵਿਚ ਭਾਰਤ ਸਰਕਾਰ ਚਲਾ ਰਹੀ ਪਾਰਟੀ ਉੱਤੇ ਸਵਾਲ ਖੜ੍ਹੇ ਕੀਤੇ ਤੇ ਕਿਹਾ ਸੀ ਕਿ ਭਾਰਤ ਸਰਕਾਰ ਉੱਤੇ ਕਿਸ ਤਰ੍ਹਾਂ ਦਬਾਅ ਬਣਾਇਆ ਜਾ ਸਕਦਾ ਹੈ। ਇਸ ਲਈ ਉਸ ਨੇ ਆਪਣੀ ਕਾਰਜ ਯੋਜਨਾ ਦਾ ਇਕ ਦਸਤਾਵੇਜ਼ ਵੀ ਸ਼ੇਅਰ ਕੀਤਾ ਸੀ, ਜੋ ਦਿੱਲੀ ਦੀ ਪੁਲਸ ਮੁਤਾਬਕ ਭਾਰਤ ਵਿਰੋਧੀ ਪ੍ਰਚਾਰ ਮੁਹਿੰਮ ਦਾ ਹਿੱਸਾ ਹੈ। ਇਸ ਦੀ ਕਈ ਪਾਸਿਆਂ ਤੋਂ ਨਿੰਦਾ ਵੀ ਹੋਈ ਸੀ। ਕਿਸਾਨੀ ਮਾਮਲੇ ਉੱਤੇ ਵਿਦੇਸ਼ੀ ਹਸਤੀਆਂ ਦੇ ਦਖਲ ਉੱਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਬੁੱਧਵਾਰ ਨੂੰ ਇਕ ਬਿਆਨ ਜਾਰੀ ਕੀਤਾ ਸੀ ਕਿ ਇਹ ਦੇਖ ਕੇ ਬਹੁਤ ਦੁੱਖ ਹੋਇਆ ਕਿ ਕੁਝ ਯੂਨੀਅਨਾਂ ਅਤੇ ਲੋਕ ਆਪਣਾ ਏਜੰਡਾ ਥੋਪਣ ਲਈ ਏਦਾਂ ਦੇ ਬਿਆਨ ਦੇ ਰਹੇ ਹਨ, ਜਦ ਕਿ ਕਿਸੇ ਵੀ ਤਰ੍ਹਾਂ ਦੀ ਟਿਪਣੀ ਕਰਨ ਤੋਂ ਪਹਿਲਾਂ ਤੱਥਾਂ ਅਤੇ ਹਾਲਤਾਂ ਦੀ ਜਾਂਚ ਕਰਨੀ ਜ਼ਰੂਰੀ ਹੈ। ਇਸ ਸਥਿਤੀ ਵਿਚ ਕਿਸੇ ਵੀ ਹਸਤੀ ਵੱਲੋਂ ਸੰਵੇਦਨਸ਼ੀਲ ਟਵੀਟ ਕਰਨਾ ਜਾਂ ਹੈਸ਼ਟੈਗ ਚਲਾਉਣਾ ਜ਼ਿੰਮੇਵਾਰੀ ਵਾਲਾ ਕਦਮ ਨਹੀਂ ਹੈ।

ਦਿੱਲੀ ਪੁਲਸ ਵੱਲੋਂ ਇਸ ਬਾਰੇ ਕੇਸ ਦਰਜ ਕੀਤੇ ਜਾਣ ਪਿੱਛੋਂ ਗ੍ਰੇਟਾ ਥਨਬਰਗ ਨੇ ਫਿਰ ਟਵੀਟ ਕਰ ਕੇ ਕਿਹਾ ਹੈ ਕਿ ਉਹ ਸੰਘਰਸ਼ ਕਰਦੇ ਕਿਸਾਨਾਂ ਦੇ ਨਾਲ ਖੜ੍ਹੀ ਹੈ। ਉਸ ਨੇ ਟਵੀਟ ਕੀਤਾ ਕਿ ਮੈਂ ਕਿਸਾਨਾਂ ਦੇ ਸ਼ਾਂਤੀ ਪੂਰਨ ਪ੍ਰਦਰਸ਼ਨ ਕਰਦੇ ਲੋਕਾਂ ਦੇ ਨਾਲ ਹਾਂ, ਕੋਈ ਵੀ ਨਫਰਤ ਜਾਂ ਧਮਕੀ ਇਸ ਨੂੰ ਬਦਲ ਨਹੀਂ ਸਕਦੀ।

## ਦਿੱਲੀ ਪੁਲਸ ਦੀ ਸਫਾਈ: ਗ੍ਰੇਟਾ ਥਨਬਰਗ ਉੱਤੇ ਨਹੀਂ, ਟੂਲਕਿੱਟ ਦੇ ਲੇਖਕ ਵਿਰੁੱਧ ਕੇਸ ਦਰਜ ਕੀਤਾ ਗਿਐ

ਨਵੀਂ ਦਿੱਲੀ, 4 ਫਰਵਰੀ, (ਪੋਸਟ ਬਿਊਰੋ)- ਭਾਰਤ ਦੇਕਿਸਾਨਾਂ ਦੇ ਅੰਦੋਲਨ ਬਾਰੇ ਟਵੀਟ ਕਰਨ ਉੱਤੇਸੰਸਾਰ ਪ੍ਰਸਿੱਧ ਵਾਤਾਵਰਨ ਕਾਰਕੁਨ ਗ੍ਰੇਟਾ ਥਨਬਰਗ ਦੇ ਖ਼ਿਲਾਫ਼ ਕੇਸ ਦਰਜ ਪਿੱਛੋਂਦਿੱਲੀ ਪੁਲਿਸ ਨੇ ਸਾਫ ਕੀਤਾ ਹੈ ਕਿ ਦਰਜ ਕੀਤੇ ਗਏ ਇਸ ਕੇਸਵਿੱਚ ਕਿਸੇ ਥਾਂ ਵੀਗ੍ਰੇਟਾ ਥਨਬਰਗਦਾ ਨਾਂ ਦਰਜ ਨਹੀਂ ਹੈ।

ਦਿੱਲੀ ਪੁਲਿਸ ਦੇ ਸਪੈਸ਼ਲਕਮਿਸ਼ਨਰ ਪ੍ਰਵੀਰ ਰੰਜਨ ਨੇ ਕਿਹਾ ਕਿ ‘ਕੁਝ ਵੈਸਟਰਨ ਹਿੱਤਾਂ ਵਾਲੇ ਸੰਗਠਨ ਕਿਸਾਨ ਅੰਦੋਲਨ ਦੇ ਨਾਮ ਉੱਤੇ ਭਾਰਤ ਸਰਕਾਰ ਦੇ ਖਿਲਾਫ ਗਲਤ ਮੁਹਿੰਮ ਚਲਾ ਰਹੇ ਹਨ। ਸੋਸ਼ਲ ਮੀਡੀਆ ਦੀ ਚੌਕਸੀ ਦੌਰਾਨ ਇਕ ਟੂਲਕਿੱਟ ਮਿਲੀ ਹੈ, ਜਿਸ ਦੇ ਲੇਖਕ ਦੇ ਖਿਲਾਫ ਸ਼ਿਕਾਇਤ ਦਰਜ ਕੀਤੀ ਗਈ ਹੈ, ਇਸ ਵਿੱਚ ਕੋਈ ਨਾਮ ਨਹੀਂ ਹੈ, ਇਹ ਸ਼ਿਕਾਇਤ ਸਿਰਫ ਟੂਲਕਿੱਟ ਨੂੰ ਬਣਾਉਣ ਵਾਲਿਆਂ ਦੇ ਵਿਰੁੱਧ ਹੈ, ਜੋ ਜਾਂਚ ਦਾ ਵਿਸ਼ਾ ਹੈ।’ ਉਨ੍ਹਾ ਨੇ ਕਿਹਾ ਕਿ ਦਿੱਲੀ ਪੁਲਿਸ ਸੋਸ਼ਲ ਮੀਡੀਆ ਪਲੇਟਫਾਰਮਸ ਉੱਤੇ ਤਿੱਖੀ ਨਜ਼ਰ ਰੱਖ ਰਹੀ ਹੈ ਤੇ ਚੌਕਸੀ ਦੌਰਾਨ ਪੁਲਿਸ ਨੇ 300 ਤੋਂ ਵੱਧ ਅਜਿਹੇ ਪਲੇਟਫਾਰਮ ਪਛਾਣੇ ਹਨ, ਜੋ ਭਾਰਤ ਸਰਕਾਰ ਵਿਰੁੱਧ ਨਫ਼ਰਤ ਫੈਲਾਉਣ ਤੇ ਦੇਸ਼ ਦੀ ਭਾਈਚਾਰਕ ਸਾਂਝ ਨੂੰ ਵਿਗਾੜਨ ਲਈ ਵਰਤੇ ਜਾ ਰਹੇ ਸਨ। ਇਨ੍ਹਾਂ ਨੂੰ ਕੁਝ ਵੈਸਟਰਨ ਹਿੱਤ ਵਾਲੇ ਸੰਗਠਨਾਂ ਵੱਲੋਂ ਵਰਤਿਆ ਜਾਂਦਾ ਹੈ, ਜਿਹੜੇ ਕਿਸਾਨੀ ਲਹਿਰ ਦੇ ਨਾਮ ਉੱਤੇ ਭਾਰਤ ਸਰਕਾਰ ਦੇ ਖਿਲਾਫ ਗਲਤ ਪ੍ਰਚਾਰ ਕਰ ਰਹੇ ਹਨ।

## ਅਕਾਲੀ ਦਲ ਨੇ ਕਿਹਾ: ਬੇਅਦਬੀ ਕੇਸ ਵਿੱਚ ਅਮਰਿੰਦਰ ਸਿੰਘ ਅਦਾਲਤੀ ਦਖਲ ਦੀ ਗੱਲ ਤੋੜ-ਮਰੋੜ ਕੇ ਪੇਸ਼ ਕਰਦੈ

ਚੰਡੀਗੜ੍ਹ, 4 ਫਰਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਉਹ ਆਪਣੀਆਂ ਅਸਫਲਤਾਵਾਂ ਉੱਤੇ ਪਰਦਾ ਪਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਨੂੰ ਬਹਾਨੇ ਵਜੋਂ ਨਾ ਵਰਤਣ ਤੇ ਕਿਸਾਨ ਅੰਦੋਲਨ ਤੋਂ ਲੋਕਾਂ ਦਾ ਧਿਆਨ ਹਟਾਉਣਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਾਲ ਰਲ ਕੇ ਇਸ ਤਰ੍ਹਾਂ ਦੀ ਸਿਆਸਤ ਨਾ ਕਰਨ।

ਅੱਜ ਏਥੇ ਜਾਰੀ ਕੀਤੇ ਬਿਆਨ ਵਿਚ ਸਾਬਕਾ ਮੰਤਰੀਤੇ ਅਕਾਲੀ ਦਲ ਦੇ ਬੁਲਾਰਾ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਚੇ-ਸਮਝੇ ਟਵੀਟ ਰਾਹੀਂ ਆਪਣੀ ਸਿਆਸੀ ਮਜਬੂਰੀ ਤੇ ਆਪਣੀ ਘਬਰਾਹਟ ਵਿਖਾਈਅਤੇ ਲੋਕਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਦਾਲਤੀ ਦਖਲ ਨੂੰ ਅਮਰਿੰਦਰ ਸਿੰਘ ਜਾਣ-ਬੁੱਝ ਕੇ ਤੋੜ ਮਰੋੜ ਕੇ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਉਸ ਲੀਡਰ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ, ਜਿਸਨੇ ਪੰਜਾਬ ਦੇ ਹਿੱਤਾਂ ਨਾਲ ਹਮੇਸ਼ਾ ਧੋਖਾ ਕੀਤਾ ਹੈ ਤੇ ਅੱਜ ਵੀ ਉਹ ਪੰਜਾਬ ਦੇ ਹਿੱਤਾਂ ਤੇ ਕਿਸਾਨ ਅੰਦੋਲਨ ਦੇਹਿੱਤਾਂ ਖਿਲਾਫ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਇਸ ਗੱਲ ਨੂੰ ਸਮਝਦੇ ਹਨ ਕਿ ਮੁੱਖਖ ਮੰਤਰੀ ਅਮਰਿੰਦਰ ਸਿੰਘ ਆਪਣੀ ਕੁਰਸੀ ਬਚਾਉਣ ਲਈ ਭਾਜਪਾ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਦਬਾਅ ਹੇਠਚੱਲ ਰਹੇ ਹਨ ਤੇ ਇਹੀ ਕਾਰਨ ਹੈ ਕਿ ਉਹ ਭਾਜਪਾ ਨੂੰ ਅਜਿਹਾ ਮੌਕਾ ਦੇ ਰਹੇ ਹਨ, ਤਾਂ ਜੋ ਕਿਸਾਨ ਅੰਦੋਲਨ ਤੋਂ ਲੋਕਾਂ ਦਾ ਧਿਆਨ ਪਾਸੇ ਕੀਤਾ ਜਾ ਸਕੇ।

# ਈਰਾਨ ਦੇ ਡਿਪਲੋਮੈਟ ਨੂੰ ਅੱਤਵਾਦੀ ਗਤੀਵਿਧੀਆਂ ਵਿੱਚ ਦੋਸ਼ੀ ਮੰਨਿਆ ਗਿਆ

### * ਯੂਰਪੀ ਯੂਨੀਅਨ ਦੀ ਅਦਾਲਤ ਵੱਲੋਂ 20 ਸਾਲ ਕੈਦ ਦਾ ਹੁਕਮ

ਬੈਲਜੀਅਮ, 4 ਫਰਵਰੀ, (ਪੋਸਟ ਬਿਊਰੋ)- ਯੂਰਪੀਯੂਨੀਅਨ ਦੀ ਅਦਾਲਤ ਨੇ ਇਕ ਈਰਾਨੀ ਡਿਪਲੋਮੈਟ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਡਿਪਲੋਮੈਟ ਈਰਾਨ ਤੋਂ ਜਲਾਵਤਨ ਹੋਏ ਇਕ ਵਿਰੋਧੀ ਨੇਤਾ ਦੀ ਪੈਰਿਸ ਵਿਚ ਹੋ ਰਹੀ ਰੈਲੀ ਵਿਚ ਬੰਬ ਰੱਖਣ ਦੀ ਯੋਜਨਾ ਬਣਾਉਣ ਦਾ ਦੋਸ਼ੀ ਮੰਨਿਆ ਗਿਆ ਹੈ। ਈਰਾਨ ਵਿਚ 1979 ਦੇ ਇਸਲਾਮੀ ਇਨਕਲਾਬ ਪਿੱਛੋਂ ਯੂਰਪ ਵਿਚ ਪਹਿਲੀ ਵਾਰ ਕਿਸੇ ਈਰਾਨੀ ਅਧਿਕਾਰੀ ਨੂੰ ਅੱਤਵਾਦੀ ਸਰਗਰਮੀਆਂ ਲਈ ਸਜ਼ਾ ਦਿੱਤੀ ਗਈ ਹੈ। ਇਸ ਕੇਸ ਵਿਚ ਤਿੰਨ ਹੋਰ ਈਰਾਨੀ ਨਾਗਰਿਕਾਂ ਨੂੰ 15, 17 ਅਤੇ 18 ਸਾਲ ਦੀ ਸਜ਼ਾ ਸੁਣਾਈ ਗਈ ਹੈ। ਬੈਲਜੀਅਮ ਵਿਚ ਸਰਕਾਰੀ ਪੱਖ ਦੇ ਵਕੀਲ ਅਨੁਸਾਰ ਵਿਆਨਾ ਵਿਚ ਈਰਾਨ ਦੇ ਡਿਪਲੋਮੈਟ ਅਸਦ ਉਲਾਹ ਅਸਾਦੀ ਨੂੰ ਅਦਾਲਤ ਨੇ ਜੂਨ 2018 ਵਿਚ ਈਰਾਨ ਦੇ ਇਕ ਜਲਾਵਤਨ ਨੇਤਾ ਦੀ ਰੈਲੀ ਦੇ ਦੌਰਾਨ ਬੰਬ ਰੱਖਣ ਦੀ ਯੋਜਨਾ ਦਾ ਦੋਸ਼ੀ ਮੰਨਿਆ ਹੈ। ਇਸ ਦੀ ਜਾਂਚ ਜਰਮਨੀ, ਫਰਾਂਸ ਅਤੇ ਬੈਲਜੀਅਮ ਦੀ ਪੁਲਿਸ ਨੇ ਕੀਤੀ ਸੀ। ਸੰਵਿਧਾਨ ਅਨੁਸਾਰ ਕਿਸੇ ਵੀ ਡਿਪਲੋਮੈਟ ਨੂੰ ਅਪਰਾਧਦੀ ਸਜ਼ਾ ਤੋਂ ਬਚਣ ਦੀ ਛੋਟ ਨਹੀਂ ਦਿੱਤੀ ਗਈ।

ਅਦਾਲਤ ਵਿਚ ਫ਼ੈਸਲਾ ਸੁਣਾਉਣ ਸਮੇਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਤੇ ਵਕੀਲਾਂ ਦੇ ਇਲਾਵਾ ਕਿਸੇ ਨੂੰ ਵੀ ਕੋਰਟ ਵਿੱਚ ਜਾਣ ਦੀ ਇਜਾਜ਼ਤ ਨਹੀਂ ਸੀ। ਇਸ ਫ਼ੈਸਲੇ ਪਿੱਛੋਂ ਪੈਰਿਸ ਤੋਂ ਪੀਪਲਜ਼ ਮੁਜਾਹਦੀਨ ਆਰਗੇਨਾਈਜੇਸ਼ਨ ਆਫ ਈਰਾਨ ਦੇ ਨੇਤਾ ਸ਼ਾਹੀਨ ਗੋਬਾਦੀ ਨੇ ਕਿਹਾ ਹੈ ਕਿ ਅਦਾਲਤ ਦੇ ਫ਼ੈਸਲੇ ਨਾਲ ਇਹ ਸਿੱਧ ਹੋ ਗਿਆ ਹੈ ਕਿ ਈਰਾਨ ਦੀ ਸਰਕਾਰ ਇਸ ਸਾਜ਼ਿਸ਼ ਵਿਚ ਸ਼ਾਮਲ ਸੀ।

# ਜੱਥੇਦਾਰ ਅਕਾਲ ਤਖਤ ਨੂੰ ਰਿਹਾਇਸ਼ ਤੇ ਦਫਤਰ ਕਿਸੇ ਕੰਮ ਦੇ ਨਹੀਂ ਲੱਗਦੇ

### * ਸ਼੍ਰੋਮਣੀ ਕਮੇਟੀ ਤੋਂ ਨਵੀਂ ਕੋਠੀ ਤੇ ਨਵੇਂ ਦਫਤਰ ਦੀ ਮੰਗ

ਅੰਮ੍ਰਿਤਸਰ, 4 ਫਰਵਰੀ, (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੰਮ੍ਰਿਤਸਰ ਵਿਖੇ ਰਿਹਾਇਸ਼ ਕਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਪਣੇ ਲਈ ਨਵੀਂ ਕੋਠੀ ਅਤੇ ਨਵੇਂ ਦਫਤਰ ਦੀ ਮੰਗ ਕੀਤੀ ਹੈ, ਜਿਸ ਤੋਂ ਬਹੁਤ ਸਾਰੇ ਲੋਕ ਹੈਰਾਨ ਹੋਏ ਹਨ।

ਵਰਨਣ ਯੋਗ ਹੈ ਕਿ ਅਕਤੂਬਰ 2018 ਵਿਚ ਸ੍ਰੀ ਅਕਾਲ ਤਖ਼ਤ ਦੇ ਕੰਮ ਦੇਖਣ ਲਈ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਦਾ ਕਾਰਜਕਾਰੀ ਜੱਥੇਦਾਰ ਲਾਇਆ ਗਿਆ ਸੀ। ਇਸ ਪਿੱਛੋਂ ਵੀ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਰਿਹਾਇਸ਼ ਅੰਮ੍ਰਿਤਸਰ ਦੀ ਬਜਾਏ ਤਲਵੰਡੀ ਸਾਬੋ ਵਿੱਚ ਹੀ ਰੱਖੀ ਸੀ। ਪਿਛਲੇ ਦਿਨੀਂ ਜਦੋਂ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਵਿੱਚ ਪੱਕੀ ਰਿਹਾਇਸ਼ ਰੱਖਣ ਲਈ ਕਿਹਾ ਤਾਂ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਅੱਗੇ ਮੰਗ ਰੱਖ ਦਿੱਤੀ ਕਿ ਸ਼੍ਰੋਮਣੀ ਕਮੇਟੀ ਦੀ ਦਿੱਤੀ ਰਿਹਾਇਸ਼ ਰਹਿਣ ਦੇ ਲਾਇਕ ਨਹੀਂ ਅਤੇ ਉਨ੍ਹਾਂ ਨੂੰ ਮਿਲਿਆ ਦਫਤਰ ਵੀ ਬਹਿਣ ਦੇ ਲਾਇਕ ਨਹੀਂ, ਜਿਸ ਕਾਰਨ ਉਨ੍ਹਾ ਨੂੰ ਸਕੱਤਰੇਤ ਦੇ ਸਾਹਮਣੇ ਖਾਲ੍ਹੀ ਥਾਂ ਉਪਰ ਨਵਾਂ ਸਕੱਤਰੇਤ ਬਣਾਉਣ ਲਈ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਜਾਜ਼ਤ ਦਿੱਤੀ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਤਿ-ਆਧੁਨਿਕ ਡਿਜ਼ਾਈਨ ਕੀਤੇ ਹੋਏ ਦਫਤਰ ਦਾ ਨਕਸ਼ਾ ਕਾਰ ਸੇਵਾ ਭੂਰੀ ਵਾਲੇ ਬਾਬਾ ਕਸ਼ਮੀਰ ਸਿੰਘ ਨਾਲ ਵਿਚਾਰਿਆ, ਜਿਨ੍ਹਾਂ ਨੇ ਦਫਤਰ ਬਣਾਉਣ ਦੀ ਹਾਮੀ ਭਰ ਦਿੱਤੀ ਸੀ, ਪਰ ਉਥੇ ਪਹਿਲਾਂ ਹੀ ਦਮਦਮੀ ਟਕਸਾਲ ਨੇ ਆਪਣੀਆਂ ਸੇਵਾਵਾਂ ਲਈ ਸਮਾਨ ਰੱਖਿਆ ਹੋਇਆ ਹੈ, ਜਿਸ ਨੂੰ ਛੁਡਾਉਣਾ ਮੁਸ਼ਕਲ ਹੈ।



ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਉੱਤੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਰਿਹਾਇਸ਼ ਖਾਲੀ ਕਰਾਉਂਣ ਦੀ ਮੰਗ ਰੱਖੀ, ਜਿਸ ਨੂੰ ਗਿਆਨੀ ਗੁਰਬਚਨ ਸਿੰਘ ਨੇ ਦਸੰਬਰ 2020 ਵਿਚ ਖਾਲੀ ਕਰ ਦਿੱਤਾ ਸੀ। ਪਤਾ ਲੱਗਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਬਹਾਨੇ ਨਾਲ ਕਿਹਾ ਕਿ ਰਿਹਾਇਸ਼ ਰਹਿਣ ਦੇ ਲਾਇਕ ਨਹੀਂ ਅਤੇ ਦਫਤਰ ਵੀ ਜਥੇਦਾਰ ਦੇ ਬਹਿਣ ਦੇ ਲਾਇਕ ਨਹੀਂ, ਮੈਂ ਆਪਣੇ ਪਰਿਵਾਰ ਨਾਲ ਏਥੇ ਵਸੇਬਾ ਨਹੀਂ ਕਰ ਸਕਦਾ।ਜਨਤਕ ਤੌਰ ਉੱਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਹਰ ਫੁਰਮਾਨ ਨੂੰ ਇਲਾਹੀ ਹੁਕਮ ਕਿਹਾ ਜਾਂਦਾ ਹੈ, ਪਰ ਅਮਲ ਵਿੱਚ ਸ਼੍ਰੋਮਣੀ ਕਮੇਟੀ ਵੀ ਜਥੇਦਾਰ ਨੂੰ ਇੱਕ ਮੁਲਾਜ਼ਮ ਤੋਂ ਵਧ ਨਹੀਂ ਸਮਝਦੀ। ਇਸ ਸੋਚ ਦਾ ਸਬੂਤ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਦੀ ਰਿਹਾਇਸ਼ ਤੇ ਦਫਤਰ ਦੋਵੇਂ ਕੰਮ ਦੇ ਨਹੀਂ। ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਲਈ ਸਿਰਫ ਦੋ ਕਮਰਿਆਂ ਵਾਲਾ ਘਰ ਹੈ, ਜਿਸ ਦੀਆਂ ਪੌੜੀਆਂ ਲੁਕਵੀਆਂ ਹਨ, ਜਿਨ੍ਹਾਂ ਵਿਚੋਂ ਇਕ ਸਮੇ ਕੇਵਲ ਇਕ ਵਿਅਕਤੀ ਲੰਘ ਸਕਦਾ ਹੈ। ਉਹ ਰਿਹਾਇਸ਼ ਦੇ ਇਕ ਕਮਰੇ ਵਿਚ ਆਰਾਮ ਕਰਦੇ ਹਨ ਅਤੇ ਦਫਤਰੀ ਸਮੇਂ ਤੋਂ ਬਾਅਦ ਮਿਲਣ ਆਏ ਖਾਸ ਵਿਅਕਤੀਆਂ ਜਾਂ ਲੋਕਾਂ ਨੂੰ ਓਥੇ ਹੀ ਮਿਲ ਲੈਂਦੇ ਹਨ ਤੇ ਦੂਸਰੇ ਕਮਰੇ ਵਿਚ ਉਨ੍ਹਾਂ ਦੇ ਸੁਰੱਖਿਆ ਗਾਰਡ ਹੁੰਦੇ ਹਨ। ਜਥੇਦਾਰ ਦਾ ਦਫਤਰ ਵੀ ਇਸੇ ਤਰ੍ਹਾਂ ਦਾ ਹੈ।












# ਸੰਪਾਦਕੀ

## ਬੇਤਰਕ ਪਹੁੰਚ ਦਾ ਸਿੱਟਾ- ਫੇਲ੍ਹ ਹੋਇਆ ਗੰਨ ਕੰਟਰੋਲ ਬਾਰੇ ਬਿੱਲ

ਮਾਰਖਮ ਯੂਨੀਅਨਵਿੱਲ ਤੋਂ ਕੰਜ਼ਰਵੇਟਿਵ ਪੰਜਾਬੀ ਮੈਂਬਰ ਪਾਰਲੀਮੈਂਟ ਬੌਬ ਸਰੋਇਆ ਦਾ ਬਿੱਲ ਸੀ-238 ਮਹਿਜ਼ 20 ਵੋਟਾਂ ਦੇ ਫ਼ਰਕ ਹਾਊਸ ਆਫ ਕਾਮਨਜ਼ ਵਿੱਚ ਫੇਲ੍ਹ ਹੋ ਗਿਆ ਹੈ। ਇਸਦੇ ਪਾਸ ਹੋਣ ਨਾਲ ਬਾਰਡਰ ਪਾਰ ਤੋਂ ਨਜ਼ਾਇਜ਼ ਢੰਗ ਨਾਲ ਅਸਲਾ ਸਮਗੱਲ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਸੰਭਵ ਹੋਣੀਆਂ ਸਨ। ਲਿਬਰਲ ਅਤੇ ਐਨ ਡੀ ਪੀ ਦਾ ਸਮਰੱਥਨ ਨਾ ਮਿਲਣ ਕਾਰਣ ਬੌਬ ਸਰੋਇਆ ਦਾ ਉੱਦਮ 169 ਦੇ ਮੁਕਾਬਲੇ 149 ਵੋਟਾਂ ਨਾਲ ਅਸਫ਼ਲ ਹੋ ਗਿਆ ਹੈ। ਬਿੱਲ ਦਾ ਮਨੋਰਥ ਕੈਨੇਡਾ ਦੇ ਕ੍ਰਿਮੀਨਲ ਕੋਡ ਵਿੱਚ ਸੋਧ ਕਰਕੇ ਸਮੱਗਲ ਕਰਨ ਵਾਲਿਆਂ ਨੂੰ ਘੱਟੋ ਘੱਟ ਸਜ਼ਾ 1 ਸਾਲ ਤੋਂ ਵਧਾ ਕੇ 3 ਸਾਲ ਕਰਨਾ ਸੀ। ਇਸ ਬਿੱਲ ਵਿੱਚ ਇਹ ਪ੍ਰਵਾਧਾਨ ਵੀ ਸੀ ਕਿ ਜੇ ਕਿਸੇ ਵਿਅਕਤੀ ਕੋਲੋਂ ਨਜ਼ਾਇਜ਼ ਸਮਗੱਲ ਕੀਤਾ ਹਥਿਆਰ ਮਿਲਦਾ ਹੈ ਤਾਂ ਉਸਨੂੰ ਵੱਧ ਤੋਂ ਵੱਧ 14 ਸਾਲ ਦੀ ਸਜ਼ਾ ਦਿੱਤੀ ਜਾ ਸਕੇ।

ਮੰਨ ਲਿਆ ਜਾਵੇ ਕਿ ਅੱਜ ਦੇ ਦਿਨ ਐਨ ਡੀ ਪੀ ਦਾ ਮਨੋਰਥ ਲਿਬਰਲ ਸਰਕਾਰ ਦਾ ਹਰ ਹੀਲੇ ਸਮਰੱਥਨ ਕਰਨਾ ਹੈ ਪਰ ਅੰਕੜੇ ਸੁਆਲ ਖੜਾ ਕਰਦੇ ਹਨ ਕਿ ਲਿਬਰਲ ਪਾਰਟੀ ਨੇ ਇਸ ਬਿੱਲ ਦਾ ਵਿਰੋਧ ਕਿਉਂ ਕੀਤਾ। ਮਿਸਾਲ ਵਜੋਂ 2018 ਵਿੱਚ ਫੈਡਰਲ ਸਰਕਾਰ ਦੇ ਪਬਲਿਕ ਸੇਫਟੀ ਮਹਿਕਮੇ ਨੇ ਇੱਕ ਸਟੱਡੀ ਕਰਵਾਈ ਜਿਸ ਵਿੱਚ 1 ਲੱਖ 30 ਹਜ਼ਾਰ ਕੈਨੇਡੀਅਨਾਂ ਨੇ ਭਾਗ ਲਿਆ। 78% ਲੋਕਾਂ ਦਾ ਸੁਝਾਅ ਸੀ ਕਿ ਸਰਕਾਰ ਨੂੰ ਗੈਰਕਾਨੂੰਨੀ ਹੈਂਡਗੰਨਾਂ ਬਾਬਤ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ (ਬੌਬ ਦੇ ਬਿੱਲ ਵਿੱਚ ਹੈਂਡਗੰਨਾਂ ਦਾ ਵਿਸ਼ੇਸ਼ ਜ਼ਿਕਰ ਸੀ) ਬਜਾਏ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਪ੍ਰਾਪਤ ਕੀਤੀਆਂ ਭਾਵ ਲਾਇੰਸਸ਼ੁਦਾ ਗੰਨਾਂ ਨੂੰ ਕੈਨੇਡੀਅਨਾਂ ਕੋਲੋਂ ਖੋਹਣ ਦਾ ਕੰਮ ਕਰਨਾ ਚਾਹੀਦਾ ਹੈ। ਇਸ ਸਟੱਡੀ ਵਿੱਚ ਸ਼ਾਮਲ ਹੋਣ ਵਾਲੇ 86% ਲੋਕਾਂ ਮੁਤਾਬਕ ਗੈਰਕਾਨੂੰਨੀ ਹਥਿਆਰਾਂ ਦੀ ਮਾਰਕੀਟ ਚਿੰਤਾ ਦਾ ਵਿਸ਼ਾ ਹੈ।

ਦਸੰਬਰ 2019 ਵਿੱਚ ਟੋਰਾਂਟੋ ਪੁਲੀਸ ਮੁਖੀ ਮਾਰਕ ਸੌਂਡਰਜ਼ ਨੇ ਜਨਤਕ ਰੂਪ ਵਿੱਚ ਕਬੂਲ ਕੀਤਾ ਸੀ ਕਿ ਪੁਲੀਸ ਦੀਆਂ ਖੁਫ਼ੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਟੋਰਾਂਟੋ ਵਿੱਚ ਮਿਲਦੀਆਂ 82% ਹੈਂਡਗੰਨਾਂ ਅਮਰੀਕਾ ਤੋਂ ਸਮਗੱਲ ਹੋ ਕੇ ਆਈਆਂ ਹੁੰਦੀਆਂ ਹਨ। ਉਂਟੇਰੀਓ ਦੇ ਸਾਲੀਸਟਰ ਜਨਰਲ ਸਿਲਵੀਆ ਜੋਨਜ਼ ਮੁਤਾਬਕ ਉਂਟੇਰੀਓ ਵਿੱਚ ਪਾਏ ਜਾਂਦੇ 84% ਹਥਿਆਰ ਅਮਰੀਕਾ ਵਿੱਚੋਂ ਸਮੱਗਲ ਹੋ ਕੇ ਆਉਂਦੇ ਹਨ। ਆਰ ਸੀ ਐਮ ਪੀ (RCMP) ਦਾ ਇੱਕ ਸਾਬਕਾ ਅਫ਼ਸਰ ਡੈਨਿਸ ਯੰਗ ਹੈ ਜਿਸਨੇ ਆਪਣੇ ਜੀਵਨ ਦਾ ਅੱਛਾ ਖਾਸਾ ਹਿੱਸਾ ਸੀ ਬੀ ਐਸ ਏ (CBSA) ਤੋਂ ਗੈਰਕਾਨੂੰਨੀ ਹਥਿਆਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਭੇਟ ਚੜਾਇਆ ਹੈ। ਉਸ ਮੁਤਾਬਕ 2019 ਵਿੱਚ ਬਰਾਮਦ ਕੀਤੇ ਗਏ ਗੈਰਕਾਨੂੰਨੀ ਹਥਿਆਰਾਂ ਦੀ ਸੱਭ ਤੋਂ ਵੱਧ ਮਾਤਰਾ ਟੋਰਾਂਟੋ ਦੇ ਦੱਖਣ ਪੱਛਮੀ ਇਲਾਕਿਆਂ ਵਿੱਚੋਂ ਆਈ ਹੁੰਦੀ ਹੈ, ਇਹ ਉਹੀ ਇਲਾਕਾ ਹੈ ਜਿਸਨੂੰ ਧਿਆਨ ਵਿੱਚ ਰੱਖ ਕੇ ਬੌਬ ਸਰੋਇਆ ਨੇ ਬਿੱਲ ਲਿਆਂਦਾ ਸੀ।

ਪਿਛਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਨੇ ਖ਼ੁਦ ਵੀ ਹਥਿਆਰਾਂ ਦੀ ਸਮਗੱਲਿੰਗ ਨੂੰ ਥੰਮਣ ਵਾਸਤੇ ਸਖ਼ਤ ਕਦਮ ਚੁੱਕਣ ਦਾ ਵਾਅਦਾ ਆਪਣੇ ਪਲੇਟਫਾਰਮ ਵਿੱਚ ਕੀਤਾ ਸੀ। ਇਸਦੇ ਬਾਵਜੂਦ ਲਿਬਰਲ ਸਰਕਾਰ ਨੇ ਗੈਰ ਕਾਨੂੰਨੀ ਸਮੱਗਲ ਗੰਨਾਂ ਦੇ ਮੁੱਦੇ ਨੂੰ ਅੱਖੋਂ ਪਰੋਖੇ ਕਰਕੇ ਮਈ 2019 ਵਿੱਚ ਲਾਇੰਸਸਸ਼ੁਦਾ ਲੌਂਗਗੰਨ ਖੋਹਣ ਦਾ ਨੇਮ ਬਣਾਇਆ।

ਕੈਨੇਡਾ ਦੇ ਨਿਆਂ ਵਿਭਾਗ ਦੀ ਇੱਕ ਰਿਪੋਰਟ Firearms, Accidental Deaths, Suicides and Violent Crime: An Updated Review of the Literature with Special Reference to the Canadian Situation ਹੈ। ਇਸ ਮੁਤਾਬਕ ਗੈਰਕਾਨੂੰਨੀ ਹਥਿਆਰਾਂ ਅਤੇ ਡਰੱਗਾਂ ਦੀ ਸਮੱਗਲਿੰਗ ਵਿੱਚ ਸਪੱਸ਼ਟ ਅਤੇ ਸਿੱਧਾ ਰਿਸ਼ਤਾ ਹੈ।

ਹੈਰਾਨੀ ਦੀ ਗੱਲ ਹੈ ਕਿ ਮਨੁੱਖੀ ਜੀਵਨ ਨੂੰ ਖਤਰਾ ਪਾਉਣ ਵਾਲੇ ਹਥਿਆਰਾਂ ਦਾ ਮਸਲਾ ਸਿਰਫ਼ ਸਿਆਸੀ ਪੱਖਵਾਦ ਦਾ ਸ਼ਿਕਾਰ ਨਹੀਂ ਹੋ ਰਿਹਾ ਸਗੋਂ ਮੀਡੀਆ ਵਿੱਚ ਵੀ ਇਸਨੂੰ ਸਿਆਸੀ ਲੀਹਾਂ ਉੱਤੇ ਉਭਾਰਿਆ ਜਾਂਦਾ ਹੈ ਜੋ ਕਿ ਇੱਕ ਖਤਰਨਾਕ ਰੁਝਾਨ ਹੈ। ਮਿਸਾਲ ਵਜੋਂ ਮਈ 2019 ਵਿੱਚ ਸੀ ਬੀ ਸੀ (CBC) ਨੇ 'ਗੈਰਕਾਨੂੰਨੀ ਗੰਨਾਂ ਦੀ ਬਲੈਕ ਮਾਰਕੀਟ - ਇਹ ਕਿੱਥੋਂ ਆਉਂਦੇ ਹਨ ਅਤੇ ਮੁਜਰਮਾਂ ਦੇ ਹੱਥਾਂ ਵਿੱਚ ਕਿਵੇਂ ਪੁੱਜਦੇ ਹਨ' ਸਿਰਲੇਖ ਹੇਠ ਲੰਬੀ ਚੌੜੀ ਰਿਪੋਰਟ ਛਾਪੀ ਸੀ। ਉਸ ਰਿਪੋਰਟ ਵਿੱਚ ਟੋਰਾਂਟੋ ਪੁਲੀਸ ਵੱਲੋਂ ਆਰੰਭ ਕੀਤੇ ਗਏ 'ਗੰਨ ਮੁੜ ਖਰੀਦਣ (Gun buyback) ਪ੍ਰੋਗਰਾਮ ਦਾ ਜ਼ਿਕਰ ਕਰਦੇ ਕਿਹਾ ਲਿਖਿਆ ਸੀ ਕਿ ਪਹਿਲੇ ਦੋ ਹਫਤਿਆਂ ਵਿੱਚ ਹੀ ਪੁਲੀਸ ਨੂੰ ਵੇਚਣ ਲਈ 1235 ਹਥਿਆਰ ਲਿਆਂਦੇ ਗਏ। ਪੁਲੀਸ ਨੇ ਲੌਂਗ ਗੰਨ ਦਾ ਰੇਟ 250 ਡਾਲਰ ਅਤੇ ਹੈਂਡਗੰਨ ਦਾ ਭਾਅ 350 ਡਾਲਰ ਰੱਖਿਆ ਹੈ। ਹੁਣ ਬੌਬ ਸਰੋਇਆ ਦੇ ਬਿੱਲ ਦੇ ਅਸਫ਼ਲ ਹੋਣ ਬਾਰੇ ਚਾਰ ਸ਼ਬਦ ਤੱਕ ਨਹੀਂ ਲਿਖੇ। ਇਸਦੇ ਉਲਟ ਸੱਜੇ ਪੱਖੀ ਟੋਰਾਂਟੋ ਸਨ (Toronto Sun) ਨੇ ਇੱਕ ਲੰਬਾ ਚੌੜਾ ਆਰਟੀਕਲ ਲਿਖਿਆ ਹੈ। ਇਹ ਰੁਝਾਨ ਵੀ ਮਾੜਾ ਹੈ।

2018 ਵਿੱਚ ਲਿਬਰਲ ਸਰਕਾਰ ਨੇ ਸੀ ਬੀ ਐਸ ਏ ਨੂੰ ਅਗਲੇ ਪੰਜ ਸਾਲਾਂ ਵਿੱਚ 51.5 ਮਿਲੀਅਨ ਡਾਲਰ ਦਾ ਫੰਡ ਦੇਣਾ ਬੱਜਟ ਵਿੱਚ ਸ਼ਾਮਲ ਕੀਤਾ ਤਾਂ ਜੋ ਅਫ਼ਸਰ ਗੰਨ ਸਮਗਲਿੰਗ ਨਾਲ ਬਿਹਤਰ ਤਰੀਕੇ ਨਿਪਟ ਸੱਕਣ। ਪਰ ਇਹੀ ਸਰਕਾਰ ਇਸ ਗੰਭੀਰ ਮਾਮਲੇ ਬਾਬਤ ਪਾਰਲੀਮੈਂਟ ਵਿੱਚ ਆਏ ਬਿੱਲ ਨੂੰ ਸਿਰਫ਼ ਇਸ ਲਈ ਫੇਲ੍ਹ ਕਰ ਦੇਂਦੀ ਹੈ ਕਿ ਇਸਨੂੰ ਇੱਕ ਵਿਰੋਧੀ ਧਿਰ ਦੇ ਐਮ ਪੀ ਵੱਲੋਂ ਲਿਆਂਦਾ ਗਿਆ? ਕੈਨੇਡੀਅਨ ਹਿੱਤਾਂ ਨਾਲੋਂ ਸਿੱਆਸੀ ਹਿੱਤ ਕਦੋਂ ਤੱਕ ਵਧੇਰੇ ਤਰਜੀਹ ਲੈਂਦੇ ਰਹਿਣਗੇ?

# ਚਾਰ ਕਾਰ ਸਵਾਰਾਂ ਨੇ ਨੌਜਵਾਨ ਨੂੰ 7 ਤੋਂ ਵੱਧ ਗੋਲੀਆਂ ਮਾਰੀਆਂ

ਕੁਰੂਕਸ਼ੇਤਰ, 4 ਫਰਵਰੀ (ਪੋਸਟ ਬਿਊਰੋ)- ਸਲਾਰਪੁਰ ਰੋਡ ’ਤੇ ਡੀ ਐਨ ਕਾਲਜ ਨੇੜੇ ਕੱਲ੍ਹ ਕਾਰ ਸਵਾਰ ਨੌਜਵਾਨਾਂ ਨੇ ਇੱਕ ਨੌਜਵਾਨ ’ਤੇ ਤਾਬੜ-ਤੋੜ ਫਾਇਰਿੰਗ ਕਰਦਿਆਂ ਸੱਤ ਤੋਂ ਵੱਧ ਗੋਲੀਆਂ ਮਾਰੀਆਂ। ਇਸ ਕਾਰਨ ਉਸ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਹਮਲਾਵਰ ਕਾਰ ਵਿੱਚ ਫਰਾਰ ਹੋ ਗਏ। ਨੌਜਵਾਨ ਨੂੰ ਨਿੱਜੀ ਹਸਪਤਾਲ ਵਿੱਚ ਮ੍ਰਿਤਕ ਐਲਾਨ ਕਰ ਦਿੱਤਾ। ਬਾਅਦ ਵਿੱਚ ਨਿੱਜੀ ਹਸਪਤਾਲ ਵਿੱਚ ਐਸ ਪੀ ਹਿਮਾਂਸ਼ੂ ਗਰਗ ਨੇ ਪਹੁੰਚ ਕੇ ਜਾਣਕਾਰੀ ਲਈ। ਮ੍ਰਿਤਕ ਦੀ ਪਛਾਣ ਕੁਰੂਕਸ਼ੇਤਰ ਦੇ ਪਿੰਡ ਅਮੀਨ ਦੇ 28 ਸਾਲਾ ਰਵੀ ਉਰਫ ਗੋਰਖਾ ਵਜੋਂ ਹੋਈ ਹੈ।

ਵਾਰਦਾਤ ਵਾਲੀ ਮਾਰਕੀਟ ਵਿੱਚ ਲੱਗੇ ਸੀ ਸੀ ਟੀ ਵੀ ਫੁਟੇਜ ਵੇਖਣ ਪਿੱਛੋਂ ਪੁਲਸ ਇਸ ਵਾਰਦਾਤ ਨੂੰ ਗੈਂਗਵਾਰ ਨਾਲ ਜੋੜ ਕੇ ਦੇਖ ਰਹੀ ਹੈ। ਮ੍ਰਿਤਕ ਗੋਰਖਾ ਉੱਤੇ ਕਤਲ ਅਤੇਕਤਲ ਦੀ ਸਾਜ਼ਿਸ਼ ਦੇ ਕਈ ਕੇਸ ਦਰਜ ਸਨ। ਤਕਰੀਬਨ ਵੀਹ ਦਿਨ ਪਹਿਲਾਂ ਉਹ ਕੁਰੂਕਸ਼ੇਤਰ ਜੇਲ੍ਹ ਤੋਂ ਜ਼ਮਾਨਤ ’ਤੇ ਆਇਆ ਸੀ। ਘਰਦਿਆਂ ਨੇ ਕੁਝ ਲੋਕਾਂ ਉਤੇ ਸ਼ੱਕ ਜ਼ਾਹਿਰ ਕੀਤਾ ਹੈ। ਉਸ ਦੇ ਭਰਾ ਸਾਹਿਲ ਦੀ ਸ਼ਿਕਾਇਤ ’ਤੇ ਅਣਪਛਾਤੇ ਨੌਜਵਾਨਾਂ ’ਤੇ ਕਤਲ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਗਈ ਹੈ। ਗੋਰਖਾ 2018 ਵਿੱਚ ਆਪਣੇ ਪਿੰਡ ਵਿੱਚ ਅੰਕੁਸ਼ ਮਰਡਰ ਕੇਸ ਵਿੱਚ ਜੇਲ੍ਹ ਵਿੱਚ ਬੰਦ ਸੀ। ਕੁਰੂਕਸ਼ੇਤਰ ਵਿੱਚ ਅੰਬਾਲੇ ਦਾ ਇੱਕ ਗੈਂਗਸਟਰ ਦੇ ਨਾਲ ਉਸ ਦਾ ਝਗੜਾ ਚੱਲ ਰਿਹਾ ਸੀ। 12 ਜਨਵਰੀ ਨੂੰ ਹੀ ਗੋਰਖਾ ਜ਼ਮਾਨਤ ’ਤੇ ਬਾਹਰ ਆਇਆ ਸੀ। ਸਿਟੀ ਥਾਣਾ ਇੰਚਾਰਜ ਸੁਨੀਲ ਵਤਸ ਮੁਤਾਬਕ ਪੁਲਸ ਨੇ ਕਤਲ, ਆਰਮਜ਼ ਐਕਟ ਅਧੀਨ ਕਈ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਹੈ।

# ਨੇੜ ਭਵਿੱਖ ਵਿੱਚ ਕੋਵਿਡ-19 ਵੈਕਸੀਨ ਦੀ ਡਲਿਵਰੀ ਵਿੱਚ ਸੁਧਾਰ ਹੋਣ ਦੀ ਉਮੀਦ : ਫੋਰਟਿਨ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਕਈ ਹਫਤਿਆਂ ਤੋਂ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਵਿੱਚ ਆਈ ਘਾਟ ਤੋਂ ਬਾਅਦ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਕੈਨੇਡਾ ਦੀ ਫਾਈਜ਼ਰ ਡਲਿਵਰੀ ਵਿੱਚ ਕੁੱਝ ਹਫਤਿਆਂ ਵਿੱਚ ਵਾਧਾ ਹੋ ਜਾਵੇਗਾ ਤੇ ਇਸ ਦੌਰਾਨ ਮੌਡਰਨਾ ਦੀ ਅਗਲੀ ਖੇਪ ਦੀ ਵੀ ਅਜੇ ਪੁਸ਼ਟੀ ਹੋਣੀ ਬਾਕੀ ਹੈ।



ਮੇਜਰ ਜਨਰਲ ਡੈਨੀ ਫੋਰਟਿਨ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਅਗਲੇ ਹਫਤੇ ਤੱਕ ਕੈਨੇਡਾ ਨੂੰ ਅੰਦਾਜ਼ਨ 70,000 ਫਾਈਜ਼ਰ ਬਾਇਓਐਨਟੈਕ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ 22 ਫਰਵਰੀ ਵਾਲੇ ਹਫਤੇ ਲਈ ਤੈਅ ਮੌਡਰਨਾ ਦੀ ਖੇਪ ਵੀ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ ਪਰ ਇਸ ਉੱਤੇ ਕਿਸ ਹੱਦ ਤੱਕ ਅਸਰ ਪੈਂਦਾ ਹੈ ਇਹ ਅਜੇ ਸਪਸ਼ਟ ਨਹੀਂ ਹੈ। ਯੂਰਪੀਅਨ ਫੈਸਿਲਿਟੀ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਫਾਈਜ਼ਰ ਵੱਲੋਂ ਡੋਜ਼ਾਂ ਦੀ ਗਿਣਤੀ ਵਿੱਚ ਕਮੀ ਕੀਤੇ ਜਾਣ ਨਾਲ ਪਿਛਲੇ ਕੁੱਝ ਹਫਤਿਆਂ ਵਿੱਚ ਕੈਨੇਡਾ ਵਿੱਚ ਵੈਕਸੀਨੇਸ਼ਨ ਉੱਤੇ ਵੀ ਅਸਰ ਪਿਆ ਹੈ। ਕੈਨੇਡਾ ਵਿੱਚ ਕੋਵਿਡ-19 ਵੈਕਸੀਨ ਦੇ ਰੂਪ ਵਿੱਚ ਮਨਜ਼ੂਰ ਕੀਤੀ ਗਈ ਦੂਜੀ ਵੈਕਸੀਨ ਹੈ ਮੌਡਰਨਾ। ਉਸ ਦੇ ਉਤਪਾਦਨ ਵਿੱਚ ਵੀ ਕਮੀ ਦਰਜ ਕੀਤੀ ਗਈ ਹੈ ਤੇ ਕੈਨੇਡਾ ਵਿੱਚ ਇਸ ਲਈ ਇਸ ਦੀ ਡਲਿਵਰੀ ਵੀ ਘਟੀ ਹੈ।

ਵੀਰਵਾਰ ਨੂੰ ਇੱਕ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਤਰ੍ਹਾਂ ਦੀ ਕਮੀ ਨੂੰ ਥੋੜ੍ਹੇ ਪਲਾਂ ਲਈ ਆਈ ਰੁਕਾਵਟ ਦੱਸਿਆ ਹੈ। ਟਰੂਡੋ ਨੇ ਇਹ ਦਾਅਵਾ ਵੀ ਕੀਤਾ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੈਨੇਡਾ ਨੂੰ ਵੈਕਸੀਨ ਦੀ ਕੋਈ ਕਮੀ ਨਹੀਂ ਆਵੇਗੀ। ਇਸ ਹਫਤੇ ਕੈਨੇਡਾ ਨੇ ਫਾਈਜ਼ਰ ਬਾਇਓਐਨਟੈਕ ਦੀਆਂ 79000 ਡੋਜ਼ਾਂ ਹਾਸਲ ਕੀਤੀਆਂ ਤੇ ਪ੍ਰੋਵਿੰਸਾਂ ਨੂੰ ਵੰਡੀਆਂ ਤੇ ਮੌਡਰਨਾ ਆਉਣ ਵਾਲੇ ਦਿਨਾਂ ਵਿੱਚ ਉੱਤਰੀ, ਦੂਰ ਦਰਾਜ ਦੀਆਂ ਕਮਿਊਨਿਟੀਜ਼ ਵਿੱਚ 180,000 ਡੋਜ਼ਾਂ ਭੇਜੇਗੀ।

ਫੋਰਟਿਨ ਨੇ ਆਖਿਆ ਕਿ ਫਾਈਜ਼ਰ ਵੱਲੋਂ ਇਸ ਮਹੀਨੇ ਦੇ ਅੰਤ ਤੱਕ ਵੈਕਸੀਨ ਦੀ ਖੇਪ ਵਿੱਚ ਵਾਧਾ ਕੀਤਾ ਜਾਵੇਗਾ। ਕੰਪਨੀ ਨੇ 15 ਫਰਵਰੀ ਤੱਕ 335,000 ਡੋਜ਼ਾਂ ਦੀ ਖੇਪ ਭੇਜਣ ਦਾ ਫੈਸਲਾ ਕੀਤਾ ਹੈ ਤੇ ਫਰਵਰੀ ਦੇ ਆਖਰੀ ਹਫਤੇ ਤੱਕ 395,000 ਡੋਜ਼ਾਂ ਕੰਪਨੀ ਵੱਲੋਂ ਮੁਹੱਈਆ ਕਰਵਾਈਆਂ ਜਾਣਗੀਆਂ। ਫੋਰਟਿਨ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੈਕਸੀਨ ਦੀ ਵੰਡ ਨੂੰ ਲੈ ਕੇ ਦੇਰ ਨਹੀਂ ਹੋਵੇਗੀ ਤੇ ਪ੍ਰੋਵਿੰਸਾਂ ਨੂੰ ਸਮੇਂ ਸਿਰ ਲੋੜੀਂਦੀਆਂ ਡੋਜ਼ਾਂ ਮੁਹੱਈਆ ਕਰਵਾਈਆਂ ਜਾਂਦੀਆਂ ਰਹਿਣਗੀਆਂ। ਉਨ੍ਹਾਂ ਆਖਿਆ ਕਿ ਫਿਰ ਵੀ ਕਿਸੇ ਵੀ ਤਰ੍ਹਾਂ ਦੇ ਹਾਲਾਤ ਬਾਰੇ ਉਨ੍ਹਾਂ ਵੱਲੋਂ ਪਹਿਲ ਦੇ ਆਧਾਰ ਉੱਤੇ ਪ੍ਰੋਵਿੰਸਾਂ ਨੂੰ ਅਗਾਂਊਂ ਜਾਣੂ ਕਰਵਾਇਆ ਜਾਵੇਗਾ।

# ਮਹਿਲਾ ਨੇ ਬੱਚੀ ਸਮੇਤ ਨਹਿਰ ’ਚ ਛਾਲ ਮਾਰੀ

ਬੱਸੀ ਪਠਾਣਾ, 4 ਫਰਵਰੀ (ਪੋਸਟ ਬਿਊਰੋ)- ਭਾਖੜਾ ਨਹਿਰ (ਪਿੰਡ ਮਹਿਦੂਦਾਂ, ਬੱਸੀ ਪਠਾਣਾ) ਦੇ ਪੁਲ ਤੋਂ ਕੱਲ੍ਹ ਇੱਕ ਮਹਿਲਾ ਨੇ ਆਪਣੀ ਸੱਤ ਸਾਲ ਦੀ ਬੱਚੀ ਸਮੇਤ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ।

ਇਸ ਸੰਬੰਧ ਵਿੱਚ ਮ੍ਰਿਤਕਾ ਦੇ ਪਿਤਾ ਪਿਆਰਾ ਸਿੰਘ ਨੇ ਦੱਸਿਆ ਕਿ ਪਰਮਜੀਤ ਕੌਰ ਪਿੰਕੀ (38 ਸਾਲ)ਪਤਨੀ ਬਹਾਦਰ ਸਿੰਘ ਪਿੰਡ ਅਬਦੁਲਾਪੁਰ ਥਾਣਾ ਬੱਸੀ ਪਠਾਣਾ ਦੀ ਵਸਨੀਕ ਹੈ, ਉਹ ਪਹਿਲਾਂ ਤੋਂ ਡਿਪਰੈਸ਼ਨ ਦੀ ਸ਼ਿਕਾਰ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕਿਆ ਹੈ।ਉਨ੍ਹਾਂ ਪੁਲਸ ਨੂੰ ਦੱਸਿਆ ਕਿ ਮ੍ਰਿਤਕਾ ਪਰਮਜੀਤ ਕੌਰ ਦੀਆਂ ਤਿੰਨ ਧੀਆਂ ਅਤੇ ਇੱਕ ਲੜਕਾ ਸੀ। ਕੱਲ੍ਹ ਸਵੇਰੇ ਉਹ ਆਪਣੇ ਤਿੰਨ ਬੱਚਿਆਂ ਨੂੰ ਸਕੂਲ ਛੱਡਣ ਪਿੱਛੋਂ ਛੋਟੀ ਬੱਚੀ ਹਰਗੁਣ ਨਾਲ ਪੇਕੇ ਮੋਰਿੰਡਾ ਜਾਣ ਲਈ ਚੱਲੀ ਸੀ, ਪਰ ਪਿੰਡ ਮਹਿਦੂਦਾਂ ਕੋਲ ਨਹਿਰ ’ਚ ਛਾਲ ਮਾਰ ਦਿੱਤੀ। ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੀ ਲਾਸ਼ ਨੂੰ ਗੋਤਾਖੋਰਾਂ ਦੀ ਟੀਮ ਨੇ ਬਰਾਮਦ ਕਰ ਲਿਆ ਹੈ ਪਰ ਬੱਚੀ ਦੀ ਤਲਾਸ਼ ਜਾਰੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬੀ ਏ ਦੀਆਂ ਜਾਅਲੀ ਡਿਗਰੀਆਂ, ਮੋਹਰਾਂ ਤੇ ਹੋਰ ਸਾਮਾਨ ਸਮੇਤ ਪੰਜ ਦੋਸ਼ੀ ਗ੍ਰਿਫ਼ਤਾਰ

ਐਸ ਏ ਐਸ ਨਗਰ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਸਮੇਤ 15 ਯੂਨੀਵਰਸਿਟੀਆਂ ਦੀਆਂ ਬਣਾਈਆਂ ਜਾਅਲੀ ਡਿਗਰੀਆਂ ਤੇ ਮੋਹਰਾਂ ਸਮੇਤ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕਰਕੇ ਮੁਹਾਲੀ ਪੁਲਸ ਨੇਇੱਕ ਗਰੋਹ ਦਾ ਪਰਦਾ ਫਾਸ਼ ਕੀਤਾ ਹੈ। ਇਹ ਲੋਕ ਐਜੂਕੇਸ਼ਨ ਕੰਸਲਟੈਂਟ ਦੇ ਨਾਂਅ ’ਤੇ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਸਰਟੀਫ਼ਿਕੇਟ ਬਣਾ ਕੇ ਦੇਂਦੇ ਸਨ। ਦੋਸ਼ੀਆਂ ਦੀ ਪਛਾਣ ਨਿਰਮਲ ਸਿੰਘ ਉਰਫ਼ ਨਿੰਮਾ ਵਾਸੀ ਕਰਤਾਰਪੁਰ (ਮੁੱਲਾਂਪੁਰ ਗਰੀਬਦਾਸ), ਵਿਸ਼ਨੂੰ ਸ਼ਰਮਾ ਵਾਸੀ ਮਥੁਰਾ (ਯੂ ਪੀ), ਸੁਸ਼ਾਂਤ ਤਿਆਗੀ ਵਾਸੀ ਮੇਰਠ, ਆਨੰਦ ਵਿਕਰਮ ਸਿੰਘ ਵਾਸੀ ਗਾਜ਼ੀਆਬਾਦ ਤੇ ਅੰਕਿਤ ਅਰੋੜਾ ਉਰਫ਼ ਗੋਰੀਆ ਉਰਫ਼ ਡੋਗਰ ਵਾਸੀ ਪਿੰਡ ਫ਼ਤਿਹਪੁਰ ਸਿਆਲਬਾ ਜ਼ਿਲ੍ਹਾ ਮੁਹਾਲੀ ਵਜੋਂ ਹੋਈ ਹੈ।



ਰਵਜੋਤ ਕੌਰ ਗਰੇਵਾਲ ਐਸ ਪੀ ਦਿਹਾਤੀ ਨੇ ਦੱਸਿਆ ਕਿ ਪੁਲਸ ਨੇ ਸਭ ਤੋਂ ਪਹਿਲਾਂ ਨਿਰਮਲ ਸਿੰਘ ਨਿੰਮਾ ਨੂੰ ਗ੍ਰਿਫ਼ਤਾਰ ਕੀਤਾ ਸੀ। ਨਿੰਮਾ ਘੱਟ ਪੜ੍ਹੇ ਲਿਖੇ ਵਿਦਿਆਰਥੀਆਂ ਨੂੰ ਗ੍ਰੈਜੂਏਟ, ਪੋਸਟ ਗ੍ਰੈਜੂਏਟ ਦੇ ਸਰਟੀਫ਼ਿਕੇਟ ਬਣਾ ਕੇ ਦਿੰਦਾ ਸੀ। ਉਸ ਦੀ ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਗੋਰਖ ਧੰਦੇ ’ਚ ਉੱਤਰ ਪ੍ਰਦੇਸ਼ ਦੇ ਦੋਸ਼ੀ ਵੀ ਸ਼ਾਮਲ ਹਨ।ਪੁਲਸ ਨੇ ਯੂ ਪੀ ਜਾ ਕੇ ਤਿੰਨ ਜਣਿਆਂ ਨੂੰ ਫੜਿਆ ਤਾਂ ਪਤਾ ਲੱਗਾ ਕਿ ਉਹ ਲੋਕ 2021 ਤੋਂ ਜਾਅਲੀ ਸਰਟੀਫ਼ਿਕੇਟ ਅਤੇ ਸਬੰਧਤ ਯੂਨੀਵਰਸਿਟੀ ਦੀ ਵੈਬਸਾਈਟ ’ਤੇ ਵਿਅਕਤੀ ਦਾ ਸਰਟੀਫ਼ਿਕੇਟ ਆਨਲਾਈਨ ਚੈਕ ਕਰਵਾ ਕੇ ਉਸ ਨੂੰ ਭਰੋਸੇ ਵਿੱਚ ਲੈ ਲੈਂਦੇ ਸਨ। ਉਨ੍ਹਾਂ ਦੋਸ਼ੀਆਂ ਦੇ ਮੋਬਾਇਲ ਫ਼ੋਨ ਤੋਂ ਪਤਾ ਲੱਗਾ ਕਿ ਇਸ ਗਿਰੋਹ ਨਾਲ 500 ਏਜੰਟ ਜੁੜੇ ਹੋਏ ਹਨ, ਜੋ ਲੋੜਵੰਦ ਵਿਦਿਆਰਥੀ ਨੂੰ ਸਰਟੀਫ਼ਿਕੇਟ ਦਿਵਾਉਣ ਲਈ ਲਿਆਉਂਦੇ ਸਨ। ਜਾਂਚ ’ਚ ਇਹ ਵੀ ਪਤਾ ਲੱਗਾ ਕਿ ਉਕਤ ਗੈਂਗ ਨੇ ਪੂਰੇ ਦੇਸ਼ ਵਿੱਚ ਆਪਣੇ ਐਜੂਕੇਸ਼ਨ ਸੈਂਟਰ ਖੋਲ੍ਹੇ ਹੋਏ ਹਨ। ਪੁਲਸ ਨੇ ਦੋਸ਼ੀਆਂ ਤੋਂ ਜਾਅਲੀ ਨੰਬਰ ਵਾਲੀ ਕਾਰ, 859 ਜਾਅਲੀ ਸਰਟੀਫ਼ਿਕੇਟ, 546 ਖਾਲੀ ਪੇਪਰ ਜੋ ਸਰਟੀਫ਼ਿਕੇਟਾਂ ਲਈ ਵਰਤੇ ਜਾਂਦੇ ਸਨ, 93 ਜਾਅਲੀ ਮੋਹਰਾਂ, 5102 ਜਾਅਲੀ ਹੋਲੋਗ੍ਰਾਮ, 16 ਜਾਅਲੀ ਰਸੀਦ ਬੁੱਕਾਂ, ਸਰਟੀਫ਼ਿਕੇਟ ਬਣਾਉਣ ਵਾਲੇ1855 ਖਾਲੀ ਪੇਪਰ, 3 ਸੀ ਪੀ ਯੂ, 2 ਐਲ ਸੀ ਡੀ ਸਕਰੀਨ, 2 ਕੀ-ਬੋਰਡ, 6 ਲੈਪਟਾਪ, 4 ਪ੍ਰਿੰਟਰ, 2 ਰਿੰਮ ਡਬਲ ਸਾਈਡ, 1 ਫੋਟੋ ਪ੍ਰਿੰਟਰ ਮਸ਼ੀਨ, 1 ਸਪਾਇਲਰ ਬੈਂਡਰ ਹਾਈ ਗ੍ਰੇਡ ਬਰਾਮਦ ਕੀਤਾ ਹੈ।

# ਢੁੱਡੀਕੇ ਵਿਖੇ ਜਸਵੰਤ ਸਿੰਘ ਕੰਵਲ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜ਼ਲੀ ਸ਼ਾਹਿਤ ਸਮਾਗਮ

ਮੋਗਾ, 4 ਫਰਵਰੀ (ਗਿਆਨ ਸਿੰਘ): ਪੰਜਾਬੀ ਦੇ ਨਾਮਵਰ ਲੇਖਕ ਅਤੇ ਨਾਵਲਕਾਰ ਜਸਵੰਤ ਸਿੰਘ ਕੰਵਲ ਦੀ ਪਹਿਲੀ ਬਰਸੀ ਤੇ ਪੰਜਾਬੀ ਲੇਖਕ ਪਾਠਕ ਮੰਚ ਢੁੱਡੀਕੇ ਵੱਲੋਂ ਸੰਤ ਉਜਾਗਰ ਸਿੰਘ ਯਾਦਗਾਰੀ ਹਾਲ ਵਿੱਚ ਸਾਹਿਤਕ ਸਮਾਗਮ ਕਰਵਾਇਆ ਗਿਆ।ਜਸਵੰਤ ਸਿੰਘ ਕੰਵਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਜਸਵੰਤ ਕੰਵਲ ਸਾਇਦ ਦੁਨੀਆਂ ਦੇ ਸਾਹਿਤਕਾਰਾਂ ਵਿਚੋਂ ਸਭ ਤੋਂ ਵੱਡੀ ਉਮਰ ਦੇ ਸਾਹਿਤਕਾਰ ਹਨ ਜਿਨ੍ਹਾ ਸਦੀ ਪਲਟਾ ਕੇ ਇਸ ਦੁਨੀਆਂ ਤੋਂ ਵਦਾਇਗੀ ਲਈ।

ਸਾਹਿਤਕ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪਵਨ ਹਰਚੰਦਪੁਰੀ ਜਰਨਲ, ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਸਰਬਜੀਤ ਸਿੰਘ ਸਪੁੱਤਰ ਸਵ. ਜਸਵੰਤ ਸਿੰਘ ਕੰਵਲ, ਪ੍ਰਿੰਸੀਪਲ ਬਲਦੇਵ ਬਾਵਾ, ਨਿਰਭੈ ਸਿੰਘ ਸੰਗਰੂਰ ਅਤੇ ਡਾ. ਮੇਜ਼ਰ ਸਿੰਘ ਤਤਲਾ ਕੈਨੇਡੀਅਨ ਸ਼ਾਮਿਲ ਸਨ।ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ ਕਿਸਾਨਾਂ ਲਈ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਜਸਵੀਰ ਸਿੰਘ ਕਲਸੀ ਨੇ ਜਸਵੰਤ ਸਿੰਘ ਕੰਵਲ ਦੀ ਲੋਕ ਪੱਖੀ ਵਿਚਾਰਧਾਰਾ ਦਾ ਪਰਚਾ ਪੜ੍ਹਿਆ। ਮਾਸਟਰ ਹਰੀ ਸਿੰਘ ਢੁੱਡੀਕੇ ਨੇ ਸਵ. ਕੰਵਲ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।ਪਵਨ ਹਰਚੰਦਪੁਰੀ ਨੇ ਮਰਹੂਮ ਜਸਵੰਤ ਕੰਵਲ ਦੀਆਂ ਪੰਜਾਬੀ ਭਾਸ਼ਾ ਤੇ ਪੰਜਾਬ ਦੇ ਭਖਦੇ ਮਸਲਿਆਂ ਨੂੰ ਜੋਰਦਾਰ ਢੰਗ ਨਾਲ ਉਠਾਉਣ ਬਾਰੇ ਵਿਚਾਰ ਰੱਖੇ।ਉਨ੍ਹਾਂ ਕਿਹਾ ਕੇਂਦਰੀ ਲੇਖਕ ਸਭਾ(ਸੇਖੋਂ) ਨੇ ਕਿਸਾਨ ਸੰਘਰਸ ਸਬੰਧੀ ਵੱਖ ਵੱਖ ਲੇਖਿਕਾਂ ਵਲੋਂ ਲਿਖੀਆਂ ਕਵਿਤਾਵਾਂ,ਗਜ਼ਲਾਂ,ਗੀਤਾਂ ਦੀ ਇਕ ਕਿਤਾਬ ਛਾਪਣ ਦਾ ਫੈਸਲਾ ਕੀਤਾ ਗਿਆ ਹੈ,ਇਸ ਸਬੰਧ ਵਿਚ ਸਮੂਹ ਲੇਖਿਕਾਂ ਨੂੰ ਆਪਣੀਆਂ ਰਚਨਾਵਾਂ ਭੇਜਣ ਲਈ ਅਪੀਲ ਕੀਤੀ।ਉਨ੍ਹਾਂ ਇਹ ਵੀ ਦੱਸਿਆ ਕਿ ਲਿਖਾਰੀ ਸਭਾ ਬਰਨਾਲਾ ਵਲੋਂ ਕਿਸ਼ਾਨ ਸੰਘਰਸ ਦੌਰਾਨ ਕੁਰਬਾਨੀ ਕਰਨ ਵਾਲੇ ਕਿਸਾਨਾਂ/ਮਜ਼ਦੂਰਾਂ ਦੀਆਂ ਜੀਵਨੀਆਂ ਇਕੱਤਰ ਕਰਕੇ ਕਿਤਾਬ ਛਾਪਣ ਲਈ ਯਤਨ ਆਰੰਭ ਕੀਤੇ ਗਏ ਹਨ।ਕੰਵਲ ਦੇ ਪੋਤਰੇ ਹਰਮੀਤ ਸਿੰਘ ਨੇ ਸਮੂਹ ਲੇਖਕਾਂ ਪਾਠਕਾਂ ਨੂੰ ਉਨਾਂ ਨਾਲ ਜੁੜੀਆਂ ਯਾਦਾਂ ਵੀਡਿਓ,ਫੋਟੋ,ਭਾਸ਼ਣ,ਹੱਥ ਲਿਖਤਾਂ ਪ੍ਰੀਵਾਰ ਨੂੰ ਭੇਜਣ ਦੀ ਅਪੀਲ ਕੀਤੀ। ਸ੍ਰੀ ਅਸ਼ੋਕ ਚੁਟਾਨੀ ਅਤੇ ਹਰਜਿੰਦਰ ਸਿੰਘ ਬੱਗਾ ਨੇ ਕੰਵਲ ਬਾਰੇ ਰੇਖਾ ਚਿਤਰ ਪੇਸ਼ ਕੀਤੇ।ਕੈਨੇਡਾ ਤੋਂ ਵਿਸ਼ੇਸ਼ ਤੌਰ ਤੇ ਸਾਮਲ ਹੋਏ ਡਾਕਟਰ ਮੇਜ਼ਰ ਸਿੰਘ ਤਤਲਾ ਨੇ ਆਪਣੇਂ ਵਿਚਾਰ ਸਾਂਝੇ ਕਰਦਿਆਂ ਜਸਵੰਤ ਕੰਵਲ ਵਲੋਂ ਰਚੇ ਸਾਹਿਤ ਦੀ ਸਰਾਹਣਾ ਕੀਤੀ।ਉਨ੍ਹਾਂ ਕੈਨੇਡਾ ਵਿਚ ਪੰਜਾਬੀ ਸੁਰੂ ਕਰਨ ਦੇ ਪਿਛੋਕੜ ਬਾਰੇ ਸਰੋਤਿਆ ਨੂੰ ਜਾਣਕਾਰੀ ਦਿੱਤੀ।ਗਾਇਕ ਜੀ. ਐਸ. ਪੀਟਰ ਨੇ ਬੜੇ ਖੂਬਸੂਰਤ ਗੀਤ ਅਤੇ ਚਮਕੌਰ ਸਿੰਘ ਬਾਘੇਵਾਲੀਆ, ਪਰਮਜੀਤ ਸਿੰਘ ਚੂਹੜਚੱਕ, ਨਰਾਇਣ ਸਿੰਘ ਮੰਘੇੜਾ, ਅਮਰਜੀਤ ਅਮਨਾ, ਰਮਨਪ੍ਰੀਤ ਕੌਰ, ਜਸਵੰਤ ਕੰਵਲ ਦੇ ਸਪੁੱਤਰ ਸਰਬਜੀਤ ਸਿੰਘ ਕੰਵਲ, ਗੁਲਜ਼ਾਰ ਸਿੰਘ ਸ਼ੌਂਕੀ, ਜੁਗਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਪ੍ਰਿੰ. ਬਲਦੇਵ ਬਾਵਾ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਸਟੇਜ਼ ਦੀ ਕਾਰਵਾਈ ਪ੍ਰਧਾਨ ਮਾਸਟਰ ਗੁਰਚਰਨ ਸਿੰਘ ਨੇ ਚਲਾਈ।ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਹਰਵਿੰਦਰ ਰੋਡੇ, ਅਮਰਿੰਦਰ ਸਿੰਘ ਸੋਹਲ, ਅਰਸ਼ਦੀਪ ਕੌਰ,ਗੁਰਪ੍ਰੀਤ ਕੌਰ, ਮਾਸਟਰ ਜੈਕਬ, ਜਗਤਾਰ ਸਿੰਘ ਘਾਲੀ, ਰਣਜੀਤ ਸਿੰਘ, ਜਗਸੀਰ ਸ਼ਰਮਾਂ, ਸਵਰਨ ਸਿੰਘ, ਬਲਵੀਰ ਬਾਠ, ਆਤਮਾ ਸਿੰਘ, ਗੁਰਬਖਸ ਸਿੰਘ ਨਿਰਮਲ ਸਿੰਘ, ਤਰਨਜੀਤਪਾਲ ਸਿੰਘ, ਗੁਰਮੇਲ ਸਿੰਘ, ਜਗਸੀਰ ਸ਼ਰਮਾਂ, ਮਨਪ੍ਰੀਤ ਕੌਰ, ਜਸਵੀਰ ਸਿੰਘ ਗਿੱਲ, ਦਵਿੰਦਰ ਸਿੰਘ, ਚਰਨਜੀਤ ਸਿੰਘ ਭੰਮੀਪੁਰਾ ਹਾਜ਼ਰ ਸਨ। ਸਰਬਸੰਮਤੀ ਨਾਲ ਸਾਹਿਤਕਾਰਾਂ ਨੇ ਫੈਸਲਾ ਕੀਤਾ ਕਿ ਅਗੇ ਲਈ ਕੰਵਲ ਦੀ ਯਾਦ ਵਿਚ ਵੱਡੀ ਪੱਧਰ ਤੇ ਸਮਾਗਮ ਕੀਤਾ ਜਾਵੇਗਾ। ਕੰਵਲ ਦੀ ਯਾਦ ਵਿਚ ਮਿਊਜੀਅਮ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਥੇ ਕੰਵਲਨਾਲ ਸਬੰਧਤ ਵਸਤਾਂ ਰੱਖੀਆਂ ਜਾਣਗੀਆਂ।



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Iqbal Mahal Producer & Host
Cell:416-587-5520
Email: iqbalmahal46@gmail.com
Serving the South Asian Community Since 1976




ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8




PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਵੱਡਾ ਘੱਲੂਕਾਰਾ



ਡਾ.ਚਰਨਜੀਤ ਸਿੰਘ ਗੁਮਟਾਲਾ

ਸਿੱਖ ਇਤਿਹਾਸ ਵਿਚ ਵੱਡਾ ਘਲੂੱਕਾਰਾ ਵਿਸ਼ੇਸ਼ ਸਥਾਨ ਰਖਦਾ ਹੈ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ.ਗੰਡਾ ਸਿੰਘ ਨੇ ਇਸ ਦੇ ਇਤਿਹਾਸਿਕ ਪਿਛੋਕੜ ਬਾਰੇ ਆਪਣੀ ਪੁਸਤਕ 'ਸਿੱਖ ਇਤਿਹਾਸ (1469-1765) ਵਿਚ ਲਿਖਿਆ ਹੈ ਕਿ ਦੀਵਾਲੀ ਦੇ ਆਪਣੇ ਵਾਰਸ਼ਿਕ ਉਤਸਵ ਨੂੰ ਮਨਾਉਣ ਲਈ ਸਰਬਤ ਖ਼ਾਲਸਾ 27 ਅਕਤੂਬਰ, 1761 ਨੂੰ ਸਭ ਪਾਸਿਆਂ ਤੋਂ ਅੰਮ੍ਰਿਤਸਰ ਵਿੱਚ ਇਕੱਠਾ ਹੋਇਆ। ਉਨ੍ਹਾਂ ਨੇ ਗੁਰਮਤਾ ਪਾਸ ਕੀਤਾ ਕਿ ਅਹਿਮਦ ਸ਼ਾਹ ਦੇ ਸਾਰੇ ਸਾਥੀਆਂ ਅਤੇ ਸਮਰਥਕਾਂ ਦੇ ਅੱਡਿਆਂ ਉੱਤੇ ਜੋ ਮੁਲਕ ਦੀ ਆਜ਼ਾਦੀ ਦੇ ਰਾਹ ਵਿੱਚ ਰੁਕਾਵਟ ਸਿੱਧ ਹੋ ਰਹੇ ਸਨ, ਕਬਜ਼ਾ ਕਰ ਲਿਆ ਜਾਏ। ਸਭ ਤੋਂ ਲਾਗੇ ਆਕਲ ਦਾਸ ਦਾ ਜੰਡਿਆਲੇ ਦਾ ਅੱਡਾ ਸੀ ਜੋ ਨਿਰੰਜਣੀਆਂ ਦੇ ਸਿੱਖ-ਵਿਰੋਧੀ ਫ਼ਿਰਕੇ ਦਾ ਆਗੂ ਸੀ ਅਤੇ ਜੋ ਸਦਾ ਹੀ ਸਿੱਖਾਂ ਦੇ ਵੈਰੀਆਂ ਦੀ ਸਹਾਇਤਾ ਕਰਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਖ਼ਾਲਸੇ ਦੇ ਫੈਸਲੇ ਤੋਂ ਜਾਣੂ ਕਰਾ ਦਿੱਤਾ ਸੀ। ਇਹ ਸ਼ਾਇਦ ਇਸ ਲਈ ਕੀਤਾ ਸੀ ਕਿ ਉਹ ਸਿੱਖਾਂ ਦੀ ਅਧੀਨਗੀ ਪ੍ਰਵਾਨ ਕਰ ਲਵੇ ਪਰ ਉਸ ਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ ਥਾਂ ਤੁਰੰਤ ਅਹਿਮਦ ਸ਼ਾਹ ਵੱਲ ਚਿੱਠੀ ਲਿਖੀ ਅਤੇ ਉਸ ਨੂੰ ਆਪਣੀ ਸਹਾਇਤਾ ਲਈ ਸੱਦਿਆ।

ਅਹਿਮਦ ਸ਼ਾਹ ਦੁਰਾਨੀ ਜੋ ਆਪਣੇ ਛੇਵੇਂ ਹਮਲੇ 'ਤੇ ਪਹਿਲਾਂ ਹੀ ਭਾਰਤ ਵੱਲ ਨੂੰ ਆ ਰਿਹਾ ਸੀ, ਆਕਲ ਦਾਸ ਦੇ ਏਲਚੀਆਂ ਨੂੰ ਰੋਹਤਾਸ ਦੇ ਅਸਥਾਨ 'ਤੇ ਮਿਲਿਆ। ਉਹ ਬੜੀ ਕਾਹਲੀ ਕਾਹਲੀ ਜੰਡਿਆਲੇ ਪੁੱਜਾ ਅਤੇ ਉਸ ਨੂੰ ਪਤਾ ਲੱਗਾ ਕਿ ਸਿੱਖ ਜੰਡਿਆਲੇ ਦਾ ਘੇਰਾ ਛੱਡ ਕੇ ਸਰਹਿੰਦ ਵੱਲ ਨੂੰ ਚਲੇ ਗਏ ਸਨ। ਸਿੱਖਾਂ ਦੇ ਛੇਤੀ ਹੀ ਵਾਪਿਸ ਮੁੜ ਜਾਣ ਦਾ ਕਾਰਨ 'ਹੁਸੈਨ ਸ਼ਾਹੀ' ਪੁਸਤਕ ਦੇ ਕਰਤਾ ਅਨੁਸਾਰ ਇਹ ਸੀ ਕਿ ਆਕਲ ਦਾਸ ਦੇ ਪੈਰੋਕਾਰ ਨੇ ਗਊਆਂ ਦੀਆਂ ਹੇਠਲੀਆਂ ਲੱਤਾਂ ਕਿਲ੍ਹੇ ਦੀਆਂ ਦੀਵਾਰਾਂ ਨਾਲ ਲਟਕਾਈਆਂ ਹੋਈਆਂ ਸਨ ਪਰ ਸਿੱਖਾਂ ਦੇ ਛੇਤੀ ਵਾਪਿਸ ਮੁੜ ਜਾਣ ਦਾ ਅਸਲ ਕਾਰਣ ਇਹ ਸੀ ਕਿ ਉਹ ਆਪਣੇ ਨਾਲ ਆਪਣੇ ਪਰਿਵਾਰਾਂ ਨੂੰ ਹਮਲਾਅਵਰ ਦੀ ਪਹੁੰਚ ਤੋਂ ਦੂਰ ਕਿਸੇ ਥਾਂ 'ਤੇ ਲਿਜਾਣਾ ਅਤੇ ਛੱਡ ਆਉਣਾ ਚਾਹੁੰਦੇ ਸਨ ਜਾਂ ਉਹ ਉਨ੍ਹਾਂ ਨੂੰ ਦੱਖਣ-ਪੱਛਮੀ ਇਲਾਕੇ ਵਿੱਚ ਰਹਿ ਰਹੇ ਆਪਣੇ ਮਿੱਤਰਾਂ ਜਾਂ ਦੱਖਣ ਵਿੱਚ ਰਾਇਪੁਰ ਅਤੇ ਗੁੱਜਰਵਾਲ ਦੇ ਨੇੜੇ ਪੁਚਾਉਣਾ ਚਾਹੁੰਦੇ ਸਨ। ਸਿੱਖ ਸਰਦਾਰ ਦਿਆਲ ਸਿੰਘ ਬਰਾੜ ਦੀ ਮੌਤ ਦਾ ਵੀ ਬਦਲਾ ਲੈਣਾ ਚਾਹੁੰਦੇ ਸਨ ਜਿਸ ਨੂੰ ਥੋੜ੍ਹੀ ਦੇਰ ਪਹਿਲਾ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਂ ਨੇ ਮਰਵਾਇਆ ਸੀ। ਇਹ ਖ਼ਬਰ ਸੁਣ ਕੇ, ਕਿ ਸਿੱਖ ਮਲੇਰਕੋਟਲੇ ਦੇ ਲਾਗੇ ਦੇ ਪਿੰਡਾਂ ਵਿੱਚ ਇਕੱਠੇ ਹੋ ਰਹੇ ਹਨ, ਉੱਥੋਂ ਦੇ ਅਫ਼ਗਾਨ ਹਾਕਮ ਭੀਖਨ ਖ਼ਾਂ ਨੇ ਜ਼ੈਨ ਖ਼ਾਂ ਤੋਂ ਮਦਦ ਮੰਗੀ ਅਤੇ ਅਹਿਮਦ ਸ਼ਾਹ ਨੂੰ ਸਿੱਖਾਂ ਵੱਲੋਂ ਖ਼ਤਰੇ ਤੋਂ ਜਾਣੂ ਕਰਵਾਇਆ।

ਇਹ ਖ਼ਬਰ ਸੁਣ ਕੇ ਅਹਿਮਦ ਸ਼ਾਹ 3 ਫਰਵਰੀ, 1762 ਨੂੰ ਲਾਹੌਰ ਤੋਂ ਚਲਿਆ ਅਤੇ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵਿੱਚ ਆ ਪੁੱਜਾ। 5 ਫਰਵਰੀ ਦੀ ਸਵੇਰ ਤੱਕ ਉਹ ਮਲੇਰਕੋਟਲੇ ਦੇ ਲਾਗੇ ਕੁੱਪ ਪਿੰਡ ਵਿੱਚ ਪੁੱਜ ਗਿਆ ਜਿੱਥੇ ਲਗਭਗ ਤੀਹ ਹਜ਼ਾਰ ਸਿੱਖ ਆਪਣੇ ਪਰਿਵਾਰਾਂ ਅਤੇ ਸਾਮਾਨ ਸਮੇਤ ਡੇਰਾ ਲਾਈ ਬੈਠੇ ਸਨ। ਉਸ ਨੇ ਜ਼ੈਨ ਖ਼ਾਂ ਨੂੰ ਪਹਿਲੇ ਹੀ ਹਿਦਾਇਤਾਂ ਭੇਜ ਦਿੱਤੀਆਂ ਸਨ ਕਿ ਉਹ ਆਪਣੀਆਂ ਸਭ ਫ਼ੌਜਾਂ ਸਮੇਤ ਕੂਚ ਕਰੇ ਅਤੇ ਸਿੱਖਾਂ ਦੇ ਅਗਲੇ ਹਿੱਸੇ ਉੱਤੇ ਹਮਲਾ ਕਰੇ ਜਦ ਕਿ ਉਹ ਆਪ ਉਨ੍ਹਾਂ ਦੇ ਪਿਛਲੇ ਪਾਸਿਉਂ ਹਮਲਾ ਕਰੇਗਾ। ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦੇ ਰੱਖਿਆ ਸੀ ਕਿ ਜਿਸ ਕਿਸੇ ਨੂੰ ਵੀ ਉਹ ਭਾਰਤੀ ਲਿਬਾਸ ਵਿੱਚ ਦੇਖਣ ਉਸ ਨੂੰ ਮਾਰ ਦੇਣ। ਜ਼ੈਨ ਖ਼ਾਂ ਦੀਆਂ ਭਾਰਤੀ ਫ਼ੌਜਾਂ ਨੂੰ ਸਿੱਖਾਂ ਦੀਆਂ ਫੌਜਾਂ ਤੋਂ ਭਿੰਨ ਰੱਖਣ ਲਈ ਉਨ੍ਹਾਂ ਦੀਆਂ ਪਗੜੀਆਂ ਵਿੱਚ ਹਰੇ ਪੱਤੇ ਟੰਗਣ ਦੀ ਹਿਦਾਇਤ ਕੀਤੀ ਗਈ ਸੀ।

ਸਿੱਖਾਂ ਨੂੰ ਅਚਨਚੇਤ ਘੇਰ ਲਿਆ ਗਿਆ ਸੀ। ਉਨ੍ਹਾਂ ਨੇ ਇੱਕ ਦਮ ਸਲਾਹ ਮਸ਼ਵਰਾ ਕਰਕੇ ਫ਼ੈਸਲਾ ਕੀਤਾ ਕਿ ਉਨ੍ਹਾਂ ਨੂੰ ਲੜ ਕੇ ਮਰਨਾ ਚਾਹੀਦਾ ਹੈ। ਉਨ੍ਹਾਂ ਨੇ ਆਪਣੀਆਂ ਇਸਤਰੀਆਂ ਅਤੇ ਬੱਚਿਆਂ ਦੁਆਲੇ ਇੱਕ ਘੇਰਾ ਬੰਨ੍ਹ ਲਿਆ ਅਤੇ ਲੜਦੇ ਹੋਏ ਅਗਾਂਹ ਵੱਧਦੇ ਗਏ। ਕਦੇ ਕਦੇ ਉਹ ਆਪਣੇ ਹਮਲਾਆਵਰਾਂ ਉੱਤੇ ਭੌਂ ਕੇ ਵਾਰ ਕਰਦੇ ਅਤੇ ਉਨ੍ਹਾਂ ਦਾ ਕਾਫ਼ੀ ਨੁਕਸਾਨ ਕਰ ਦਿੰਦੇ। ਸ. ਸ਼ਾਮ ਸਿੰਘ ਕਰੋੜ ਸਿੰਘੀਆ, ਸ.ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੀ ਮੁੱਖ ਸੈਨਾ ਦੀ ਅਗਵਾਈ ਕਰ ਰਹੇ ਸਨ ਅਤੇ ਆਪਣੀ ਰੱਖਿਆ ਵਿੱਚ ਲਏ ਗੈਰ-ਲੜਾਕੂ ਬੰਦਿਆਂ (ਭਾਵ ਸਿੱਖ ਔਰਤਾਂ, ਬੱਚਿਆਂ ਅਤੇ ਬੁੱਢਿਆਂ) ਦੇ ਕੂਚ ਦੀ ਨਿਗਰਾਨੀ ਕਰ ਰਹੇ ਸਨ। ਅਹਿਮਦ ਸ਼ਾਹ ਸਿੱਖਾਂ ਨਾਲ ਕਿਸੇ ਥਾਂ ਜੰਮ ਕੇ ਲੜਾਈ ਕਰਨਾ ਚਾਹੁੰਦਾ ਸੀ ਪਰ ਉਹ ਉਸ ਨੂੰ ਮੌਕਾ ਨਹੀਂ ਸਨ ਦੇ ਰਹੇ। ਉਹ ਅਗਾਂਹ ਅਤੇ ਅਗਾਂਹ ਤੁਰਦੇ ਜਾ ਰਹੇ ਸਨ ਅਤੇ ਪਿੰਡੋਂ ਪਿੰਡ ਉਨ੍ਹਾਂ ਨਾਲ ਲੜਾਈ ਹੁੰਦੀ ਜਾ ਰਹੀ ਸੀ। ਕੁਤਬ-ਬਾਹਮਣੀ, ਗਾਹਲ ਅਤੇ ਹੋਰ ਥਾਂਵਾਂ ਦੇ ਲੋਕਾਂ ਨੇ, ਜਿੱਥੋਂ ਦੀ ਇਹ ਸਿੱਖ ਲੰਘੇ ਸਨ, ਹਮਲਾਆਵਰ ਦੇ ਬਦਲੇ ਦੇ ਡਰ ਕਰਕੇ ਸਿੱਖਾਂ ਨੂੰ ਸ਼ਰਨ ਨਹੀਂ ਦਿੱਤੀ ਸਗੋਂ ਉਨ੍ਹਾਂ ਨੇ ਸਿੱਖਾਂ ਉੱਤੇ ਹਮਲਾ ਕਰਕੇ ਉਨ੍ਹਾਂ ਵਿੱਚੋਂ ਕਈਆਂ ਨੂੰ ਮਾਰ ਦਿੱਤਾ। ਸਿੱਖ ਹੋਰ ਅਗਾਂਹ ਜਾਣ ਲਈ ਹੀ ਮਜ਼ਬੂਰ ਸਨ। ਉਹ ਬਰਨਾਲੇ ਪੁੱਜਣਾ ਚਾਹੁੰਦੇ ਸਨ ਜਿੱਥੇ ਉਹ ਬਾਬਾ ਆਲਾ ਸਿੰਘ ਦੀ ਸਹਾਇਤਾ ਨਾਲ ਕੁਝ ਬਚਾਅ ਦੀ ਆਸ ਰੱਖਦੇ ਸਨ ਅਤੇ ਆਲਾ ਸਿੰਘ ਵੱਲੋਂ ਮਦਦ ਨਾ ਮਿਲਣ ਦੀ ਹਾਲਤ ਵਿੱਚ ਉਹ ਬਠਿੰਡੇ ਦੇ ਪਾਣੀ ਤੋਂ ਖਾਲੀ ਰੇਗਿਸਤਾਨ ਵਿੱਚ ਚਲੇ ਜਾਣਾ ਚਾਹੁੰਦੇ ਸਨ।

ਉਨ੍ਹਾਂ ਦੇ ਬਰਨਾਲੇ ਪੁੱਜਣ ਤੋਂ ਪਹਿਲਾਂ ਹੀ ਅਫ਼ਗਾਨਾਂ ਨੇ ਉਸ ਘੇਰੇ ਨੂੰ ਤੋੜ ਦਿੱਤਾ ਜੋ ਸਿੱਖਾਂ ਨੇ ਆਪਣੀਆਂ ਔਰਤਾਂ ਅਤੇ ਬੱਚਿਆਂ ਦੁਆਲੇ ਪਾਇਆ ਹੋਇਆ ਸੀ ਅਤੇ ਇਸ ਤਰ੍ਹਾਂ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਇਸ ਲੜਾਈ ਵਿੱਚ ਕਿੰਨਾ ਜਾਨੀ ਨੁਕਸਾਨ ਹੋਇਆ ਇਸ ਬਾਰੇ ਵੱਖ ਵੱਖ ਵਿਚਾਰ ਹਨ । ਕਨਿੰਘਮ ਇਹ ਗਿਣਤੀ 12 ਤੋਂ 25 ਹਜ਼ਾਰ ਤੱਕ ਦਿੰਦਾ ਹੈ । ਤਾਰੀਖ਼ੇ ਅਹਿਮਦੀ ਤੇ ਇਬਰਤ ਨਾਮਾ ਇਹ ਗਿਣਤੀ 30 ਹਜ਼ਾਰ ਦੇਂਦੇ ਹਨ। ਇਸ ਡਰਾਉਣੇ ਕਤਲੇਆਮ ਨੰ, ਜੋ 5 ਫਰਵਰੀ, 1762 ਨੂੰ ਹੋਇਆ ਸੀ, ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਜਾਂ ਦੂਜਾ ਮਹਾਨ ਘੱਲੂਘਾਰਾ ਕਿਹਾ ਜਾਂਦਾ ਹੈ। ਪਹਿਲਾ ਘੱਲੂਘਾਰਾ 1746 ਈ. ਵਿੱਚ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਦੀ ਉਹ ਮਹਾਨ ਬੀੜ ਜੋ ਗੁਰੁ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿੱਚ ਸੰਪੂਰਨ ਕੀਤੀ ਸੀ ਅਤੇ ਜੋ ਸਿੱਖ ਫ਼ੌਜਾਂ ਆਪਣੇ ਕੂਚ ਸਮੇਂ ਆਪਣੇ ਅੱਗੇ ਅੱਗੇ ਲਿਜਾ ਰਹੀਆਂ ਸਨ, ਇਸ ਲੜਾਈ ਵਿੱਚ ਗੁੰਮ ਹੋ ਗਈ।

ਮਾਲਵੇ ਦੇ ਸਿੱਖ ਮੁਕਾਬਲਤਨ ਵਧੇਰੇ ਅਮਨ ਪਸੰਦ ਸਨ ਅਤੇ ਉਨ੍ਹਾਂ ਨੇ ਹਮਲਾਆਵਰ ਨੂੰ ਕੋਈ ਦੁੱਖ ਨਹੀਂ ਸੀ ਦਿੱਤਾ। ਮਾਲਵੇ ਦੇ ਸਿੱਖਾਂ ਦਾ ਆਗੂ ਪਟਿਆਲੇ ਦਾ ਸਰਦਾਰ ਆਲਾ ਸਿੰਘ ਸੀ, ਜੋ ਇੱਕ ਨਿਰਪੱਖ ਨੀਤੀ 'ਤੇ ਚਲ ਰਿਹਾ ਸੀ ਅਤੇ ਉਸ ਨੇ ਮੁਸੀਬਤ ਵਿੱਚ ਫਸੇ ਆਪਣੇ ਹਮਧਰਮੀਆਂ ਦੀ ਕੋਈ ਸਹਾਇਤਾ ਨਹੀਂ ਸੀ ਕੀਤੀ। ਇਸ ਲਈ ਉਸ ਵਿਰੁੱਧ ਕਾਰਵਾਈ ਕਰਨ ਲਈ ਅਹਿਮਦ ਸ਼ਾਹ ਦੁਰਾਨੀ ਪਾਸ ਕੋਈ ਕਾਰਨ ਨਹੀਂ ਸੀ ਪਰ ਉਸ ਦੇ ਲਾਗਲੇ ਵਿਰੋਧੀ ਸਰਹਿੰਦ ਅਤੇ ਮਲੇਰਕੋਟਲੇ ਦੇ ਨਵਾਬਾਂ ਨੇ ਇਹ ਕਹਿ ਕੇ ਅਹਿਮਦ ਸ਼ਾਹ ਦੇ ਕੰਨ ਭਰ ਦਿੱਤੇ ਕਿ ਆਲਾ ਸਿੰਘ ਗੁਪਤ ਰੂਪ ਵਿੱਚ ਮਾਝੇ ਦੇ ਸਿੱਖਾਂ ਦਾ ਸਾਥੀ ਸੀ ਅਤੇ ਜੇ ਉਸ ਨੂੰ ਫੜ ਲਿਆ ਜਾਵੇ ਤਾਂ ਸੌਖਿਆ ਹੀ ਪੰਜਾਹ ਲੱਖ ਰੁਪਏ ਮੁਆਵਜ਼ੇ ਵੱਜੋਂ ਉਗਰਾਹੇ ਜਾ ਸਕਦੇ ਹਨ।

ਜਦੋਂ ਅਹਿਮਦ ਸ਼ਾਹ ਬਰਨਾਲੇ ਵਿੱਚ ਦਾਖ਼ਲ ਹੋਇਆ, ਜੋ ਆਲਾ ਸਿੰਘ ਦੇ ਇਲਾਕੇ ਵਿੱਚ ਸੀ, ਤਾਂ ਇਹ ਆਸ ਕੀਤੀ ਜਾਂਦੀ ਸੀ ਕਿ ਆਲਾ ਸਿੰਘ ਇੱਕ ਜਾਗੀਰਦਾਰ ਸਰਦਾਰ ਵਜੋਂ ਆਪਣੇ ਆਪ ਨੂੰ ਅਹਿਮਦ ਸ਼ਾਹ ਦੇ ਪੇਸ਼ ਕਰੇਗਾ ਅਤੇ ਉਸ ਦੀ ਅਧੀਨਗੀ ਪ੍ਰਵਾਨ ਕਰੇਗਾ ਪਰ ਆਲਾ ਸਿੰਘ ਅਹਿਮਦ ਸ਼ਾਹ ਦੇ ਆਉਣ ਤੋਂ ਪਹਿਲਾਂ ਹੀ ਬਰਨਾਲੇ ਵਿੱਚੋਂ ਨਿਕਲ ਕੇ ਭਵਾਨੀਗੜ੍ਹ ਦੇ ਕਿਲ੍ਹੇ ਵਿੱਚ ਚਲਾ ਗਿਆ। ਸ਼ਾਹ ਨੇ ਆਲਾ ਸਿੰਘ ਦੀ ਗ਼ੈਰਹਾਜ਼ਰੀ ਵਿੱਚ ਬਰਨਾਲੇ ਦੇ ਕਸਬੇ ਨੂੰ ਸਾੜ ਦਿੱਤਾ ਅਤੇ ਭਵਾਨੀਗੜ੍ਹ ਵੱਲ ਕੂਚ ਕੀਤਾ। ਇਸ ਅਰੋਕ ਹੋਣੀ ਤੋਂ ਬਚਣ ਦਾ ਕੋਈ ਰਾਹ ਨਾ ਦੇਖ ਕੇ ਆਲਾ ਸਿੰਘ ਨੇ ਨਜੀਬ-ਉਦ-ਦੌਲਾ ਦੇ ਵਸੀਲੇ ਨਾਲ ਅਹਿਮਦ ਸ਼ਾਹ ਦੇ ਪੇਸ਼ ਹੋਣ ਦਾ ਯਤਨ ਕੀਤਾ ਅਤੇ ਪੰਜ ਲੱਖ ਰੁਪਇਆ ਭੇਟਾ ਦੇ ਤੌਰ 'ਤੇ ਸ਼ਾਹ ਨੂੰ ਅਦਾ ਕਰਕੇ ਉਸ ਨੂੰ ਠੰਡਿਆਂ ਕੀਤਾ। ਇਸ ਤੋਂ ਇਲਾਵਾ ਸਵਾ ਲੱਖ ਰੁਪਇਆ ਇਸ ਗੱਲ ਦੀ ਪ੍ਰਵਾਨਗੀ ਲਈ ਦਿੱਤਾ ਕਿ ਉਹ ਆਪਣੇ ਕੇਸਾਂ ਅਤੇ ਦਾੜ੍ਹੀ ਸਮੇਤ ਬਾਦਸ਼ਾਹ ਦੇ ਪੇਸ਼ ਹੋ ਸਕੇ। ਕੁਝ ਸਮੇਂ ਲਈ ਉਸ ਨੂੰ ਨਜ਼ਰਬੰਦ ਕਰਕੇ ਫਿਰ ਛੱਡ ਦਿੱਤਾ ਗਿਆ ਅਤੇ ਉਸ ਨੂੰ ਆਪਣੇ ਇਲਾਕੇ ਦੇ ਹਾਕਮ ਵਜੋਂ ਇਸ ਇਕਰਾਰ ਉੱਤੇ ਪੱਕਿਆ ਕਰ ਦਿੱਤਾ ਕਿ ਉਹ ਸਾਲਾਨਾ ਰਕਮ ਭਰਦਾ ਰਹੇਗਾ।

ਅਹਿਮਦ ਸ਼ਾਹ 3 ਮਾਰਚ ਨੂੰ ਲਾਹੌਰ ਵਾਪਿਸ ਚਲਾ ਗਿਆ ਅਤੇ ਸਿੱਖ ਵਸੋਂ ਉੱਤੇ ਆਪਣੀ ਪ੍ਰਮੁਖਤਾ ਦਾ ਪ੍ਰਭਾਵ ਪਾਉਣ ਲਈ ਉਹ ਆਪਣੇ ਨਾਲ ਇਸ ਲੜਾਈ ਵਿੱਚ ਮਾਰੇ ਗਏ ਸਿੱਖਾਂ ਦੇ ਸਿਰਾਂ ਦੇ 50 ਗੱਡੇ ਲੱਦ ਕੇ ਲਾਹੌਰ ਲੈ ਗਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਕੈਦੀ ਬਣਾ ਕੇ ਵੀ ਆਪਣੇ ਨਾਲ ਲੈ ਗਿਆ। "ਕਤਲ ਹੋਏ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਉਸਾਰੇ ਗਏ ਅਤੇ ਕਿਹਾ ਜਾਂਦਾ ਹੈ ਕਿ ਅਹਿਮਦ ਸ਼ਾਹ ਦੁਆਰਾ ਉਨ੍ਹਾਂ ਮਸਜਿਦਾਂ ਦੀਆਂ ਦੀਵਾਰਾਂ ਨੂੰ, ਜਿਨ੍ਹਾਂ ਨੂੰ ਸਿੱਖਾਂ ਨੇ ਅਪਵਿੱਤਰ ਕੀਤਾ ਸੀ, ਉਨ੍ਹਾਂ ਦੇ ਖ਼ੂਨ ਨਾਲ ਧੋਤਾ ਗਿਆ"।

ਸਿੱਖਾਂ ਨੂੰ ਹੋਰ ਵਧੇਰੇ ਸਜ਼ਾ ਦੇਣ ਲਈ ਅਹਿਮਦ ਸ਼ਾਨ ਨੇ 10 ਅਪ੍ਰੈਲ, 1762 ਨੂੰ ਵਿਸਾਖੀ ਦੇ ਉਤਸਵ ਸਮੇਂ ਅੰਮ੍ਰਿਤਸਰ ਦੇ ਸਿੱਖਾਂ ਉੱਤੇ ਹਮਲਾ ਕੀਤਾ। ਇਸ ਸਮੇਂ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਹਜ਼ਾਰਾਂ ਸਿੱਖ ਉੱਥੇ ਇਕੱਠੇ ਹੋਏ ਹੋਏ ਸਨ ਪਰ ਉਸ ਦੇ ਹਮਲਾ ਕਰਨ ਸਮੇਂ ਸਿੱਖ ਖਿੰਡ ਪੁੰਡ ਗਏ ਅਤੇ ਉਸ ਨੂੰ ਸਿੱਖਾਂ ਦੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਦਾ ਮੌਕਾ ਮਿਲ ਗਿਆ। ਯਾਤਰੀਆਂ ਲਈ ਬਣੇ ਹੋਏ ਬੁੰਗੇ ਵੀ ਬਰਬਾਦ ਕਰ ਦਿੱਤੇ ਗਏ ਅਤੇ ਸਰੋਵਰ ਨੂੰ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕਰਕੇ ਕੂੜਾ ਕਰਕਟ ਅਤੇ ਮਲਬੇ ਨਾਲ ਭਰ ਦਿੱਤਾ। ਕਿਹਾ ਜਾਂਦਾ ਹੈ ਕਿ ਜਿਸ ਵੇਲੇ ਇਹ ਇਮਾਰਤਾਂ ਉਡਾਈਆਂ ਜਾ ਰਹੀਆਂ ਸਨ ਤਾਂ ਇੱਕ ਉਡਦਾ ਹੋਇਆ ਰੋੜਾ ਅਹਿਮਦ ਸ਼ਾਹ ਦੇ ਨੱਕ ਉਪਰ ਜਾ ਵੱਜਾ ਅਤੇ ਉੱਥੇ ਅਜਿਹਾ ਜ਼ਖ਼ਮ ਹੋ ਗਿਆ ਜੋ ਕਦੇ ਰਾਜ਼ੀ ਨਾ ਹੋਇਆ।

# Is Fascism the new religion of some Bollywood stars.

Government always rules against all individuals who try to speak against them. This is exactly what is going on in India. Peaceful protestors have been tortured, put in prison, beaten by gangsters. Gangsters were also provided police uniforms to beat the innocent famers who are protesting against black laws. Prime minister Modi is keep trying to sell everything to rich people. His main agenda is to make rich richer and make poor poorer. One of the worst Prime Minister in Indian history.

Only the farmers and common people were talking about this issue. Most of the Bollywood artists had hold their tongue regarding this issue. Now, when Hollywood artists and International leaders are supporting the farmers and raising their voice regarding the tortures, injustices, and police corruption in India. These Bollywood artists got out of their holes? Not all of them come out to support farmers. They come out to show their anger on Hollywood artists for supporting the farmers. Where were they since this protest started? Were they sleeping? Are they just waking up from their sleep to suppress the people who are raising the voices against tortures, unjust and evil actions of Indian Government and Indian Police.

These people completely ignored famers protests. These Bollywood artists were living a very comfortable life in their Bungalow. Our Famers were struggling, shivering, get beaten, tortured, these so-called Bollywood did not open their mouth. Now when people from other countries intervened in this issue. Some of these Bollywood celebrities are saying," Indians know India and should decide for India. Let's remain united as a nation." Where were you since these peaceful protests started. Were you deaf? Were you making fun of these protests? Were you in special meetings with Modi? Where exactly where you busy at? Well, you don't have to give us any answers. But you definitely need to be ashamed for trying to suppress other people when they are trying to raise voice against evil acts of Indian Government. Go back to sleep you Bollywood celebrities!

Loveleen Kaur Sandhu
Kisan Ekta Zindabad!
Farmers will win!!

# ਮੌਦੀ ਦੇ ਜ਼ੁਲਮ

-ਲਵਲੀਨ ਕੌਰ ਸੰਧੂ




ਮੌਦੀ ਦੀ ਸੱਤਾਂ ਹੇਠਾਂ ਹੋ ਰਹੇ ਕਿਹੜੇ ਕਿਹੜੇ ਅਤਿਆਚਾਰ ਦਾ ਬਿਆਨ ਕਰੀਏ। ਕਲਮ ਦੇ ਸਿੱਕੇ ਘੱਟ ਪੈ ਜਾਣਗੇ , ਪੰਨੇ ਖਤਮ ਹੋ ਜਾਣਗੇ। ਨਿਹੱਥੇ ਕਿਸਾਨਾਂ ਉੱਤੇ ਹਮਲੇ ਕਰਵਾਕੇ ਆਪਣੀ ਚੂਹੇ ਦੀ ਖੁੱਡ ਚ ਵੜਕੇ ਬੈਠਾ ਹੈ। ਮੀਡੀਆ ਵੀ ਮੌਦੀ ਦੀ, ਪੁਲਿਸ ਵੀ ਮੌਦੀ ਦੀ। ਮੌਦੀ ਦੇ ਤਲਵੇ ਚੱਟਣ ਵਾਲਿਆ ਨੇ ਕਿਸਾਨਾਂ ਤੇ ਕਈ ਜ਼ੁਲਮ ਢਾਏ। 26 ਜਨਵਰੀ ਵਾਲੇ ਦਿਨ ਬਜ਼ੁਰਗਾਂ ਨੂੰ ਵਾਲਾਂ ਤੋਂ ਫੜਕੇ ਰੌਲਿਆ ਗਿਆ। ਹੰਝੂ ਗੈਸ ਦੇ ਗੋਲੇ ਸੁੱਟੇ ਗਏ। ਨਿਹੱਥਿਆਂ ਉੱਤੇ ਢੰਡੇ ਬਰਸਾਏ ਗਏ। ਇੱਕ ਇੱਕ ਜਾਣੇ ਨੂੰ ਦੱਸ ਦੱਸਪੁਲਿਸ ਵਾਲਿਆਂ ਨੇ ਵਾਲਾਂ ਤੋਂ ਕੜੀਸ ਕੇ ਅਤਿਆਚਾਰ ਕੀਤਾ। ਸਿੰਘਾਂ ਦੇ ਕੇਸਾਂ ਤੇ ਕਛਿਹਰਿਆਂ ਦੀ ਰੱਜ ਕੇ ਬੇਅਦਬੀ ਕਿੱਤੀ ਗਈ। ਕਈ ਸਿੰਘਾਂ ਨੂੰ ਕਿੰਨੀ ਕਿੰਨੀ ਦੇਰ ਤੱਕ ਜੱਲਾਦਾਂ ਵਾਂਗ ਕੁੱਟਣ ਤੋਂ ਬਾਦ ਪਾਣੀ ਮੰਗਣ ਤੇ ਪਾਣੀ ਦੀ ਇੱਕ ਘੁੱਟ ਵੀ ਨਾ ਦਿੱਤੀ ਗਈ। ਅਜੇ ਤੱਕ ਕਈ ਕਿਸਾਨ ਵੀਰਾਂ ਦਾ ਕੁਝ ਪਤਾ ਨਹੀਂ ਲੱਗ ਰਿਹਾ । ਮਾਂ ਪਿਓ ਪੁਲਿਸ ਕੋਲ ਨਹੀਂ ਜਾ ਸੱਕਦੇ ਕਿਉਂਕੀ ਪੁਲਿਸ ਸਾਰੇ ਪਰਿਵਾਰ ਉੱਤੇ ਅਤਿਆਚਾਰ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਸ ਹੱਥਾਂ ਨੇ ਇਹਨਾਂ ਦੇ ਮੂੰਹ ਵਿੱਚ ਲੰਗਰ ਪਾਇਆ। ਪੁਲਿਸ ਵਾਲਿਆਂ ਨੇ ਉਹਨਾਂ ਹੱਥਾਂ ਉੱਤੇ ਕਹਿਰ ਬਰਸਾਇਆ। ਕਿਹੋ ਜਿਹੀਆਂ ਕੁੱਖਾਂ ਨੇ ਇਹੋ ਜਿਹੇ ਪਾਪੀਆਂ ਨੂੰ ਜਨਮ ਦਿੱਤਾ ਹੋਵੇਗਾ। ਆਪਾਂ ਨੂੰ ਸਿਰਫ ਇੱਕ ਹੀ ਚੀਜ਼ ਜਿਤਾ ਸੱਕਦੀ ਹੈ, ਉਹ ਹੈ ਏਕਤਾ। ਕਿਸਾਨ ਮੌਰਚੇ ਦੀ ਜਿੱਤ ਸਾਰੇ ਭਾਰਤ ਦੀ ਜਿੱਤ ਹੋਵੇਗੀ। ਇਸ ਮੋਰਚੇ ਵਿਚ ਸ਼ਾਮਿਲ ਹੋਕੇ ਆਓ ਅਸੀਂ ਆਪਣੀ ਜ਼ਿੰਦਗੀ ਸਫਲ ਬਣਾਈਏ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE


# ਛੱਬੀ ਜਨਵਰੀ ਨੂੰ ਹੋਇਆ-ਵਾਪਰਿਆ ਤੇ ਇਸ ਦੇ ਬਾਅਦ ਦੇ ਪ੍ਰਭਾਵ



ਜਤਿੰਦਰ ਪੰਨੂ

ਭਾਰਤ ਸਰਕਾਰ ਦੇ ਨਵੇਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨੇ ਜਦੋਂ ਇਹ ਐਲਾਨ ਕੀਤਾ ਸੀ ਕਿ ਉਹ ਛੱਬੀ ਜਨਵਰੀ ਨੂੰ ਦਿੱਲੀ ਵਿੱਚ ਗਣਤੰਤਰ ਦਿਵਸ ਪਰੇਡ ਦੇ ਮੁਕਾਬਲੇ ਕਿਸਾਨ ਗਣਤੰਤਰ ਦਿਵਸ ਪਰੇਡ ਕਰਨਗੀਆਂ ਤਾਂ ਮੈਨੂੰ ਇਹ ਠੀਕ ਨਹੀਂ ਸੀ ਲੱਗਾ। ਜਿਹੜੇ ਕੁਝ ਲੋਕ ਇਨ੍ਹਾਂ ਦਿਨਾਂ ਵਿੱਚ ਮਿਲੇ ਤੇ ਉਨ੍ਹਾਂ ਨਾਲ ਇਸ ਬਾਰੇ ਗੱਲ ਹੋਈ, ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਕਿਸਾਨਾਂ ਨੇ ਇਹ ਗਣਤੰਤਰ ਟਰੈਕਟਰ ਪਰੇਡ ਦਾ ਮਨ ਬਣਾ ਹੀ ਲਿਆ ਹੈ ਤਾਂ ਇੱਕ ਦਿਨ ਪਹਿਲਾਂ ਜਾਂ ਇੱਕ ਦਿਨ ਪਿੱਛੋਂ ਕਰ ਲੈਣ, ਵਰਨਾ ਸਰਕਾਰ ਇਸ ਨੂੰ ਗਣਤੰਤਰ ਦਿਵਸ ਦੇ ਵਿਰੋਧ ਦਾ ਮੁੱਦਾ ਬਣਾ ਕੇ ਭੰਡੀ-ਪ੍ਰਚਾਰ ਕਰਨ ਦੀ ਨਵੀਂ ਮੁਹਿੰਮ ਸ਼ੁਰੂ ਕਰ ਦੇਵੇਗੀ। ਉਨ੍ਹਾਂ ਦੀ ਰਾਏ ਵਿੱਚ ਇਹ ਮੇਰਾ ਫੋਕਾ ਵਹਿਮ ਸੀ ਅਤੇ ਜੇ ਇਹ ਵਹਿਮ ਹੀ ਸਾਬਤ ਹੋਇਆ ਹੁੰਦਾ ਤਾਂ ਚੰਗਾ ਹੁੰਦਾ, ਪਰ ਜਿੰਦਾਂ ਦੇ ਹਾਲਾਤ ਉਸ ਦਿਨ ਬਣ ਗਏ, ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਇਸ ਪਰੇਡ ਲਈ ਗਣਤੰਤਰ ਦਿਵਸ ਦਾ ਮੌਕਾ ਚੁਣਨਾ ਗਲਤ ਸੀ। ਨਤੀਜੇ ਵਜੋਂ ਜੋ ਕੁਝ ਵੀ ਹੋਇਆ, ਉਹ ਚੰਗਾ ਨਹੀਂ ਕਿਹਾ ਜਾ ਸਕਦਾ। ਕਿਸਾਨ ਆਗੂ ਬੇਵੱਸ ਹੋ ਗਏ, ਉਨ੍ਹਾਂ ਦੇ ਵਿਰੋਧੀ ਇਸ ਤਰ੍ਹਾਂ ਦੀ ਚੁਸਤ ਚਾਲ ਚੱਲਣ ਵਿੱਚ ਕਾਮਯਾਬ ਹੋ ਗਏ, ਜਿਸ ਬਾਰੇ ਕਿਸੇ ਆਗੂ ਨੇ ਓਦੋਂ ਸੋਚਿਆ ਤੱਕ ਨਹੀਂ ਸੀ। ਸਾਡੇ ਲੋਕ ਚੜ੍ਹਦੀ ਸੁਰ ਵਿੱਚ ਬੋਲ ਰਹੇ ਬੰਦਿਆਂ ਦੀ ਗੱਲ ਵੱਧ ਸੁਣਦੇ ਹਨ। ਕੋਈ ਆਗੂ ਇਹ ਕਹੇ ਕਿ ਫਸਲ ਦਾ ਦੋ ਹਜ਼ਾਰ ਰੁਪਏ ਦੀ ਥਾਂ ਢਾਈ ਹਜ਼ਾਰ ਰੁਪਏ ਕੁਇੰਟਲ ਦਾ ਭਾਅ ਚਾਹੀਦਾ ਹੈ, ਲੋਕ ਸਹਿਮਤ ਹੁੰਦੇ ਹਨ। ਦੂਸਰਾ ਇਸ ਦੇ ਅੱਗੇ ਵਧ ਕੇ ਕਹੇ ਕਿ ਢਾਈ ਹਜ਼ਾਰ ਕੀ ਹੁੰਦਾ ਹੈ, ਸਾਨੂੰ ਤਿੰਨ ਹਜ਼ਾਰ ਤੋਂ ਘੱਟ ਪੁੱਗਦਾ ਨਹੀਂ ਤਾਂ ਪਹਿਲੇ ਦੀ ਗੱਲ ਵਿਸਾਰ ਕੇ ਲੋਕ ਦੂਸਰੇ ਦੀ ਸੁਣਦੇ ਹਨ ਤੇ ਜੇ ਤੀਸਰਾ ਆਖੇ ਕਿ ਤਿੰਨ ਤਾਂ ਕੁਝ ਵੀ ਨਹੀਂ, ਚਾਰ ਹਜ਼ਾਰ ਤੋਂ ਘੱਟ ਸਰਕਾਰ ਕਹੇਗੀ ਤਾਂ ਅਸੀਂ ਹਨੇਰੀਆਂ ਲਿਆ ਦਿਆਂਗੇ, ਫਿਰ ਪਹਿਲੇ ਦੋਵਾਂ ਦੀ ਥਾਂ ਤੀਸਰਾ ਵੱਡਾ ਆਗੂ ਬਣ ਜਾਂਦਾ ਹੈ। ਟਰੈਕਟਰ ਪਰੇਡ ਦੇ ਲਈ ਸੱਦਾ ਕਿਸਾਨਾਂ ਦੀ ਉਸ ਲੀਡਰਸ਼ਿਪ ਨੇ ਦਿੱਤਾ ਸੀ, ਜਿਹੜੀ ਪੰਜਾਬ ਵਿੱਚ ਕਈ ਹਫਤੇ ਸ਼ਾਂਤਮਈ ਸੰਘਰਸ਼ ਚਲਾ ਕੇ ਫਿਰ ਦਿੱਲੀ ਵਾਲੇ ਰਾਹ ਪਈ ਸੀ ਤੇ ਜਿਸ ਨੇ ਦਿੱਲੀ ਬਾਰਡਰਾਂ ਉੱਤੇ ਵੀ ਇਸ ਨੂੰ ਸ਼ਾਂਤਮਈ ਰੱਖਿਆ ਸੀ। ਫਿਰ ਇਸ ਦੀ ਸਟੇਜ ਤੋਂ ਉਹ ਲੋਕ ਬੋਲਣ ਲੱਗ ਪਏ, ਜਿਹੜੇ ਪਹਿਲਾਂ ਮੱਠੀ ਸੁਰ ਵਿੱਚ ਸ਼ਾਂਤੀ ਦੀਆਂ ਗੱਲਾਂ ਰੱਦ ਕਰ ਕੇ ਸਰਕਾਰਾਂ ਨਾਲ ਸਿੱਝ ਲੈਣ ਦੀਆਂ ਗੱਲਾਂ ਕਰਦੇ ਸਨ ਤੇ ਫਿਰ ਸ਼ਾਂਤਮਈ ਰਾਹ ਵਾਲੇ ਸੁਲਝੇ ਹੋਏ ਲੀਡਰਾਂ ਦੇ ਖਿਲਾਫ ਲੋਕਾਂ ਨੂੰ ਉਕਸਾਉਣ ਤੇ ਸਰਕਾਰ ਨਾਲ ਦੋ ਹੱਥ ਕਰਨ ਦੀਆਂ ਗੱਲਾਂ ਕਰਨ ਲੱਗ ਪਏ। ਛੱਬੀ ਜਨਵਰੀ ਨੂੰ ਟਰੈਕਟਰ ਪਰੇਡ ਕਰਨੀ ਸੀ ਤੇ ਪੰਝੀ ਜਨਵਰੀ ਦੀ ਰਾਤ ਉਨ੍ਹਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਉੱਤੇ ਕਬਜ਼ਾ ਕਰ ਕੇ ਕਈ ਦਹਾਕਿਆਂ ਦੀ ਪਰਖੀ ਹੋਈ ਲੀਡਰਸ਼ਿਪ ਨੂੰ ਮੰਦਾ-ਚੰਗਾ ਬੋਲਿਆ ਤੇ ਅਗਲੇ ਦਿਨ ਆਪਣੀ ਮਰਜ਼ੀ ਮੁਤਾਬਕ ਚੱਲਣ ਦਾ ਸੱਦਾ ਦੇ ਦਿੱਤਾ। ਕਿਸਾਨਾਂ ਦੇ ਕਈ-ਕਈ ਦਹਾਕਿਆਂ ਤੋਂ ਅਗਵਾਈ ਕਰਦੇ ਆਏ ਆਗੂ ਪਿੱਛੇ ਰਹਿ ਗਏ ਅਤੇ ਤੱਤੀਆਂ ਸੁਰਾਂ ਵਾਲਿਆਂ ਨੇ ਅਗਲੇ ਦਿਨ ਭੀੜ ਭੜਕਾ ਕੇ ਲਾਲ ਕਿਲ੍ਹੇ ਤੱਕ ਪੁਚਾ ਦਿੱਤੀ, ਜਿਸ ਨਾਲ ਅਸਲ ਮੁੱਦਾ ਪਿੱਛੇ ਰਹਿ ਗਿਆ ਤੇ ਭਾਰਤ ਦੇ ਤਿਰੰਗੇ ਝੰਡੇ ਦੇ ਸਨਮਾਨ ਦਾ ਮੁੱਦਾ ਕੌਮੀ ਮੀਡੀਏ ਵੱਲੋਂ ਪ੍ਰਚਾਰਨ ਦਾ ਕੰਮ ਸ਼ੁਰੂ ਹੋ ਗਿਆ। ਕਿਸਾਨ ਸੰਘਰਸ਼ ਨੂੰ ਇਸ ਨਾਲ ਢਾਹ ਲੱਗੀ, ਝਟਕਾ ਲੱਗਾ, ਪਰ ਪਰਖੇ ਹੋਏ ਲੀਡਰਾਂ ਨੇ ਫਿਰ ਵੀ ਹੱਠ ਨਹੀਂ ਛੱਡਿਆ, ਉਹ ਮੋਰਚੇ ਉੱਤੇ ਕਾਇਮ ਰਹੇ।

ਛੱਬੀ ਜਨਵਰੀ ਦੀ ਘਟਨਾ ਦੇ ਬਾਅਦ ਸਰਕਾਰ ਪੱਖੀ ਮੀਡੀਏ ਨੇ ਕੌਮੀ ਝੰਡੇ ਦੇ ਸਨਮਾਨ ਦਾ ਮੁੱਦਾ ਬਣਾ ਕੇ ਪੇਸ਼ ਕੀਤਾ ਤਾਂ ਉਹ ਇਕੱਲੇ ਨਹੀਂ, ਸਾਰੇ ਭਾਰਤ ਦੇ ਲੋਕ ਤਿਰੰਗੇ ਦੀ ਇੱਜ਼ਤ ਕਰਦੇ ਹਨ, ਪਰ ਸਵਾਲ ਵੱਡਾ ਇਹ ਹੈ ਕਿ ਇਸ ਦਾ ਸਵਾਲ ਦੂਸਰਿਆਂ ਨੂੰ ਪੁੱਛਣ ਵਾਲੇ ਲੋਕ ਆਪਣੀ ਪੀੜ੍ਹੀ ਹੇਠ ਸੋਟਾ ਕਿਉਂ ਨਹੀਂ ਮਾਰਦੇ? ਕੇਂਦਰ ਸਰਕਾਰ ਚਲਾ ਰਹੀ ਪਾਰਟੀ ਜਿਸ ਆਰ ਐੱਸ ਐੱਸ ਦੀ ਸ਼ਾਖਾ ਮੰਨੀ ਜਾਂਦੀ ਹੈ, ਉਸ ਦੇ ਹੈੱਡ ਕੁਆਰਟਰ ਵਿਚ




ਆਜ਼ਾਦੀ ਪਿੱਛੋਂ ਬਵੰਜਾ ਸਾਲਾਂ ਤੱਕ ਇਸ ਦੇਸ਼ ਦਾ ਤਿਰੰਗਾ ਝੰਡਾ ਨਹੀਂ ਸੀ ਝੁਲਾਇਆ ਗਿਆ। ਮੱਧ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਨੇ ਇੱਕ ਸਰਕਾਰੀ ਸਮਾਗਮ ਵਿੱਚ ਦੇਸ਼ ਦੇ ਝੰਡੇ ਦੀ ਬਜਾਏ ਭਾਜਪਾ ਦਾ ਝੰਡਾ ਲਹਿਰਾ ਕੇ ਰਾਸ਼ਟਰੀ ਗੀਤ ਗਾਉਣ ਵਾਲਾ ਕੰਮ ਕਰਵਾ ਦਿੱਤਾ ਸੀ, ਪਰ ਕਿਸੇ ਨੂੰ ਇਸ ਵਿੱਚ ਕੌਮੀ ਝੰਡੇ ਦਾ ਅਪਮਾਨ ਨਹੀਂ ਸੀ ਦਿੱਸਿਆ। ਇੰਟਰਨੈੱਟ ਉੱਤੇ ਉਹ ਵੀਡੀਓ ਮਿਲ ਜਾਂਦੀ ਹੈ, ਜਦੋਂ ਉੱਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਦੀ ਰੈਲੀ ਵਿੱਚ ਇੱਕੋ ਡੰਡੇ ਉੱਤੇ ਦੋ ਝੰਡੇ ਲੱਗੇ ਹੋਏ ਸਨ ਅਤੇ ਅਗਲੀ ਗੱਲ ਇਹ ਕਿ ਭਾਜਪਾ ਦਾ ਝੰਡਾ ਉੱਪਰ ਅਤੇ ਕੌਮੀ ਝੰਡਾ ਉਸੇ ਡੰਡੇ ਨਾਲ ਹੇਠਾਂ ਲਾਇਆ ਗਿਆ, ਪਰ ਇਸ ਵਿੱਚ ਕੌਮੀ ਝੰਡੇ ਦਾ ਅਪਮਾਨ ਹੁੰਦਾ ਕਿਸੇ ਨੂੰ ਨਹੀਂ ਸੀ ਦਿੱਸਿਆ। ਕਿਸਾਨਾਂ ਦੇ ਸੰਘਰਸ਼ ਦੇ ਦੌਰਾਨ ਕੁਝ ਆਪਹੁਦਰੇ ਲੋਕਾਂ ਨੇ ਜਾ ਕੇ ਲਾਲ ਕਿਲ੍ਹੇ ਉੱਤੇ ਸਿੱਖ ਪੰਥ ਵਾਲਾ ਝੰਡਾ ਟੰਗ ਦਿੱਤਾ ਤਾਂ ਇਸ ਨਾਲ ਕੌਮੀ ਝੰਡੇ ਤਿਰੰਗੇ ਦੇ ਅਪਮਾਨ ਦਾ ਮੁੱਦਾ ਬਣਾ ਕੇ ਬਾਕੀ ਅਸਲ ਮੁੱਦਿਆਂ ਨੂੰ ਪਿੱਛੇ ਪਾਉਣ ਵਾਸਤੇ ਸਾਰਾ ਟਿੱਲ ਲਾਇਆ ਜਾ ਰਿਹਾ ਹੈ।

ਇਸ ਦੌਰਾਨ ਇੱਕ ਮੁੱਦਾ ਉਸ ਦਿਨ ਲਾਲ ਕਿਲ੍ਹੇ ਉੱਤੇ ਲਾਏ ਗਏ ਸਿੱਖੀ ਦੇ ਧਾਰਮਿਕ ਝੰਡੇ ਦਾ ਵੀ ਬਣਾਇਆ ਜਾ ਰਿਹਾ ਹੈ ਤੇ ਇਸ ਨੂੰ ਸਿੱਖਾਂ ਦਾ ਝੰਡਾ ਕਹਿਣ ਦੀ ਥਾਂ ਖਾਲਿਸਤਾਨੀ ਝੰਡਾ ਦੱਸਿਆ ਜਾ ਰਿਹਾ ਹੈ। ਇਹ ਝੰਡਾ ਖਾਲਿਸਤਾਨੀ ਤਾਂ ਹੈ ਹੀ ਨਹੀਂ, ਉਨ੍ਹਾਂ ਦੇ ਝੰਡੇ ਉੱਤੇ ਨਿਸ਼ਾਨ ਸਿੱਖੀ ਦੇ ਧਾਰਮਿਕ ਨਿਸ਼ਾਨ ਦੇ ਨਾਲ ਖਾਲਿਸਤਾਨ ਲਿਖਿਆ ਹੁੰਦਾ ਹੈ ਅਤੇ ਜਿਹੜਾ ਝੰਡਾ ਲਾਲ ਕਿਲ੍ਹੇ ਉੱਤੇ ਲਾਇਆ ਗਿਆ, ਉਸ ਉੱਤੇ ਇਹੋ ਜਿਹਾ ਕੋਈ ਲਫਜ਼ ਨਹੀਂ ਸੀ ਛਪਿਆ। ਜਿਸ ਝੰਡੇ ਨੂੰ ਕੌਮੀ ਮੀਡੀਏ ਦਾ ਸਰਕਾਰ ਪੱਖੀ ਹਿੱਸਾ ਨਫਰਤ ਨਾਲ ਪੇਸ਼ ਕਰਦਾ ਹੈ, ਉਸ ਉੱਤੇ ਛਪੇ ਸਿੱਖੀ ਨਿਸ਼ਾਨ ਵਾਲੇ ਝੰਡੇ ਕੁਝ ਸਾਲ ਪਹਿਲਾਂ ਲਾਲ ਕਿਲ੍ਹੇ ਦੇ ਸਾਹਮਣੇ ਵਾਲੇ ਮੈਦਾਨ ਵਿੱਚ ਓਦੋਂ ਵੀ ਝੁਲਾਏ ਗਏ ਸਨ, ਜਦੋਂ ਦਿੱਲੀ ਗੁਰਦੁਆਰਾ ਕਮੇਟੀ ਨੇ ਖਾਲਸੇ ਦਾ ਫਤਹਿ ਦਿਵਸ ਮਨਾਇਆ ਸੀ। ਉਸ ਸਮਾਗਮ ਵਿੱਚ ਕਈ ਭਾਜਪਾ ਆਗੂ ਵੀ ਗਏ ਸਨ। ਓਦੋਂ ਇਹ ਝੰਡਾ ਉਨ੍ਹਾਂ ਨੂੰ ਏਸੇ ਲਾਲ ਕਿਲ੍ਹੇ ਵਾਲੇ ਮੈਦਾਨ ਵਿੱਚ ਝੁੱਲਦਾ ਬੁਰਾ ਨਹੀਂ ਸੀ ਲੱਗਾ। ਸਾਡੇ ਕੋਲ ਕੁਝ ਏਦਾਂ ਦੀਆਂ ਤਸਵੀਰਾਂ ਵੀ ਹਨ ਕਿ ਕਿਸੇ ਗੁਰਦੁਆਰਾ ਸਾਹਿਬ ਵਿੱਚ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰ ਢੱਕਣ ਲਈ ਨਿਸ਼ਾਨ ਵਾਲੇ ਰੁਮਾਲ ਦੀ ਵਰਤੋਂ ਕੀਤੀ ਸੀ ਤੇ ਸਿੱਖੀ ਦਾ ਨਿਸ਼ਾਨ ਉਨ੍ਹਾਂ ਦੇ ਮੱਥੇ ਉੱਤੇ ਸੀ, ਓਦੋਂ ਸ਼ਾਇਦ ਵੋਟਾਂ ਦੀ ਝਾਕ ਹੋਣ ਕਾਰਨ ਏਦਾਂ ਦਾ ਨਿਸ਼ਾਨ ਬੁਰਾ ਨਹੀਂ ਸੀ ਲੱਗਾ, ਪਰ ਕਿਸਾਨਾਂ ਦੇ ਵਿਰੁੱਧ ਭੰਡੀ-ਪ੍ਰਚਾਰ ਲਈ ਮੁੱਦਾ ਬਣਾ ਲਿਆ ਹੈ। ਪਿਛਲੇ ਸਾਲ ਗਲਵਾਨ ਘਾਟੀ ਵਿਚ ਚੀਨੀ ਅਤੇ ਭਾਰਤੀ ਫੌਜੀਆਂ ਦੀ ਝੜੱਪ ਦੇ ਬਾਅਦ ਓਥੇ ਬਣਾਈ ਯਾਦਗਾਰ ਉੱਤੇ ਏਸੇ ਨਿਸ਼ਾਨ ਵਾਲਾ ਝੰਡਾ ਲਾਇਆ ਗਿਆ ਸੀ, ਫੌਜ ਵਿੱਚ ਇਸ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਸੀ। ਇਸ ਵਾਰੀ ਕਿਸਾਨਾਂ ਨਾਲ ਵਿਰੋਧ ਦੇ ਬਹਾਨੇ ਸਿੱਖੀ ਦੇ ਨਿਸ਼ਾਨ ਦਾ ਵਿਰੋਧ ਕਰ ਕੇ ਦੇਸ਼ ਵਿੱਚ ਹਿੰਦੂ-ਸਿੱਖ ਦਾ ਪਾੜਾ ਪਾਉਣ ਦੀ ਖੇਡੀ ਖੇਡੀ ਜਾ ਰਹੀ ਲੱਗਦੀ ਹੈ।

ਅਸੀਂ ਨਿੱਜੀ ਤੌਰ ਉੱਤੇ ਸਪੱਸ਼ਟ ਕਰ ਦੇਈਏ ਕਿ ਦੇਸ਼ ਦੇ ਝੰਡੇ ਦਾ ਸਨਮਾਨ ਹੋਣਾ ਚਾਹੀਦਾ ਹੈ ਅਤੇ ਦੂਸਰੀ ਗੱਲ ਇਹ ਕਿ ਧਾਰਮਿਕ ਨਿਸ਼ਾਨ ਧਾਰਮਿਕ ਅਸਥਾਨ ਵਿੱਚ ਅਤੇ ਕੌਮੀ ਝੰਡਾ ਉਸ ਦੀ ਮਰਿਆਦਾ ਵਾਲੇ ਥਾਂ ਹੀ ਚਾਹੀਦੇ ਹਨ, ਇੱਕ ਦੂਸਰੇ ਦੀ ਥਾਂ ਲਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ। ਏਦਾਂ ਕੀਤਿਆਂ ਇੱਕ ਝੰਡੇ ਦੀ ਨਹੀਂ, ਦੋਵਾਂ ਦੀ ਮਰਿਆਦਾ ਨੂੰ ਠੇਸ ਲੱਗਦੀ ਹੈ। ਰਾਜਸੀ ਕੰਮਾਂ ਵਿੱਚ ਧਾਰਮਿਕ ਝੰਡਾ ਨਹੀਂ ਵਰਤਣਾ ਚਾਹੀਦਾ। ਜਿਨ੍ਹਾਂ ਲੋਕਾਂ ਨੇ ਲਾਲ ਕਿਲ੍ਹੇ ਉੱਤੇ ਉਸ ਦਿਨ ਸਿੱਖ ਧਰਮ ਦਾ ਇਹ ਝੰਡਾ ਲਵਾਇਆ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਅਹੁਦੇਦਾਰ ਨੇ ਝੰਡੇ ਦੀ ਬਜਾਏ ਝੰਡੀ ਕਿਹਾ ਹੈ, ਉਨ੍ਹਾਂ ਲੋਕਾਂ ਨੇ ਗਲਤ ਕੀਤਾ ਹੈ। ਇਸ ਭੁੱਲ ਬਾਰੇ ਸਿੱਖਾਂ ਦੇ ਧਾਰਮਿਕ ਆਗੂ ਨੂੰ ਬੋਲਣਾ ਚਾਹੀਦਾ ਸੀ, ਪਰ ਉਹ ਇਸ ਬਾਰੇ ਨਹੀਂ ਬੋਲਿਆ, ਸਗੋਂ ਉਸ ਨੇ ਸੰਘਰਸ਼ ਕਰਦੇ ਕਿਸਾਨਾਂ ਨੂੰ ਇਹ ਅਕਲ ਦੇਣ ਦੇ ਲਈ ਬਿਆਨ ਦਾਗਿਆ ਹੈ ਕਿ ਇੱਕ ਕਦਮ ਸਰਕਾਰ ਪਿੱਛੇ ਹਟਦੀ ਹੈ ਤਾਂ ਇੱਕ ਕਦਮ ਕਿਸਾਨ ਵੀ ਪਿੱਛੇ ਹਟਣ, ਤਾਂ ਕਿ ਗੱਲ ਸਿਰੇ ਲੱਗ ਸਕੇ। ਏਡੀ 'ਦੂਰ ਦ੍ਰਿਸ਼ਟੀ' ਵਾਲੀ ਗੱਲ ਕਿਸਾਨ ਸੰਘਰਸ਼ ਦੇ ਪਿਛਲੇ ਛੇ ਮਹੀਨੇ ਜਥੇਦਾਰ ਸਾਹਿਬ ਨੂੰ ਸੁੱਝੀ ਹੀ ਨਹੀਂ ਸੀ, ਲਾਲ ਕਿਲ੍ਹੇ ਦੀ ਘਟਨਾ ਤੋਂ ਤਿੰਨ ਦਿਨ ਬਾਅਦ ਅਚਾਨਕ ਕਿਉਂ ਸੁੱਝੀ ਜਾਂ ਫਿਰ ਕਿਸੇ ਨੇ ਏਦਾਂ ਦਾ ਬਿਆਨ ਦਾਗਣ ਨੂੰ ਕਿਹਾ ਹੈ, ਇਹ ਗੱਲ ਵੀ ਬੁਝਾਰਤ ਵਰਗੀ ਹੈ। ਲੱਗਦਾ ਹੈ ਕਿ ਭਾਜਪਾ ਦੇ ਨਾਲ ਚੌਵੀ ਸਾਲਾ ਮੋਹ ਕੁਝ ਅਕਾਲੀ ਆਗੂਆਂ ਦੇ ਅੰਦਰ ਫਿਰ ਜਾਗਣ ਲੱਗਾ ਹੈ, ਜਿਸ ਕਰ ਕੇ ਉਨ੍ਹਾਂ ਨੇ ਖੁਦ ਜ਼ਬਾਨ ਖੋਲ੍ਹਣ ਦੀ ਥਾਂ ਜਥੇਦਾਰ ਸਾਹਿਬ ਤੋਂ ਇਹ ਬਿਆਨ ਦਿਵਾ ਕੇ ਬੁੱਤਾ ਸਾਰਨ ਦਾ ਯਤਨ ਕੀਤਾ ਹੈ। ਜਿਵੇਂ ਧਾਰਮਿਕ ਨਿਸ਼ਾਨ ਨੂੰ ਰਾਜਨੀਤੀ ਲਈ ਵਰਤਣ ਨਾਲ ਭਰਮ ਪੈਦਾ ਹੋ ਸਕਦੇ ਹਨ, ਓਦਾਂ ਹੀ ਜਥੇਦਾਰ ਸਾਹਿਬ ਵੀ ਧਾਰਮਿਕ ਹੱਦਾਂ ਵਿੱਚ ਰਹਿਣ ਤਾਂ ਜ਼ਿਆਦਾ ਠੀਕ ਲੱਗੇਗਾ।

# ਟਿਕੈਤ ਪਰਵਾਰ ਦੇ ਰੂ-ਬ-ਰੂ ਹੁੰਦਿਆਂ

-ਨਵਦੀਪ ਢੀਂਗਰਾ-



ਅੱਜ ਕਿਸਾਨ ਅੰਦੋਲਨ ਦੌਰਾਨ ਕਿਸਾਨ ਨੇਤਾ ਚੌਧਰੀ ਰਾਕੇਸ਼ ਟਿਕੈਤ ਤੇ ਨਰੇਸ਼ ਟਿਕੈਤ ਛਾਏ ਹੋਏ ਹਨ। ਫਰਵਰੀ 2020 ਵਿੱਚ ਜਦ ਮੈਂ ਕਿਸੇ ਖਾਸ ਅਸਾਈਨਮੈਂਟ 'ਤੇ ਮੁਜ਼ੱਫਰਨਗਰ ਗਿਆ ਤਾਂ ਟਿਕੈਤ ਪਰਵਾਰ ਨਾਲ ਮਿਲਣ ਦਾ ਸਬੱਬ ਬਣਿਆ ਸੀ। ਸੋਚਿਆ ਕਿ ਉਹ ਯਾਦ ਸਭ ਨਾਲ ਸਾਂਝੀ ਕਰ ਲਵਾਂ।

ਇਹ 21 ਫਰਵਰੀ 2020 ਦਾ ਦਿਨ ਸੀ। ਆਪਣੀ ਅਸਾਈਨਮੈਂਟ ਬਾਰੇ ਲੋਕਾਂ ਨੂੰ ਮਿਲਣ ਵੇਲੇ ਟਿਕੈਤ ਪਰਵਾਰ ਦਾ ਨਾਂਅ ਕਈ ਮੂੰਹਾਂ ਤੋਂ ਸੁਣਿਆ। ਕਈ ਲੋਕਾਂ ਤੋਂ ਟਿਕੈਤ ਪਰਵਾਰ ਦੀ ਸ਼ਕਤੀ ਤੇ ਉਨ੍ਹਾਂ ਦੇ ਪੁਰਖਿਆਂ ਦੀਆਂ ਕਹਾਣੀਆਂ ਸੁਣੀਆਂ ਤਾਂ ਮਿਲਣ ਦੀ ਇੱਛਾ ਜਾਗੀ। ਸ਼ਾਮ ਕਰੀਬ ਸੱਤ ਵਜੇ ਟਿਕੈਤ ਪਰਵਾਰ ਨੂੰ ਮਿਲਣ ਦੀ ਯੋਜਨਾ ਬਣਾਈ ਤੇ ਉਥੋਂ ਦੇ ਇੱਕ ਪੱਤਰਕਾਰ ਰਾਧੇ ਨੂੰ ਸਾਰਥੀ ਬਣਾ ਕੇ ਟਿਕੈਤਾਂ ਦੇ ਪਿੰਡ ਸਿਸੌਲੀ ਵੱਲ ਕਾਰ ਮੋੜ ਲਈ। ਰਾਤ 33 ਕਿਲੋਮੀਟਰ ਦਾ ਰਸਤਾ ਤੈਅ ਕਰਨ ਲਈ ਲਗਭਗ ਇੱਕ ਘੰਟਾ ਲੱਗਾ। ਅਸੀਂ ਜਦੋਂ ਪਿੰਡ ਵਿੱਚ ਦਾਖਲ ਹੋਏ ਤਾਂ ਮੋੜ 'ਤੇ ਬੈਠੇ ਕੁਝ ਲੋਕਾਂ ਤੋਂ ਟਿਕੈਤ ਸਾਬ੍ਹ ਦੇ ਘਰ ਦਾ ਰਸਤਾ ਪੁੱਛਿਆ। ਉਨ੍ਹਾਂ ਦੱਸਿਆ ਕਿ ਉਹ ਟਿਕੈਤ ਪਰਵਾਰ ਦਾ ਘਰ ਘੱਟ ਤੇ ਕਿਸਾਨ ਭਵਨ ਜ਼ਿਆਦਾ ਹੈ। ਅਸੀਂ ਜਿਵੇਂ ਜਿਵੇਂ ਕਿਸਾਨ ਭਵਨ ਦੇ ਨੇੜੇ ਜਾ ਰਹੇ ਸਾਂ, ਟਿਕੈਤ ਸਾਬ੍ਹ ਨੂੰ ਮਿਲਣ ਦੀ ਜਗਿਆਸਾ ਵਧਦੀ ਜਾ ਰਹੀ ਸੀ। ਅਸੀਂ ਪਿੰਡ ਦੀ ਇੱਕ ਤੰਗ ਸੜਕ 'ਤੇ ਪੁੱਜੇ, ਜਿੱਥੇ ਵੱਡਾ ਦਰਵਾਜ਼ਾ ਦਿੱਸਿਆ, ਜਿਸ ਨੂੰ ਦੇਖ ਕੇ ਹੀ ਮਹਿਸੂਸ ਹੋਇਆ ਕਿ ਮੰਜ਼ਿਲ 'ਤੇ ਪੁੱਜ ਗਏ ਹਾਂ। ਨੇੜੇ ਇੱਕ ਛੋਟੀ ਜਿਹੀ ਦੁਕਾਨ 'ਤੇ ਬੈਠੇ ਵਿਅਕਤੀ ਨੇ ਦੱਸਿਆ ਕਿ ਇਹੀ ਕਿਸਾਨ ਭਵਨ ਹੈ। ਘਰ 'ਚ ਦਾਖਲ ਹੋਏ ਤਾਂ ਟਿਕੈਤ ਪਰਵਾਰ ਦੇ ਵਾਰਿਸ ਗੌਰਵ ਚੌਧਰੀ ਟਿਕੈਤ ਨੇ ਨਿੱਘਾ ਸਵਾਗਤ ਕੀਤਾ।

ਭਾਵੇਂ ਇਹ ਪਹਿਲੀ ਮੁਲਾਕਾਤ ਸੀ, ਪਰ ਇਸ ਤਰ੍ਹਾਂ ਮਿਲੇ, ਜਿਵੇਂ ਬਹੁਤ ਪੁਰਾਣੀ ਮਿੱਤਰਤਾ ਹੋਵੇ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਇੱਕ ਪਾਸੇ ਡੰਗਰਾਂ ਦਾ ਵੱਡਾ ਵਾੜਾ ਸੀ ਤੇ ਦੂਸਰੇ ਪਾਸੇ ਕੁਝ ਬਜ਼ੁਰਗ ਹੁੱਕਾ ਪੀਂਦੇ ਨਜ਼ਰ ਆਏ। ਕੁਝ ਸਮਾਂ ਉਨ੍ਹਾਂ ਵਿੱਚ ਬੈਠੇ, ਵਿਚਾਰ ਸਾਂਝੇ ਕੀਤੇ ਤੇ ਦੁੱਧ ਨਾਲ ਗੁੜ ਦਾ ਸੁਆਦ ਵੀ ਚੱਖਿਆ। ਗੌਰਵ ਟਿਕੈਤ ਨੇ ਦੱਸਿਆ ਕਿ ਰਾਕੇਸ਼ ਟਿਕੈਤ ਕਿਸੇ ਕੰਮ ਬਾਹਰ ਗਏ ਹਨ ਤੇ ਚੌਧਰੀ ਨਰੇਸ਼ ਟਿਕੈਤ ਘਰੇ ਹਨ। ਉਦੋਂ ਪੌੜੀਆਂ ਤੋਂ ਇੱਕ ਲੰਮਾ ਚੌੜਾ ਵਿਅਕਤੀ ਉਤਰਿਆ ਤਾਂ ਸਾਡੇ ਨਾਲ ਬੈਠੇ ਸਾਰੇ ਬਜ਼ੁਰਗ ਖੜ੍ਹੇ ਹੋ ਗਏ। ਮੈਂ ਜਾਣ ਗਿਆ ਕਿ ਇਹੀ ਸ਼ਖਸੀਅਤ ਹੈ ਜਿਸ ਨੂੰ ਮਿਲਣ ਆਏ ਹਾਂ। ਪ੍ਰਭਾਵਸ਼ਾਲੀ ਹਸਤੀ ਨੂੰ ਦੇਖ ਕੇ ਆਪ-ਮੁਹਾਰੇ ਮੈਂ ਤੇ ਮੇਰਾ ਸਾਥੀ ਅਜੈ ਵਰਮਾ ਵੀ ਖੜ੍ਹੇ ਹੋ ਗਏ। ਸ਼ਿਸ਼ਟਾਚਾਰ ਵੱਸ ਚੌਧਰੀ ਨਰੇਸ਼ ਟਿਕੈਤ ਦੇ ਗੋਡੀਂ ਹੱਥ ਲਾਉਣ ਲੱਗੇ ਤਾਂ ਉਨ੍ਹਾਂ ਨੇ ਸਾਨੂੰ ਦੋਵਾਂ ਨੂੰ ਜੱਫੀ ਪਾ ਲਈ। ਇਸ ਗੱਲਵਕੜੀ ਵਿਚਲੀ ਮੁਹੱਬਤ ਦੀ ਘੁੱਟ ਦਾ ਅਹਿਸਾਸ ਅੱਜ ਵੀ ਸਾਡੇ ਦੋਵਾਂ ਦੇ ਦਿਲਾਂ ਵਿੱਚ ਮਹਿਫੂਜ਼ ਹੈ। ਫਿਰ ਉਨ੍ਹਾਂ ਨੇ ਸਾਨੂੰ ਆਪਣੇ ਪਰਵਾਰ ਅਤੇ ਘਰ ਬਾਰੇ ਕਾਫੀ ਕੁਝ ਦੱਸਿਆ। ਕਿਸਾਨ ਭਵਨ ਵਿੱਚ ਮਰਹੂਮ ਚੌਧਰੀ ਮਹਿੰਦਰ ਟਿਕੈਤ ਦੀ ਯਾਦ ਵਿੱਚ ਦੇਸੀ ਘਿਓ ਦੀ ਅਖੰਡ ਜੋਤ ਜਗਾਈ ਜਾਂਦੀ ਹੈ। ਇਸ ਦੀ ਲੋਅ ਹਰ ਵੇਲੇ ਪਰਵਾਰ ਤੇ ਕਿਸਾਨਾਂ ਨੂੰ ਨਿੱਘ ਦਿੰਦੀ ਹੈ। ਜੋਤ ਵਿੱਚ ਪਾਉਣ ਲਈ ਦੇਸੀ ਘਿਓ ਉੱਤਰ ਪ੍ਰਦੇਸ਼ ਦੇ ਕਿਸਾਨ ਭਰਾਵਾਂ ਵੱਲੋਂ ਸ਼ਰਧਾ ਨਾਲ ਭੇਜਿਆ ਜਾਂਦਾ ਹੈ। ਉਨ੍ਹਾਂ ਦਾ ਕਮਰਾ ਅੱਜ ਵੀ ਉਸੇ ਤਰ੍ਹਾਂ ਰੱਖਿਆ ਹੈ, ਜਿਵੇਂ ਉਨ੍ਹਾਂ ਦੀ ਸਰੀਰਕ ਮੌਜੂਦਗੀ ਵੇਲੇ ਸੀ। ਕਮਰੇ ਵਿੱਚ ਇੱਕ ਵੱਡਾ ਮੰਜਾ ਸੁਸ਼ੋਭਿਤ ਹੈ ਜਿਸ ਉਤੇ ਸਾਫ ਸੁਥਰਾ ਬਿਸਤਰਾ ਵਿਛਿਆ ਰਹਿੰਦਾ ਹੈ। ਹੁੱਕਾ ਵੀ ਸਵੇਰੇ-ਸ਼ਾਮੀਂ ਬਾਲਿਆ ਜਾਂਦਾ ਹੈ। ਟਿਕੈਤ ਪਰਵਾਰ ਦਾ ਮੰਨਣਾ ਹੈ ਕਿ ਮਹਿੰਦਰ ਟਿਕੈਤ ਅੱਜ ਵੀ ਉਨ੍ਹਾਂ ਦੇ ਵਿੱਚ ਮੌਜੂਦ ਹਨ ਅਤੇ ਇਸ ਕਮਰੇ ਵਿੱਚ ਹੀ ਰਹਿੰਦੇ ਹਨ। ਇਸੇ ਲਈ ਹਮੇਸ਼ਾ ਕਮਰੇ ਵਿੱਚ ਜੋਤ ਬਲਦੀ ਰਹਿੰਦੀ ਹੈ ਤੇ ਮਹਿੰਦਰ ਜੀ ਲਈ ਹੁੱਕਾ ਵੀ ਰੱਖਿਆ ਜਾਂਦਾ ਹੈ।

ਮਹਿੰਦਰ ਟਿਕੈਤ ਪ੍ਰਤੀ ਪਿਆਰ ਤੇ ਆਦਰ ਸਦਕਾ ਅੱਜ ਵੀ ਉੱਤਰ ਪ੍ਰਦੇਸ਼ ਦੇ ਕਿਸਾਨ ਵੱਡੀ ਗਿਣਤੀ ਵਿੱਚ ਉਨ੍ਹਾਂ ਨੂੰ ਮੱਥਾ ਟੇਕਣ ਆਉਂਦੇ ਹਨ। ਕਾਬਿਲੇ ਗੌਰ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ ਕਈ ਅੰਦੋਲਨ ਹੋਏ, ਪਰ ਇੱਕ ਅੰਦੋਲਨ ਅਜਿਹਾ ਸੀ ਜਿਸ ਨੂੰ ਦੇਖ ਕੇ ਓਦੋਂ ਦੀ ਸਰਕਾਰ ਕੰਬ ਗਈ ਸੀ। ਨਵੀਂ ਦਿੱਲੀ ਬੋਟ ਕਲੱਬ ਵਿੱਚ 25 ਅਕਤੂਬਰ 1988 ਨੂੰ ਵੱਡੀ ਕਿਸਾਨ ਪੰਚਾਇਤ ਹੋਈ। ਇਸ ਵਿੱਚ 14 ਰਾਜਾਂ ਤੋਂ ਕਿਸਾਨ ਆਏ ਸਨ। ਲਗਭਗ ਪੰਜ ਲੱਖ ਕਿਸਾਨਾਂ ਨੇ ਵਿਜੇ ਚੌਕ ਤੋਂ ਇੰਡੀਆ ਗੇਟ ਤੱਕ ਕਬਜ਼ਾ ਕਰ ਲਿਆ ਸੀ। ਸੱਤ ਦਿਨ ਚੱਲੇ ਇਸ ਅੰਦੋਲਨ ਦਾ ਇੰਨਾ ਵਿਆਪਕ ਪ੍ਰਭਾਵ ਰਿਹਾ ਕਿ ਓਦੋਂ ਦੀ ਕਾਂਗਰਸ ਸਰਕਾਰ ਦਬਾਅ ਹੇਠ ਆ ਗਈ ਸੀ। ਆਖਰ ਓਦੋਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਕਿਸਾਨਾਂ ਦੀਆਂ ਸਾਰੀਆਂ 35 ਮੰਗਾਂ ਮੰਨਣੀਆਂ ਪਈਆਂ, ਤਾਂ ਕਿਤੇ ਧਰਨਾ ਖਤਮ ਹੋਇਆ। ਇਸ ਅੰਦੋਲਨ ਸਦਕਾ ਚੌਧਰੀ ਮਹਿੰਦਰ ਸਿੰਘ ਟਿਕੈਤ ਦਾ ਕੱਦ ਇੰਨਾ ਕੁ ਵਧ ਗਿਆ ਕਿ ਪ੍ਰਧਾਨ ਮੰਤਰੀ ਤੋਂ ਮੁੱਖ ਮੰਤਰੀ ਤੱਕ ਉਨ੍ਹਾਂ ਦਾ ਲੋਹਾ ਮੰਨਣ ਲੱਗ ਪਏ।

ਟਿਕੈਤ ਪਰਵਾਰ ਵਿੱਚ ਮੈਂ ਕਰੀਬ ਇੱਕ ਘੰਟਾ ਬਿਤਾਇਆ। ਉਥੇ ਜੋ ਮੁਹੱਬਤ ਦੀ ਗੰਗਾ ਵਹਿ ਰਹੀ ਹੈ, ਉਸ ਦਾ ਅਹਿਸਾਸ ਉਥੇ ਜਾ ਕੇ ਹੀ ਹੋ ਸਕਦਾ ਹੈ। ਵੱਡਾ ਘਰ ਦਾ ਹੇਠਲਾ ਹਿੱਸਾ ਸਿਰਫ ਕਿਸਾਨਾਂ ਲਈ ਹੈ, ਜਦੋਂ ਕਿ ਉਪਰਲੇ ਹਿੱਸੇ ਵਿੱਚ ਟਿਕੈਤ ਪਰਵਾਰ ਦੀ ਰਿਹਾਇਸ਼ ਹੈ। ਘਰ ਦੇ ਹੇਠਲੇ ਹਿੱਸੇ ਵਿੱਚ ਇੱਕ ਵੱਡਾ ਹਾਲ ਹੈ, ਜਿੱਥੇ ਲਗਭਗ 100 ਮੰਜੇ ਬਿਸਤਰਿਆਂ ਸਮੇਤ ਹਰ ਵਕਤ ਸੱਜੇ ਰਹਿੰਦੇ ਹਨ। ਗੌਰਵ ਚੌਧਰੀ ਨੇ ਦੱਸਿਆ ਕਿ ਇਹ ਭਵਨ ਕਿਸਾਨ ਭਰਾਵਾਂ ਲਈ ਹੀ ਬਣਾਇਆ ਗਿਆ ਹੈ। ਇੱਥੇ ਸਿਰਫ ਮੀਟਿੰਗਾਂ ਹੀ ਨਹੀਂ ਹੁੰਦੀਆਂ, ਕਦੇ ਵੀ ਕੋਈ ਕਿਸਾਨ ਆਉਂਦਾ-ਜਾਂਦਾ ਇਸ ਭਵਨ ਵਿੱਚ ਰਹਿ ਸਕਦਾ ਹੈ ਤੇ ਉਸ ਦੇ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਪਰਵਾਰ ਨੇ ਕਿਸਾਨ ਤੇ ਕਿਸਾਨੀ ਦੇ ਰਾਖੇ ਚੌਧਰੀ ਮਹਿੰਦਰ ਸਿੰਘ ਟਿਕੈਤ ਦੀ ਸੋਚ 'ਤੇ ਪਹਿਰਾ ਦੇਣ ਦੇ ਨਾਲ ਲੋਕਾਂ ਦੇ ਦਿਲਾਂ 'ਚ ਜਗ੍ਹਾ ਕਾਇਮ ਰੱਖੀ ਹੋਈ ਹੈ ਜਿਸ ਦੀ ਤਾਜ਼ਾ ਮਿਸਾਲ ਚੌਧਰੀ ਰਾਕੇਸ਼ ਟਿਕੈਤ ਦੀਆਂ ਅੱਖਾਂ 'ਚੋਂ ਹੰਝੂ ਨਿਕਲਣ ਪਿੱਛੋਂ ਜਾਰੀ ਕਿਸਾਨਾਂ ਤੋਂ ਮਿਲਦੀ ਹੈ। ਕਿਸਾਨਾਂ ਦੀ ਰਾਜਨੀਤੀ ਰਾਕੇਸ਼ ਟਿਕੈਤ ਨੂੰ ਵਿਰਾਸਤ ਵਿੱਚ ਮਿਲੀ ਹੈ। ਚਾਰ ਜੂਨ 1969 ਨੂੰ ਜਨਮਿਆ ਰਾਕੇਸ਼ ਟਿਕੈਤ ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦਾ ਕੌਮੀ ਬੁਲਾਰਾ ਹੈ। ਉਸ ਦੀ ਵਿਦਿਅਕ ਯੋਗਤਾ ਐੱਮ ਏ ਹੈ। ਉਸ ਦਾ ਪਰਵਾਰ ਬਾਲਿਆਨ ਖਾਪ ਤੋਂ ਹੈ। ਰਾਕੇਸ਼ ਟਿਕੈਤ 1992 ਵਿੱਚ ਦਿੱਲੀ ਪੁਲਸ ਦਾ ਕਾਂਸਟੇਬਲ ਸੀ, ਪਰ ਕਿਸਾਨਾਂ ਦੇ ਹਿੱਤਾਂ ਲਈ ਘੋਲ ਖਾਤਰ ਨੌਕਰੀ ਛੱਡ ਦਿੱਤੀ। ਉਹ ਦੋ ਵਾਰ ਚੋਣ ਲੜਿਆ ਹੈ, ਪਰ ਹਾਰ ਗਿਆ, ਪਰ ਕਿਸਾਨਾਂ ਲਈ ਨਿਰੰਤਰ ਲੜਦਾ ਰਿਹਾ। ਉਹ 44 ਵਾਰ ਜੇਲ੍ਹ ਕੱਟ ਚੁੱਕਾ ਹੈ। ਉਸ ਦੇ ਵੱਡੇ ਭਰਾ ਚੌਧਰੀ ਨਰੇਸ਼ ਟਿਕੈਤ ਦੀ ਹਾਕ 'ਤੇ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ ਟਿਕੈਤ ਪਰਵਾਰ ਦੇ ਕਿਸਾਨੀ ਪ੍ਰੇਮ ਦੀ ਹਾਮੀ ਭਰਦਾ ਹੈ। ਲੋਕ ਮਨਾਂ 'ਤੇ ਉਨ੍ਹਾਂ ਦੇ ਪਿਤਾ ਸਵਰਗੀ ਚੌਧਰੀ ਮਹਿੰਦਰ ਸਿੰਘ ਟਿਕੈਤ ਦਾ ਇੰਨਾ ਪ੍ਰਭਾਵ ਹੈ ਕਿ ਉਹ ਇਸ ਪਰਵਾਰ ਦੇ ਹਰ ਸੁੱਖ-ਦੁੱਖ ਨੂੰ ਆਪਣਾ ਮੰਨਦੇ ਹਨ। ਇਹੀ ਵਜ੍ਹਾ ਹੈ ਕਿ ਦਮ ਤੋੜ ਰਹੇ ਕਿਸਾਨ ਅੰਦੋਲਨ ਵਿੱਚ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਜਾਨ ਪਾ ਦਿੱਤੀ ਹੈ ਅਤੇ ਕਿਸਾਨ ਅੰਦੋਲਨ ਮੁੜ ਮਘਾ ਦਿੱਤਾ ਹੈ।

# ਭਾਰਤ ਵਿੱਚ ਫੌਜੀਆਂ ਨਾਲ ਮਤਰੇਏ ਪੁੱਤਰਾਂ ਵਰਗਾ ਵਤੀਰਾ ਕਿਉਂ

-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ



ਫੌਜੀ ਵਰਗ ਨਾਲ ਸਬੰਧਤ ਮਾਮਲਿਆਂ ਬਾਰੇ ਸੈਂਕੜਿਆਂ ਦੀ ਗਿਣਤੀ ਵਿੱਚ ਲੈਫਟੀਨੈਂਟ ਜਨਰਲ ਰੈਂਕ ਤੱਕ ਦੇ ਮੰਨੇ-ਪ੍ਰਮੰਨੇ ਸਾਬਕਾ ਫੌਜੀਆਂ ਨੇ ਇੰਡੀਅਨ ਐਕਸ ਸਰਵਿਸਮੈਨ ਮੂਵਮੈਂਟ (ਆਈ ਈ ਐਸ ਐਮ) ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਚਿੱਠੀ ਦੀ ਪੁਸ਼ਟੀ ਕੀਤੀ ਹੈ। ਪਿੱਛੇ ਜਿਹੇ ਆਈ ਈ ਐਸ ਐਮ ਦੇ ਚੇਅਰਮੈਨ ਮੇਜਰ ਜਨਰਲ ਸਤਬੀਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਵਿਸਥਾਰ ਪੂਰਵਕ ਵੇਰਵਿਆਂ ਸਮੇਤ ਚਿੱਠੀ ਲਿਖ ਕੇ ਉਨ੍ਹਾਂ ਦਾ ਧਿਆਨ ਸਰਕਾਰ ਵੱਲੋਂ ਮਤਰੇਏ ਬੱਚਿਆਂ ਵਾਲੇ ਵਤੀਰੇ ਵੱਲ ਆਕਰਸ਼ਿਤ ਕਰਦਿਆਂ ਮੰਗ ਕੀਤੀ ਕਿ ਫੌਜੀਆਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾਵੇ। ਚਿੱਠੀ 'ਚ ਤਿੰਨਾਂ ਹਥਿਆਰਬੰਦ ਫੌਜਾਂ ਦੇ 630 ਅਧਿਕਾਰੀਆਂ ਦੇ ਵੇਰਵੇ ਦਰਜ ਹਨ, ਜਿਨ੍ਹਾਂ ਨੇ ਫੌਜੀਆਂ ਤੇ ਸਾਬਕਾ ਫੌਜੀਆਂ ਦੀਆਂ ਸਮੱਸਿਆਵਾਂ ਸੁਲਝਾਉਣ ਬਾਰੇ ਤਸਦੀਕ ਸ਼ੁਦਾ ਆਪਣਾ ਸਮਰਥਨ ਦਿੱਤਾ ਹੈ, ਜਿਸ ਬਾਰੇ ਵਿਚਾਰ-ਚਰਚਾ ਕਰਨੀ ਜ਼ਰੂਰੀ ਹੋ ਜਾਂਦੀ ਹੈ ਤਾਂ ਕਿ ਸਥਿਤੀ ਸਪੱਸ਼ਟ ਕੀਤੀ ਜਾ ਸਕੇ।

ਫੌਜ ਤੇ ਸਿਵਲ ਮੁਲਾਜ਼ਮਾਂ ਦੇ ਤੁਲਨਾਤਮਕ ਵਿਸ਼ਲੇਸ਼ਣ ਕਰਦਿਆਂ ਪੰਜ ਸਫਿਆਂ ਵਾਲੀ ਚਿੱਠੀ ਨਾਲ 25 ਪੰਨਿਆਂ ਦੀ ਅੰਕਿਤਾ 'ਚ ਦਰਜ ਹੈ ਕਿ ਆਜ਼ਾਦੀ ਦੇ ਤੁਰੰਤ ਬਾਅਦ ਫੌਜੀਆਂ ਦੀ ਤਨਖ਼ਾਹ ਅਤੇ ਪੈਨਸ਼ਨ ਘੱਟ ਕਰ ਦਿੱਤੀ, ਪਰ ਸਿਵਲੀਅਨ ਦੀ ਨਹੀਂ। ਵਰਨਣ ਯੋਗ ਹੈ ਕਿ ਚੀਫ ਆਫ ਆਰਮੀ ਸਟਾਫ ਦੀ ਪੈਨਸ਼ਨ ਪ੍ਰਤੀ ਮਹੀਨਾ 1000 ਰੁਪਏ ਸੀ, ਸਰਬ ਉਚ ਸਿਵਲੀਅਨ ਅਧਿਕਾਰੀ ਦੀ ਪੈਨਸ਼ਨ 416 ਰੁਪਏ 50 ਪੈਸੇ ਪ੍ਰਤੀ ਮਹੀਨਾ ਸੀ। 6ਵੇਂ ਤਨਖ਼ਾਹ ਕਮਿਸ਼ਨ, ਜੋ 1 ਜਨਵਰੀ 2006 ਤੋਂ ਲਾਗੂ ਕੀਤਾ ਗਿਆ, ਦੇ ਅਨੁਸਾਰ ਦੋਵਾਂ ਵਰਗਾਂ ਬਰਾਬਰ ਦੇ ਅਧਿਕਾਰੀਆਂ ਦੀ ਪੈਨਸ਼ਨ ਵਧਾ ਕੇ 45,000 ਰੁਪਏ ਕਰ ਦਿੱਤੀ ਗਈ। ਨਤੀਜੇ ਵਜੋਂ ਸਿਵਲ ਅਧਿਕਾਰੀ ਦੀ ਪੈਨਸ਼ਨ 108 ਗੁਣਾ ਵਧਾਈ ਗਈ, ਆਰਮੀ ਚੀਫ ਦੀ ਪੈਨਸ਼ਨ ਕੇਵਲ 45 ਫੀਸਦੀ ਵਧੀ ਅਤੇ ਇਹ ਵਿਤਕਰਾ ਸਿਪਾਹੀ ਰੈਂਕ ਤੱਕ ਪਹੁੰਚ ਕੇ ਵਧਦਾ ਹੀ ਗਿਆ।

ਨਾਨ-ਫੰਕਸ਼ਨਲ ਫਾਈਨਾਂਸ਼ੀਅਲ ਅਪਗ੍ਰੇਡੇਸ਼ਨ (ਐਨ ਐਫ ਐਫ ਯੂ) ਦਾ ਸਿਧਾਂਤ ਸਿਵਲ ਦੇ ਸਾਰੇ ਦਰਜਾ 'ਏ' ਵਾਲੇ ਅਫਸਰਾਂ ਤੱਕ ਲਾਗੂ ਕਰ ਦਿੱਤਾ ਗਿਆ, ਪ੍ਰੰਤੂ ਫੌਜ ਵਾਸਤੇ ਨਹੀਂ। ਮਿਸਾਲ ਵਜੋਂ ਇੱਕੋ ਸੀਨੀਆਰਤਾ ਵਾਲੇ ਸੱਤ ਸਿਵਲੀਅਨ ਅਫ਼ਸਰਾਂ 'ਚੋਂ ਮੁੱਖ ਮੰਤਰੀ ਕਿਸੇ ਇੱਕ ਨੂੰ ਨਿਯੁਕਤ ਕਰਦਾ ਹੈ ਤਾਂ ਬਾਕੀ ਦੇ ਛੇ ਅਫ਼ਸਰਾਂ ਦੀ ਤਨਖ਼ਾਹ, ਭੱਤੇ, ਪੈਨਸ਼ਨ ਆਦਿ ਚੀਫ ਸੈਕਟਰੀ ਦੇ ਬਰਾਬਰ ਕੀਤੇ ਜਾਂਦੇ ਹਨ।

ਵਰਨਣ ਯੋਗ ਹੈ ਕਿ ਫੌਜ ਦੇ ਇੱਕ ਮੇਜਰ ਅਤੇ ਬਰਾਬਰ ਦੇ ਰੈਂਕ ਤੋਂ ਜਨਰਲ ਰੈਂਕ ਤੱਕ ਪਹੁੰਚਣ ਵਾਸਤੇ ਸਮੇਂ-ਸਮੇਂ ਅਨੁਸਾਰ ਸਿਲੈਕਸ਼ਨ ਬੋਰਡਾਂ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉਤੇ ਅਗਲੀ ਤਰੱਕੀ ਨਿਰਭਰ ਹੁੰਦੀ ਹੈ। ਜਨਰਲ ਰੈਂਕ ਤੱਕ ਜਾਣ ਵਾਸਤੇ ਹਜ਼ਾਰਾਂ ਦੀ ਗਿਣਤੀ ਦੇ ਵੱਖ-ਵੱਖ ਰੈਂਕਾਂ ਦੇ ਹੇਠਲੇ ਅਧਿਕਾਰੀਆਂ ਦਾ ਨੰਬਰ ਕੱਟ ਜਾਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਤਨਖ਼ਾਹਾਂ, ਭੱਤੇ, ਪੈਨਸ਼ਨ ਆਦਿ ਉਸੇ ਰੈਂਕ ਦੀ ਮਿਲਦੀ ਹੈ, ਜਿੱਥੇ ਉਨ੍ਹਾਂ ਨੂੰ ਸੁਪਰਸੀਡ ਕਰ ਦਿੱਤਾ ਗਿਆ, ਪਰ ਸਿਵਲੀਅਨ ਅਫਸਰ ਜ਼ਿਆਦਾਤਰ ਐਡੀਸ਼ਨਲ ਚੀਫ ਸੈਕਟਰੀ ਤੱਕ ਪਹੁੰਚ ਹੀ ਜਾਂਦੇ ਹਨ ਅਤੇ ਤਨਖ਼ਾਹ-ਪੈਨਸ਼ਨ ਵੱਧਦੀ ਜਾਂਦੀ ਹੈ। ਇਸੇ ਤਰ੍ਹਾਂ ਜੰਮੂ-ਕਸ਼ਮੀਰ, ਸ਼ਿਲਾਂਗ, ਸਿਆਚਿਨ ਵਰਗੇ ਇਲਾਕਿਆਂ ਦੇ ਨੇਵੀ ਸਬਮੈਰੀਨ ਭੱਤੇ ਆਦਿ ਫੌਜ ਦੇ ਘੱਟ ਤੇ ਸਿਵਲੀਅਨ ਦੇ ਜ਼ਿਆਦਾ ਹਨ। ਅਜਿਹਾ ਕਿਉਂ? ਬਾਬੂਸ਼ਾਹੀ ਫੈਸਲਾ ਕਰਨ ਵਾਲੇ ਮੰਤਰੀਆਂ ਦੇ ਨਜ਼ਦੀਕ ਏ ਸੀ ਵਾਲੇ ਕਮਰਿਆਂ 'ਚ ਬੈਠ ਕੇ ਮੰਤਰੀਆਂ ਨੂੰ ਭੰਬਲਭੂਸਿਆਂ 'ਚ ਪਾ ਕੇ ਉਨ੍ਹਾਂ ਤੋਂ ਆਪਣੇ ਹਿੱਤਾਂ ਵਾਸਤੇ ਜੋ ਚਾਹੁਣ ਮਨਜ਼ੂਰੀ ਲੈ ਸਕਦੇ ਹਨ। ਇਸੇ ਤਰੀਕੇ ਨਾਲ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਪਾਰਟੀ ਪੱਧਰ ਤੋਂ ਉਪਰ ਉਠ ਕੇ ਇੱਕਜੁਟ ਹੋ ਕੇ ਆਪਣੀ ਤਨਖ਼ਾਹ-ਭੱਤੇ ਵਧਾ ਲੈਂਦੇ ਹਨ, ਪਰ ਸਰਹੱਦਾਂ ਦੀ ਰਖਵਾਲੀ 'ਚ ਲੱਗੇ ਹੋਏ ਜਵਾਨ ਬੇਹਦ ਖਰਾਬ ਮੌਸਮ 'ਚ ਵੀ ਗਲਵਾਨ ਘਾਟੀ ਵਰਗੇ ਸਖ਼ਤ ਇਲਾਕਿਆਂ 'ਚ ਆਪਣੀਆਂ ਜਾਨਾਂ ਵਾਰਨ ਵਾਲੇ ਹੁੰਦੇ ਹਨ ਤਾਂ ਕਦੇ ਉਨ੍ਹਾਂ ਦਾ ਡੀ ਏ ਅਤੇ ਫਿਰ ਪੈਨਸ਼ਨ ਘੱਟ ਵਾਲੀਆਂ ਤਜਵੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ, ਕੀ ਇਹ ਵਿਤਕਰਾ ਸਹੀ ਹੈ?

ਐਨ ਡੀ ਏ ਸਰਕਾਰ ਵੱਲੋਂ ਓ ਆਰ ਓ ਪੀ (ਵਨ ਰੈਂਕ ਵਨ ਪੈਨਸ਼ਨ) ਨੂੰ ਪਾਰਲੀਮੈਂਟ 'ਚ ਪ੍ਰਵਾਨਗੀ ਦੇਣ ਪਿੱਛੋਂ ਪਹਿਲੀ ਜੁਲਾਈ 2014 ਤੋਂ ਸਕੀਮ ਨੂੰ ਲਾਗੂ ਕਰਨ ਬਾਰੇ 07 ਨਵੰਬਰ 2015 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਉਸ ਨੋਟੀਫਿਕੇਸ਼ਨ 'ਚ ਸਪੱਸ਼ਟ ਕੀਤਾ ਗਿਆ ਕਿ ਪੰਜ ਸਾਲਾਂ ਬਾਅਦ ਭਾਵ ਪਹਿਲੀ ਜੁਲਾਈ 2019 ਨੂੰ ਇਸ ਦੀ ਬਰਾਬਰੀ ਕਰ ਦਿੱਤੀ ਜਾਵੇਗੀ। ਦਸਤੂਰ ਅਨੁਸਾਰ ਹਰ ਸਾਲ ਇਹ ਬਰਾਬਰੀ ਹੋਣੀ ਚਾਹੀਦੀ ਸੀ। ਮਿਸਾਲ ਦੇ ਤੌਰ 'ਤੇ ਤਨਖ਼ਾਹ ਤਾਂ ਹਰ ਸਾਲ ਵਧਦੀ ਰਹਿੰਦੀ ਹੈ ਜਿਸ ਕਾਰਨ ਪੈਨਸ਼ਨ 'ਚ ਵਾਧਾ ਹੁੰਦਾ ਰਹਿੰਦਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜ ਸਾਲਾਂ ਵਾਸਤੇ ਸੀਨੀਅਰ ਰੈਂਕ ਵਾਲੇ ਫੌਜੀ ਦੀ ਪੈਨਸ਼ਨ ਜੂਨੀਅਰ ਨਾਲੋਂ ਘੱਟ ਹੋਵੇਗੀ ਅਤੇ ਇਹ ਤਰੇੜ ਵਧਦੀ ਜਾ ਰਹੀ ਹੈ। ਬਿਨਾਂ ਸ਼ੱਕ ਇੱਕ ਵਾਰ ਪੈਨਸ਼ਨ ਵਧੀ, ਪਰ ਪ੍ਰਵਾਨਸ਼ੁਦਾ ਓ ਆਰ ਓ ਪੀ ਸਿਧਾਂਤ ਨੂੰ ਪੂਰਨ ਤੌਰ 'ਤੇ ਲਾਗੂ ਨਹੀਂ ਕੀਤਾ ਗਿਆ। ਫਿਰ ਇਸ ਨੂੰ ਓ ਆਰ ਓ ਪੀ ਨਹੀਂ ਕਿਹਾ ਜਾ ਸਕਦਾ, ਇਸ ਨੂੰ ਭਾਵੇਂ ਕੁਝ ਹੋਰ ਕਹਿ ਲਓ।

ਸਾਬਕਾ ਫੌਜੀਆਂ ਦੀਆਂ ਜਥੇਬੰਦੀਆਂ ਨੇ ਇਹ ਖਾਮੀਆਂ ਦੂਰ ਕਰਨ ਦੇ ਲਈ ਮਰਹੂਮ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੂੰ ਜਾਣੂ ਕਰਾਇਆ ਅਤੇ ਸਰਕਾਰ ਨੇ ਇਨ੍ਹਾਂ ਖਾਮੀਆਂ ਨੂੰ ਵਿਚਾਰਨ ਲਈ ਪਟਨਾ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਐਨ ਨਰਸਿਮ੍ਹਾ ਰੈਡੀ ਦੀ ਇੱਕ ਮੈਂਬਰੀ ਜੁਡੀਸ਼ਲ ਕਮੇਟੀ ਬਣਾਉਣ ਲਈ ਦਸੰਬਰ 2015 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਕਮੇਟੀ ਨੇ ਆਪਣੀ ਰਿਪੋਰਟ 24 ਅਕਤੂਬਰ 2016 ਨੂੰ ਰੱਖਿਆ ਮੰਤਰੀ ਨੂੰ ਦੇ ਦਿੱਤੀ, ਜਿਸ ਨੂੰ ਅਜੇ ਤੱਕ ਜਨਤਕ ਨਹੀਂ ਕੀਤਾ ਗਿਆ, ਲਾਗੂ ਕਰਨਾ 'ਤੇ ਇੱਕ ਪਾਸੇ ਰਿਹਾ। ਆਈ ਏ ਐਸ ਐਮ ਦੇ ਚੇਅਰਮੈਨ ਮੇਜਰ ਜਨਰਲ ਸਤਬੀਰ ਸਿੰਘ, ਗਰੁੱਪ ਕੈਪਟਨ ਵੀ ਕੇ ਗਾਂਧੀ ਤੇ ਕੁਝ ਹੋਰਨਾਂ ਨੇ ਸੁਪਰੀਮ ਕੋਰਟ ਦਾ ਸਹਾਰਾ ਲਿਆ। ਸੁਪਰੀਮ ਕੋਰਟ ਨੇ 01 ਮਈ 2019 ਨੂੰ ਰੱਖਿਆ ਮੰਤਰਾਲੇ ਨੂੰ ਹੁਕਮ ਜਾਰੀ ਕੀਤਾ ਸੀ ਕਿ ਪਟੀਸ਼ਨਰਾਂ ਨੂੰ ਸੱਦ ਕੇ ਖਾਮੀਆਂ ਦੂਰ ਕੀਤੀਆਂ ਜਾਣ। ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੀਟਿੰਗਾਂ ਵੀ ਬੇਸਿੱਟਾ ਰਹੀਆਂ।

ਸੁਪਰੀਮ ਕੋਰਟ ਵੱਲੋਂ ਤਾਰੀਖ ਉਪਰੰਤ ਆਖਰੀ ਤਾਰੀਖ ਸੁਣਵਾਈ ਵਾਸਤੇ ਦਿੱਤੀ ਜਾ ਰਹੀ ਹੈ ਪਰ ਸਰਕਾਰ ਵੱਲੋਂ ਟਾਲ-ਮਟੋਲ ਕੀਤੀ ਜਾ ਰਹੀ ਹੈ। ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਸਨ ਕਿ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਛਪੀ ਖ਼ਬਰ ਪੜ੍ਹਨ ਨੂੰ ਮਿਲੀ ਕਿ ਚੀਨ ਵਿੱਚ ਸ਼ੀ ਜਿਨਪਿੰਗ ਦੀ ਅਗਵਾਈ ਵਾਲੀ ਕਮਿਊਨਿਸਟ ਪਾਰਟੀ ਨੇ ਆਪਣੇ 20 ਲੱਖ ਫੌਜੀਆਂ ਦੀ 40 ਫੀਸਦੀ ਤਨਖ਼ਾਹ ਵਧਾਉਣ ਦਾ ਫੈਸਲਾ ਕੀਤਾ ਹੈ। ਭਾਰਤ ਵਿੱਚ ਰੱਬ ਅਤੇ ਫੌਜ ਨੂੰ ਕੇਵਲ ਔਖੀ ਘੜੀ ਵੇਲੇ ਹੀ ਯਾਦ ਕੀਤਾ ਜਾਂਦਾ ਹੈ, ਜੋ ਉਚਿਤ ਨਹੀਂ।

## ਕੇਜਰੀਵਾਲ ਦੀ ਵੀਡੀਓ ਨਾਲ ਉਸ ਦੀ ਪਾਰਟੀ ਦੇ ਝੂਠ ਦਾ ਪਰਦਾ ਫਾਸ਼ ਹੋਇਐ: ਕੈਪਟਨ




ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪਰਸੋਂ ਦੀ ਪੰਜਾਬ ਦੀ ਸਰਬ ਪਾਰਟੀ ਮੀਟਿੰਗ ’ਚੋਂ ਵਾਕ-ਆਊਟ ਕਰ ਜਾਣ ਨਾਲ ਆਮ ਆਦਮੀ ਪਾਰਟੀ ਦਾ ਦੋਗਲਾ ਚਿਹਰਾ ਮੁੜ ਕੇ ਬੇਪਰਦ ਹੋਣ ਤੋਂ ਇੱਕ ਦਿਨ ਬਾਅਦ ਪੰਜਾਬ ਦੇ ਲੋਕਾਂ ਨੂੰ ਏਦਾਂ ਦੀ ਪਾਰਟੀ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ, ਜਿਸ ਦਾ ਮੁਖੀ ਆਨ ਰਿਕਾਰਡ ਖੇਤੀ ਕਾਨੂੰਨਾਂ ਨੂੰ 70 ਸਾਲਾਂ ਵਿੱਚ ਖੇਤੀਬਾੜੀ ਖੇਤਰ ਦਾ ਸਭ ਤੋਂ ਕ੍ਰਾਂਤੀਕਾਰੀ ਕਦਮ ਦੱਸ ਚੁੱਕਾ ਹੋਵੇ।ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਵੀਡੀਓ ਨੇ ਇਸ ਪਾਰਟੀ ਦੇ ਆਗੂਆਂ ਦੇ ਝੂਠ ਦਾ ਪਰਦਾ ਫਾਸ਼ ਕਰ ਦਿੱਤਾ ਹੈ, ਜਿਸ ਵਿੱਚ ਇੱਕ ਇੰਟਰਵਿਊ ਦੌਰਾਨ ਕੇਜਰੀਵਾਲ ਖੇਤੀ ਕਾਨੂੰਨਾਂ ਦੇ ਫਾਇਦੇ ਦੱਸ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਇਸ ਵੀਡੀਓ ਨਾਲ ਛੇੜਛਾੜ ਦੇ ਆਮ ਆਦਮੀ ਪਾਰਟੀ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਇਸ ਮੁੱਦੇ ’ਤੇ ਇਸ ਪਾਰਟੀ ਵੱਲੋਂ ਸਮੇਂ-ਸਮੇਂ ਪਲਟੀ ਮਾਰਨ ਦੇ ਟਰੈਕ ਰਿਕਾਰਡ ਤੋਂਦਿੱਸ ਪੈਂਦਾ ਹੈ ਕਿ ਇਹ ਪਾਰਟੀ ਕਿਸਾਨਾਂ ਪ੍ਰਤੀ ਕਿੰਨੀ ਕੁ ਹਮਦਰਦ ਹੈ। ਉਨ੍ਹਾਂ ਕਿਹਾ ਕਿ ਸਰਬ ਪਾਰਟੀ ਮੀਟਿੰਗ ਤੋਂ ਵਾਕ-ਆਊਟ ਕਰਨ ਤੋਂ ਇਲਾਵਾ ਖੇਤੀ ਕਾਨੂੰਨਾਂ ਤੇ ਕਿਸਾਨ ਅੰਦੋਲਨ ਬਾਰੇ ਨਿਰੰਤਰ ਨੋਟੰਕੀਕਰਨ ਪਿੱਛੋਂ ਉਨ੍ਹਾਂ ਉਪਰ ਕੋਈ ਕਿਵੇਂ ਵਿਸ਼ਵਾਸ ਕਰ ਸਕਦਾ ਹੈ। ਬੀਤੀ 26 ਜਨਵਰੀ ਨੂੰ ਹੋਈ ਹਿੰਸਾ ਵੇਲੇ ਲਾਲ ਕਿਲ੍ਹੇ ਵਿੱਚ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੈਂਬਰ ਅਮਰੀਕ ਸਿੰਘ ਮਿੱਕੀ ਦੀ ਮੌਜੂਦਗੀ ਦਾ ਹਵਾਲਾ ਦੇ ਕੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿੱਚ ਵੀ ਸ਼ੱਕ ਨਹੀਂ ਕਿ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਨੂੰ ਅਸਥਿਰ ਤੇ ਸਾਬੋਤਾਜ ਕਰਨ ਲਈ ਇਸ ਪਾਰਟੀ ਦੀ ਭਾਰਤੀ ਜਨਤਾ ਪਾਰਟੀ ਨਾਲ ਗੰਢ-ਤੁੱਪ ਸੀ। ਉਨ੍ਹਾਂਸਵਾਲ ਕੀਤਾ ਕਿ ਪਿਛਲੇ ਮਹੀਨਿਆਂ ਦੌਰਾਨ ਇਸ ਪਾਰਟੀ ਦੀਆਂ ਹਰਕਤਾਂ ਨੇ ਸਾਫ ਕਰ ਦਿੱਤਾ ਹੈ ਕਿ ਇਨ੍ਹਾਂ ਨੂੰ ਕਿਸਾਨਾਂ ਨਾਲ ਨਹੀਂ, ਭਾਜਪਾ ਤੇ ਉਨ੍ਹਾਂ ਦੀ ਸਰਮਾਏਦਾਰ ਜੁੰਡਲੀ ਨਾਲ ਹਮਦਰਦੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਨੇ ਦਿੱਲੀ ਵਿੱਚ ਨਵੰਬਰ ਵਿੱਚ ਕਾਲੇ ਖੇਤੀ ਕਾਨੂੰਨਾਂ ਵਿੱਚੋਂ ਇੱਕ ਕਾਨੂੰਨ ਲਾਗੂ ਕਰਨ ਲਈ ਨੋਟੀਫਾਈ ਕਿਉਂ ਕੀਤਾ? ਉਨ੍ਹਾਂ ਨੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਦੀ ਥਾਂ ਕੌਮੀ ਰਾਜਧਾਨੀ ਦੀਆਂ ਸੜਕਾਂ ਪੁੱਟਣ ਅਤੇ ਕਿਸਾਨਾਂ ਦੇ ਅੰਦੋਲਨ ਵਾਲੀਆਂ ਥਾਵਾਂ ਦੀ ਕਿਲ੍ਹੇ ਵਾਂਗ ਘੇਰਾਬੰਦੀ ਕਰਨ ਦੀ ਖੁੱਲ੍ਹ ਕਿਉਂ ਦਿੱਤੀ, ਜਦਕਿ ਇਸ ਸ਼ਹਿਰ ਦੀਆਂ ਸੜਕਾਂ ਕੇਂਦਰ ਸਰਕਾਰ ਦੇ ਕੰਟਰੋਲ ਵਿੱਚ ਨਾ ਹੋ ਕੇ ਦਿੱਲੀ ਸਰਕਾਰ ਦੇ ਕੰਟਰੋਲ ਹੇਠ ਹਨ।

# ਰਾਵੀ ਦਰਿਆ ’ਤੇ ਸ਼ਾਹਪੁਰ ਕੰਢੀ ਡੈਮ ਦੀ ਉਸਾਰੀ 60 ਫ਼ੀਸਦੀ ਪੂਰੀ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਰਾਵੀ ਦਰਿਆ ਦੇ ਪਾਣੀ ਨੂੰ ਰੋਕ ਕੇ 600 ਮੈਗਾਵਾਟ ਬਿਜਲੀ ਸਮਰੱਥਾ ਵਾਲੇ ਰਣਜੀਤ ਸਾਗਰ ਡੈਮ ਤੋਂ 11 ਕਿਲੋਮੀਟਰ ਹੇਠਾਂ ਵੱਲ ਆਉਂਦੇ ਪਾਣੀ ਨੂੰ ਫਿਰ ਰੋਕ ਕੇ 204 ਮੈਗਾਵਾਟ ਬਿਜਲੀ ਬਣਾਉਣ ਲਈ ਸ਼ਾਹਪੁਰ ਕੰਢੀ ਡੈਮ ਦੀ ਉਸਾਰੀ 60 ਫ਼ੀਸਦੀ ਤੋਂ ਵੱਧ ਹੋ ਚੁੱਕੀ ਹੈ। ਅਗਲੇ ਸਾਲ ਦਸੰਬਰ ਤੱਕ ਇਹ ਡੈਮ ਪੂਰਾ ਜਾਵੇਗਾ ਅਤੇ ਪਾਕਿਸਤਾਨ ਨੂੰ ਬਿਨਾਂ ਵਜ੍ਹਾ ਜਾਂਦਾ ਪਾਣੀ ਬੰਦ ਕਰ ਦਿੱਤਾ ਜਾਵੇਗਾ।




ਪਠਾਨਕੋਟ ਨੇੜੇ ਮਾਧੋਪੁਰ ਕੋਲ ਸ਼ਾਹਪੁਰ ਕੰਢੀ ਤੋਂ ਪਾਣੀ ਲੈ ਕੇ ਜਾਣ ਵਾਲੀ ਹਾਈਡਲ ਚੈਨਲ ਦਾ 97 ਫ਼ੀਸਦੀ ਕੰਮ ਹੋ ਚੁੱਕਾ ਹੈ ਅਤੇ ਅਗਲੇ ਸਾਲ ਦਸੰਬਰ ਵਿੱਚ ਪੰਜਾਬ ਦੇ ਚਾਰ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿੱਚ ਤਿੰਨ ਲੱਖ ਏਕੜ ਜ਼ਮੀਨ ਦੀ ਸਿੰਚਾਈ ਅਪਰ ਬਾਰੀ ਦੋਆਬ ਨਹਿਰ ਤੋਂ ਹੋਰ ਵੱਧ ਹੋ ਸਕੇਗੀ। ਇਸ 2716 ਕਰੋੜ ਦੇ ਵੱਡੇ ਪਣ ਬਿਜਲੀ ਪ੍ਰਾਜੈਕਟ ’ਤੇ 400 ਇੰਜੀਨੀਅਰਾਂ, ਤਕਨੀਕੀ ਵਰਕਰਾਂ ਤੇ 800 ਕਾਮਿਆਂ ਸਮੇਤ ਸੋਮਾ ਬੁਰੇਈਆ ਕੰਪਨੀ ਦੇ ਕੰਮ ’ਤੇ ਨਿਗਰਾਨੀ ਰੱਖਣ ਵਾਲੇ ਚੀਫ਼ ਇੰਜੀਨੀਅਰ ਐਸ ਕੇ ਸਲੂਜਾ ਨੇ ਦੱਸਿਆ ਕਿ ਕੇਂਦਰੀ ਜਲ ਸਰੋਤ ਮੰਤਰਾਲਾ ਇਸ ਪੱਖੋਂ ਬਹੁਤ ਗੰਭੀਰ ਹੈ ਕਿ ਪਾਕਿਸਤਾਨ ਨੂੰ ਅਜਾਈਂ ਜਾਂਦਾ ਪਾਣੀ ਰੋਕ ਕੇ ਜਲਦੀ ਪੰਜਾਬ ਤੇ ਜੰਮੂ ਕਸ਼ਮੀਰ ਦੇ ਲਈ ਵਰਤਣਾ ਚਾਹੁੰਦਾ ਹੈ।ਇੰਜੀਨੀਅਰ ਸਲੂਜਾ ਜੋ ਹਫ਼ਤੇ ਵਿੱਚ ਪੰਜ ਦਿਨ ਸ਼ਾਹਪੁਰ ਕੰਢੀ ਡੈਮ ’ਤੇ ਦਿਨ ਰਾਤ ਉਸਾਰੀ ਦਾ ਕੰਮ ਦੇਖਦੇਹਨ, ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਇਸ ਪ੍ਰਾਜੈਕਟ ਦੀ ਮਾਨੀਟਰਿੰਗ ਹੋ ਰਹੀ ਹੈ ਅਤੇ ਛੇ ਮਹੀਨੇ ਪਹਿਲਾਂ ਕੇਂਦਰੀ ਜਲ ਸਰੋਤ ਮੰਤਰੀ ਖ਼ੁਦ ਮਾਹਰਾਂ ਦੀ ਟੀਮ ਨਾਲ ਇਸ ਦਾ ਨਿਰੀਖਣ ਕਰਨ ਆਏ ਸਨ। ਚੀਫ਼ ਇੰਜੀਨੀਅਰ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਦੇ ਕਾਰਨ ਲੇਬਰ ਤੇ ਤਕਨੀਕੀ ਕਾਮਿਆਂ ਵੱਲੋਂ ਕੰਮ ਰੋਕਿਆ ਗਿਆ ਸੀ, ਪਰ ਛੇ ਮਹੀਨੇ ਬਾਅਦ ਫਿਰ ਦਿਨ ਰਾਤ ਉਸਾਰੀ ਹੋ ਰਹੀ ਹੈ ਅਤੇ ਮਈ 2022 ਦੀ ਥਾਂ ਦਸੰਬਰ 2022 ਵਿੱਚ ਡੈਮ ਸਿਰੇ ਚੜ੍ਹ ਜਾਵੇਗਾ। ਉਨ੍ਹਾਂ ਦੱਸਿਆ ਕਿ 637 ਕਰੋੜ ਦੇ ਟੈਂਡਰ ਜਾਰੀ ਹੋ ਗਏ ਹਨ। ਭਵਿੱਖ ’ਚ ਰੋਜ਼ 1042 ਮਿਲੀਅਨ ਯੂਨਿਟ ਯਾਨੀ 10.4 ਕਰੋੜ ਯੂਨਿਟ ਬਿਜਲੀ ਪੈਦਾ ਹੋਵੇਗੀ। ਇਸ ਬਿਜਲੀ ’ਤੇ ਪੂਰਾ ਅਧਿਕਾਰ ਪੰਜਾਬ ਦਾ ਹੋਵੇਗਾ ਅਤੇ ਪਾਣੀ ਤੇ ਬਿਜਲੀ ਤੋਂ ਸਾਲਾਨਾ 850 ਕਰੋੜ ਦਾ ਲਾਭ ਕੇਵਲ ਇਸ ਸੂਬੇ ਨੂੰ ਮਿਲੇਗਾ।

## ਐਡੀਟਿਡ ਵੀਡੀਓ ਲਈ ਅਮਰਿੰਦਰ ਮੁਆਫ਼ੀ ਮੰਗੇ, ਨਹੀਂ ਤਾਂ ਕਾਨੂੰਨੀ ਕਾਰਵਾਈ ਕਰਾਂਗੇ: ਕੇਜਰੀਵਾਲ

ਚੰਡੀਗੜ੍ਹ, 4ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇੱਕ ਵੀਡੀਓ ਸ਼ੇਅਰ ਕਰਨ ’ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਉਹ ਵੀਡੀਓ ਫ਼ਰਜ਼ੀ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਰਾਜਨੀਤਕ ਹੋਂਦ ਬਚਾਉਣ ਲਈ ਇਸ ਤਰ੍ਹਾਂ ਦੀ ਗੰਦੀ ਰਾਜਨੀਤੀ ਦਾ ਸਹਾਰਾ ਲਿਆ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ‘ਮੈਂ ਮੀਡੀਆ ਨੂੰ ਇਸ ਵੀਡਿਓ ਨੂੰ ਚਲਾਉਣ ਜਾਂ ਕਿਸੇ ਵੀ ਤਰ੍ਹਾਂ ਵਰਤਣ ਤੋਂ ਪ੍ਰਹੇਜ਼ ਕਰਨ ਦੀ ਅਪੀਲ ਕਰਦਾ ਹਾਂ। ਜੇ ਕੈਪਟਨ ਅਮਰਿੰਦਰ ਸਿੰਘ ਇਹ ਵੀਡੀਓ ਵਾਪਸ ਨਹੀਂ ਲੈਂਦੇ ਤੇ ਝੂਠੀ ਵੀਡੀਓ ਸ਼ੇਅਰ ਕਰਨ ਦੀ ਮੁਆਫ਼ੀ ਨਹੀਂ ਮੰਗਦੇ ਤਾਂ ਅਸੀਂਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਾਂਗੇ।



ਕੇਜਰੀਵਾਲ ਨੇ ਕਿਹਾ ਕਿ ਲੋਕਤੰਤਰੀ ਤਰੀਕੇ ਨਾਲ ਚੁਣੇ ਗਏ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਜਿਹੇ ਕੂੜ ਪ੍ਰਚਾਰ ਦਾ ਸਹਾਰਾ ਲੈਣਾ ਅਤੇ ਆਪਣੀ ਰਾਜਨੀਤਕ ਹੋਂਦ ਲਈ ਕਿਸੇ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਾਉਣਾ ਬੇਹੱਦ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਇਸ ਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਫ਼ਰਜ਼ੀ ਵੀਡੀਓ ਰਾਹੀਂ ਝੂਠ ਪ੍ਰਚਾਰ ਕਰਨ ਦੀ ਉਨ੍ਹਾਂ ਦੀ ਗੰਦੀ ਰਾਜਨੀਤੀ ਨਾਲ ਕਾਨੂੰਨੀ ਤਰੀਕੇ ਨਾਲ ਨਜਿਠਿਆ ਜਾਵੇਗਾ।

# ਪਤੀ-ਪਤਨੀ ਬਣ ਸੁਨਿਆਰੇ ਦੀ ਦੁਕਾਨ ਵਿੱਚੋਂ 3.5 ਲੱਖ ਦੇ ਗਹਿਣੇ ਲੁੱਟ ਕੇ ਲੁਟੇਰੇ ਫਰਾਰ

ਜਲੰਧਰ, 4 ਫਰਵਰੀ (ਪੋਸਟ ਬਿਊਰੋ)- ਮਾਡਲ ਟਾਊਨ ਦੇ ਖੇਤਰ ’ਚ ਚੀਮਾ ਚੌਕ ਨੇੜੇ ਰਾਜਨ ਜਿਊਲਰਜ਼ ਨਾਂਅ ਹੇਠ ਚੱਲ ਰਹੀ ਸੁਨਿਆਰੇ ਦੀ ਦੁਕਾਨ ’ਤੇ ਪਤੀ-ਪਤਨੀ ਬਣਕੇ ਆਇਆ ਜੋੜਾ 3.5 ਲੱਖ ਰੁਪਏ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਿਆ, ਜਿਸ ਬਾਰੇ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਲੁੱਟੇ ਗਏ ਰਾਜਨ ਲੂਥਰਾ ਪੁੱਤਰ ਸੋਹਨ ਲਾਲ ਨੇ ਦੱਸਿਆ ਕਿ ਰਾਤ ਕਰੀਬ 7.30 ਵਜੇ ਉਹ ਆਪਣੀ ਦੁਕਾਨ ’ਤੇ ਬੈਠਾ ਹੋਇਆ ਸੀ ਤਾਂ ਇੱਕ ਵਿਅਕਤੀ, ਜਿਸ ਨਾਲ ਚੂੜਾ ਪਾਈ ਇੱਕ ਔਰਤ ਸੀ, ਉਸ ਦੀ ਦੁਕਾਨ ’ਤੇ ਆਇਆ ਅਤੇ ਸੋਨੇ ਦਾ ਸੈਟ ਤੇ ਚੇਨੀ ਦਿਖਾਉਣ ਨੂੰ ਕਿਹਾ ਤਾਂ ਉਸ ਨੇ ਦੋਵਾਂ ਨੂੰ ਕੁਝ ਸਾਮਾਨ ਦਿਖਾਇਆ। ਇਸ ਪਿੱਛੋਂ ਔਰਤ ਆਪਣੀ ਮਾਂ ਨਾਲ ਸਲਾਹ ਕਰਨ ਦੇ ਬਹਾਨੇ ਫ਼ੋਨ ਕਰਦੀ ਹੋਈ ਦੁਕਾਨ ’ਚੋਂ ਬਾਹਰ ਚਲੀ ਗਈ ਤੇ ਉਸ ਦਾ ਸਾਥੀ ਦੁਕਾਨ ’ਚ ਬੈਠ ਕੇ ਗਹਿਣਿਆਂ ਦੇ ਰੇਟ ਸਬੰਧੀ ਗੱਲਾਂ ਕਰਦਾ ਰਿਹਾ।ਕੁਝ ਸਮੇਂ ਬਾਅਦ ਗਾਹਕ ਬਣ ਕੇ ਆਇਆ ਵਿਅਕਤੀ ਦੁਕਾਨ ਦੇ ਬਾਹਰ ਆਪਣੀ ਪਤਨੀ ਨੂੰ ਦੇਖਣ ਗਿਆ, ਜੋ ਥੋੜ੍ਹੀ ਦੇਰ ਬਾਅਦ ਆਇਆ ਤੇ ਅਚਾਨਕ ਸੋਨੇ ਦਾ ਸੈਟ ਅਤੇ ਚੇਨੀ ਲੈ ਕੇ ਦੁਕਾਨ ਤੋਂ ਭੱਜ ਗਿਆ। ਉਨ੍ਹਾਂ ਉਸ ਵਿਅਕਤੀ ਦਾ ਪਿੱਛਾ ਕੀਤਾ ਤਾਂ ਉਹ ਪਹਿਲਾਂ ਤੋਂ ਮੋਟਰਸਾਈਕਲ ਸਟਾਰਟ ਕਰੀ ਖੜ੍ਹੇ ਵਿਅਕਤੀ ਦੇ ਪਿੱਛੇ ਬੈਠ ਕੇ ਫਰਾਰ ਹੋ ਗਿਆ। ਲੁੱਟ ਦੀ ਸਾਰੀ ਵਾਰਦਾਤ ਦੁਕਾਨ ’ਚ ਲੱਗੇ ਸੀ ਸੀ ਟੀ ਵੀ ਕੈਮਰਿਆਂ ’ਚ ਆ ਗਈ ਹੈ। ਓਥੇ ਪਹੁੰਚੇ ਥਾਣਾ ਡਵੀਜ਼ਨ ਨੰਬਰ ਛੇ ਦੇ ਮੁਖੀ ਸੁਰਜੀਤ ਸਿੰਘ ਗਿੱਲ ਟੀਮ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮਹਿਮਦਪੁਰ ਦੇ ਦੋ ਗੁਰਦੁਆਰਿਆਂ ’ਚ ਸੰਗਤ ਨੂੰ ਅੰਦਰ ਬੰਦ ਕਰਕੇ ਤਾਲਾ ਲਾ ਦਿੱਤਾ ਗਿਆ

ਡੇਰਾ ਬੱਸੀ, 4 ਫਰਵਰੀ (ਪੋਸਟ ਬਿਊਰੋ)- ਏਥੋਂ ਨੇੜੇ ਪਿੰਡ ਮਹਿ-ਮਦਪੁਰ ਵਿੱਚ ਦੋ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਆਈ ਸੰਗਤ ਅਤੇ ਗ੍ਰੰਥੀ ਸਿੰਘ ਨੂੰ ਅੰਦਰ ਬੰਦ ਕਰ ਕੇ ਤਾਲਾ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ।

ਪਤਾ ਲੱਗਾ ਹੈ ਕਿ ਸਵੇਰੇ ਵੇਲੇ ਜਦੋਂ ਰੋਜ਼ ਵਾਂਗ ਗੁਰਦੁਆਰਾ ਸਾਹਿਬ ਵਿੱਚ ਪਾਠ ਚੱਲ ਰਿਹਾ ਸੀ ਅਤੇ ਸੰਗਤ ਮੱਥਾ ਟੇਕਣ ਗੁਰਦੁ-ਆਰਾ ਸਾਹਿਬ ਆ ਰਹੀ ਸੀ, ਇਸੇ ਦੌਰਾਨ ਕਿਸੇ ਨੇ ਦਰਵਾਜ਼ੇ ਉੱਤੇ ਤਾਲੇ ਲਾ ਦਿੱਤੇ, ਜਿਸ ਨਾਲ ਸਥਿਤੀ ਤਣਾਅ ਵਾਲੀ ਹੋ ਗਈ। ਭਾਰੀ ਗਿਣਤੀ ਵਿੱਚ ਲੋਕ ਗੁਰਦ-ਆਰਾ ਸਾਹਿਬ ਪਹੁੰਚੇ ਅਤੇ ਤਾਲੇ ਤੋੜ ਕੇ ਸੰਗਤ ਨੂੰ ਕੱਢਿਆ। ਇਸ ਦੀ ਸੂਚਨਾ ਮਿਲਣ ਉਤੇ ਡੀ ਐਸ ਪੀ ਗੁਰਬਖਸ਼ੀਸ਼ ਸਿੰਘ ਪੁਲਸ ਫੋਰਸ ਲੈ ਕੇ ਪਿੰਡ ਪਹੁੰਚੇ ਤੇ ਘਰ ਵਿੱਚ ਲੁਕੇ ਦੋਸ਼ੀ ਕਰਮ ਸਿੰਘ (40 ਸਾਲ)ਨੂੰ ਗ੍ਰਿਫ਼ਤਾਰ ਕਰ ਲਿਆ।ਜਥੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਿੰਡ ਵਿੱਚ ਗੁਰਦੁਆਰਾ ਸ੍ਰੀ ਅਮਰਦਾਸ ਸਾਹਿਬ ਵਿੱਚ ਸਵੇਰੇ ਗ੍ਰੰਥੀ ਗਿਆਨ ਸਿੰਘ ਨੇ ਨਿਤਨੇਮ ਦਾ ਪਾਠ ਸ਼ੁਰੂ ਕੀਤਾ ਤਾਂ ਕਰੀਬ ਪੌਣੇ ਪੰਜ ਵਜੇ ਕਰਮ ਸਿੰਘ ਓਥੇ ਮੱਥਾ ਟੇਕਣ ਆਇਆ। ਵਾਪਸ ਆਉਂਦੇ ਸਮੇਂ ਘਰੋਂ ਲਿਆਂਦਾ ਤਾਲਾ ਗੁਰ-ਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ ਉੱਤੇ ਲਾ ਕੇ ਚਲਿਆ ਗਿਆ। ਇਸਪਿੱਛੋਂ ਉਹ ਪਿੰਡ ਦੇ ਦੂਸਰੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿੱਚ ਕਰੀਬ ਪੰਜ ਵਜੇ ਪਹੁੰਚਿਆ। ਓਥੇ ਗਿਆਨੀ ਸੰਤ ਸਿੰਘ ਪਾਠ ਕਰ ਰਹੇ ਸੀ, ਉਸ ਨੇ ਉਥੇ ਵੀ ਗੇਟ ਉੱਤੇ ਤਾਲਾ ਲਾਇਆ ਤੇ ਚਾਬੀਆਂ ਸਮੇਤ ਫਰਾਰ ਹੋ ਗਿਆ। ਇਸ ਪਿੱਛੋਂ ਸੰਗਤ ਮੱਥਾ ਟੇਕਣ ਪਹੁੰਚੀ ਤਾਂ ਤਾਲੇ ਲੱਗੇ ਦੇਖ ਕੇ ਸਾਰੇ ਹੈਰਾਨ ਹੋਏ ਅਤੇ ਜਦੋਂ ਘਟਨਾ ਦੀ ਭਿਣਕ ਲੱਗੀ ਤਾਂ ਲੋਕਾਂ ਨੇ ਗੁਰਦ-ਆਰਾ ਸਾਹਿਬ ਦੇ ਦਰਵਾਜ਼ੇ ਦਾ ਤਾਲਾ ਤੋੜਿਆ ਤੇ ਅੰਦਰੋਂ ਪਾਠੀ ਅਤੁ ਸੰਗਤ ਨੂੰ ਬਾਹਰ ਕੱਢਿਆ। ਸੰਗਤ ਨੇ ਦੱਸਿਆ ਕਿ ਕਰਮ ਸਿੰਘ ਨੇ ਇਹ ਕੰਮ ਕੀਤਾ ਹੈ, ਜਿਸ ਪਿੱਛੋਂ ਪਿੰਡ ਵਾਸੀਆਂ ਦਾ ਗੁੱਸਾ ਭੜਕ ਪਿਆ ਅਤੇ ਉਹ ਕਰਮ ਸਿੰਘ ਦੇ ਘਰ ਪਹੁੰਚ ਗਏ, ਪਰ ਉਸ ਨੇ ਆਪਣੇ ਆਪ ਨੂੰ ਅੰਦਰ ਬੰਦ ਕੀਤਾ ਹੋਇਆ ਸੀ। ਲੋਕਾਂ ਦੀ ਭੀੜ ਵੱਧਣ ਅਤੇ ਸਥਿਤ ਤਣਾਅ ਪੂਰਨ ਹੋਣ ਉੱਤੇ ਪੁਲਸ ਵੀ ਪਹੁੰਚ ਗਈ।

# ਬਰਗਾੜੀ ਤੇ ਹੋਰ ਬੇਅਦਬੀ ਕੇਸਾਂ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿੱਚ ਹੋਵੇਗੀ

* ਪੰਜਾਬ ਸਰਕਾਰ ਨੇ ਜੱਜ ਦੀ ਨਿਯੁਕਤੀ ਦਾ ਕੇਸ ਹਾਈ ਕੋਰਟ ਭੇਜਿਆ

ਫਰੀਦਕੋਟ, 4 ਫਰਵਰੀ (ਪੋਸਟ ਬਿਊਰੋ)- ਫਰੀਦਕੋਟ ਜ਼ਿਲ੍ਹੇ ਵਿੱਚ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਤਿੰਨ ਘਟਨਾਵਾਂ ਅਤੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਬਾਰੇ ਅਦਾਲਤਾਂ ਵਿੱਚ ਚੱਲਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਪੰਜਾਬ ਸਰਕਾਰ ਨੇ ਇੱਕ ਫਾਸਟ ਟਰੈਕ ਅਦਾਲਤ ਬਣਾਉਣ ਦੀ ਤਜਵੀਜ ਰੱਖੀ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਆਪਣੀ ਸਰਕਾਰ ਬਣਨ ’ਤੇ ਇਨ੍ਹਾਂ ਕੇਸਾਂ ਦੀ ਜਲਦੀ ਸੁਣਵਾਈ ਦਾ ਭਰੋਸਾ ਦਿੱਤਾ ਸੀ, ਪਰ ਚਾਰ ਸਾਲ ਤੋਂ ਵੱਧ ਬੀਤਣ ’ਤੇ ਕਿਸੇ ਵੀ ਕੇਸ ਨੂੰ ਸਰਕਾਰ ਕਿਸੇ ਸਿੱਟੇ ’ਤੇ ਨਹੀਂ ਪਹੁੰਚਾ ਸਕੀ ਅਤੇ ਪੀੜਤਾਂ ਵੱਲੋਂ ਛੇਤੀ ਇਨਸਾਫ ਲਈ ਸਰਕਾਰ ਉਪਰ ਦਬਾਅ ਬਣਾਇਆ ਜਾ ਰਿਹਾ ਹੈ। ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਇਸ ਬਾਰੇ ਸਾਰੀ ਲੋੜੀਂਦੀ ਕਾਰਵਾਈ ਪੂਰੀ ਕਰਲਈ ਹੈ ਅਤੇ ਵਿਸ਼ੇਸ਼ ਜੱਜ ਦੀ ਨਿਯੁਕਤੀ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਕੇਸ ਭੇਜ ਦਿੱਤਾ ਹੈ। ਕੋਟਕਪੂਰਾ ਤੇ




ਬਹਿਬਲ ਗੋਲੀ ਕਾਂਡ ਵਿੱਚ 21 ਮਹੀਨੇ ਪਹਿਲਾਂ ਚਲਾਨ ਪੇਸ਼ ਹੋ ਗਿਆ ਸੀ, ਪਰ ਏਨਾ ਸਮਾਂ ਬੀਤਣ ਦੇ ਬਾਅਦ ਵੀ ਅਜੇ ਤੱਕ ਮੁਲਜ਼ਮਾਂ ਖਿਲਾਫ ਚਾਰਜ ਫਰੇਮ ਨਹੀਂ ਹੋ ਸਕੇ। ਵਿਸ਼ੇਸ਼ ਜਾਂਚ ਟੀਮ ਨੇ ਕੁਝ ਸਮਾਂ ਪਹਿਲਾਂ ਫਰੀਦਕੋਟ ਦੀ ਸੈਸ਼ਨ ਕੋਰਟ ਨੂੰ ਅਰਜ਼ੀ ਦੇ ਕੇ ਸ਼ੱਕ ਜ਼ਾਹਿਰ ਕੀਤਾ ਸੀ ਕਿ ਬਹਿਬਲ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਨਾਮਜ਼ਦ ਕੀਤੇ ਦੋਸ਼ੀ ਉਚੀ ਪਹੁੰਚ ਵਾਲੇ ਹਨ ਅਤੇ ਉਹ ਗਵਾਹਾਂ ਨੂੰ ਪ੍ਰਭਾਵਤ ਕਰ ਸਕਦੇ ਹਨ। ਇਸ ਲਈ ਇਨ੍ਹਾਂ ਕੇਸਾਂ ਦੀ ਸੁਣਵਾਈ ਪਹਿਲ ਦੇ ਆਧਾਰ ’ਤੇ ਕੀਤੀ ਜਾਵੇ, ਪਰ ਜਾਂਚ ਟੀਮ ਦੀ ਅਰਜ਼ੀ ਦਾਇਰ ਹੋਣ ਤੋਂ ਦੋ ਮਹੀਨੇ ਬਾਅਦ ਵੀ ਇਸ ਵਿੱਚ ਗੱਲ ਅੱਗੇ ਨਹੀਂ ਵਧੀ। ਪੰਜਾਬ ਸਰਕਾਰ ਨੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਬਹਿਬਲ ਗੋਲੀ ਕਾਂਡ ਦੇ ਕੁੱਲ ਸੱਤ ਕੇਸਾਂ ਨੂੰ ਫਾਸਟ ਟਰੈਕ ਕੋਰਟ ਰਾਹੀਂ ਨਿਪਟਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪਤਾ ਲੱਗਾ ਹੈ ਕਿ ਅਪ੍ਰੈਲ ਤੋਂ ਫਾਸਟ ਟਰੈਕ ਕੋਰਟ ਫਰੀਦਕੋਟ ਵਿੱਚ ਕੰਮ ਸ਼ੁਰੂ ਕਰ ਸਕਦੀ ਹੈ। ਪਹਿਲਾਂ ਇਹ ਅਦਾਲਤ ਮੁਹਾਲੀ ਵਿੱਚ ਚਲਾਉਣ ਦਾ ਫੈਸਲਾ ਹੋਇਆ ਸੀ, ਪਰ ਗਵਾਹਾਂ ਦੀ ਸਹੂਲਤ ਸੋਚ ਕੇ ਫਾਸਟ ਟਰੈਕ ਕੋਰਟ ਫਰੀਦਕੋਟ ਵਿੱਚ ਬਣਾਈ ਜਾ ਰਹੀ ਹੈ, ਕਿਉਂਕਿ ਨੱਬੇ ਫੀਸਦੀ ਗਵਾਹ ਫਰੀਦਕੋਟ ਜ਼ਿਲ੍ਹੇਵਿੱਚੋਂ ਹਨ।

ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਕਿਹਾ ਕਿ ਬੇਅਦਬੀ ਅਤੇ ਗੋਲੀ ਕਾਂਡ ਦੇ ਕੇਸਾਂ ਦੀ ਸੁਣਵਾਈ ਲਈ ਫਾਸਟ ਟਰੈਕ ਕੋਰਟ ਬਣਾਉਣ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਵਿੱਚ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਫਾਸਟ ਟਰੈਕ ਕੋਰਟ ਲਈ ਲੋੜੀਂਦੀ ਅਦਾਲਤ ਦੀ ਤੁਰੰਤ ਸ਼ਨਾਖਤ ਕਰਨ ਲਈ ਕਿਹਾ ਹੈ।

# ਦਿੱਲੀ ਪੁਲਸ ਵੱਲੋਂ ਪੰਜਾਬ ਅਤੇ ਹਰਿਆਣਾ ਪੁਲਸ ਨੂੰ ਕਿਸਾਨ ਰੋਕਣ ਦੇ ਲਈ ਪੱਤਰ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ਮੌਕੇ ਦਿੱਲੀ ਦੇ ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ ਲਾਪਤਾ ਹੋਏ ਕਿਸਾਨਾਂ ਦੀ ਵਾਪਸੀ ਬਾਰੇ ਕਿਸਾਨ ਸੰਗਠਨਾਂ ਦੇ ਸਖਤ ਰੁਖ਼ ਅਤੇ ਪੀੜਤ ਪਰਵਾਰਾਂ ਦੇ ਦਿੱਲੀ ਕੂਚ ਤੋਂ ਦਿੱਲੀ ਪੁਲਸ ਦੇ ਹੱਥ ਪੈਰ ਫੁੱਲ ਗਏ ਹਨ। ਦਿੱਲੀ ਦੇ ਪੁਲਸ ਕਮਿਸ਼ਨਰ ਨੇ ਪੰਜਾਬ ਅਤੇ ਹਰਿਆਣਾ ਦੇ ਪੁਲਸ ਮੁਖੀਆਂ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਉਹ ਕਿਸਾਨਾਂ ਨੂੰ ਆਪੋ-ਆਪਣੇ ਰਾਜਾਂ ਵਿੱਚ ਰੋਕਣ ਅਤੇ ਦਿੱਲੀ ਨਾ ਆਉਣ ਦੇਣ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਹ ਦਿੱਲੀ ਆਉਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਵੀ ਦੱਸਣ।





ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਦੇ ਡੀ ਜੀ ਪੀਜ਼ ਨੂੰ ਭੇਜੇ ਪੱਤਰ ਵਿੱਚ ਦਿੱਲੀ ਦੇ ਪੁਲਸ ਕਮਿਸ਼ਨਰ ਨੇ ਕਿਹਾ ਹੈ ਕਿ ਦੋਵਾਂ ਰਾਜਾਂ ਤੋਂ ਕਿਸਾਨ ਟਰਾਂਸਪੋਰਟ ਦੇ ਦੂਸਰੇ ਸਾਧਨਾਂ ਦੀ ਵਰਤੋਂ ਕਰ ਕੇ ਦਿੱਲੀ ਪਹੁੰਚ ਰਹੇ ਹਨ। ਕਿਸਾਨਾਂ ਦੇ ਇੱਕ ਗਰੁੱਪ ਨੂੰ ਟਰੇਨ ਉੱਤੇ ਦਿੱਲੀ ਭੇਜਿਆ ਗਿਆ, ਪਰ ਉਸ ਨੂੰ ਰੇਵਾੜੀ ਵੱਲ ਡਾਇਵਰਟ ਕਰ ਦਿੱਤਾ। ਫਿਰ ਕਿਸਾਨਾਂ ਨੇ ਇਥੇ ਟਰੇਨ ਰੋਕ ਲਈ। ਦਿੱਲੀ ਪੁਲਸ ਦੇ ਕਮਿਸ਼ਨਰ ਨੇ ਸ਼ੱਕ ਜ਼ਾਹਰ ਕੀਤਾ ਕਿ ਕਿਸਾਨ ਦੋਬਾਰਾ ਦਿੱਲੀ ਵਿੱਚ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਪ੍ਰਭਾਵਤ ਕਰ ਸਕਦੇ ਹਨ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਉਹ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਆਪਣੇ-ਆਪਣੇ ਸਥਾਨਾਂ ’ਤੇ ਰੱਖਣ ਦਾ ਪ੍ਰਬੰਧ ਕਰਨ।

## ਅਧਿਆਪਕ ਭਰਤੀ ਲਈ ਵਾਇਰਲ ਹੁੰਦੇ ਮੈਸੇਜ਼ ਸਿੱਖਿਆ ਵਿਭਾਗ ਦੇ ਲਈ ਸਿਰਦਰਦ ਬਣੇ

ਲੁਧਿਆਣਾ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਿੱਖਿਆ ਵਿਭਾਗ ਦੇ ਸਰਕਾਰੀ ਸਕੂਲਾਂ ਵਿੱਚ ਨਵਨਿਯੁਕਤ ਹੋਣ ਵਾਲੇ ਅਧਿਆਪਕਾਂ ਨੂੰ ਸਟੇਸ਼ਨ ਦੀ ਚੋਣ ਲਈ ਪਿੱਛਲੇ ਦਿਨਾਂ ਤੋਂ ਇੱਕ ਮੈਸੇਜ਼ ਵੱਡੀ ਪੱਧਰ ਉੱਤੇ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਿਹਾ ਹੈ, ਜਿਸ ਨੂੰ ਵਿਭਾਗ ਨੇ ਇਸ ਨੂੰ ਫਰਜ਼ੀ ਦੱਸਿਆ ਤੇ ਉਮਦੀਵਾਰਾਂ ਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੇ ਅਜਿਹੇ ਮੈਸੇਜ਼ ’ਤੇ ਭਰੋਸਾ ਨਾ ਕਰਨ ਲਈ ਕਿਹਾ ਹੈ।

ਡਾਇਰੈਕਟਰ ਸਿੱਖਿਆ ਭਰਤੀ, ਪੰਜਾਬਨੇ ਜਾਰੀ ਕੀਤੇ ਪਬਲਿਕ ਨੋਟਿਸ ਵਿੱਚ ਕਿਹਾ ਹੈ ਕਿ 6 ਮਾਰਚ 2020 ਨੂੰ 2364 ਈ ਟੀ ਟੀ ਅਧਿਆਪਕਾਂ ਦੇ ਅਹੁਦੇ ਭਰਨ ਦਾ ਵਿਗਿਆਪਨ ਦਿੱਤਾ ਸੀ। ਇਨ੍ਹਾਂ ਬਾਰੇ ਉਮੀਦਵਾਰਾਂ ਨੂੰ ਸਟੇਸ਼ਨ ਚੁਣਨਲਈ ਸੋਸ਼ਲ ਮੀਡੀਆ ’ਤੇ ਇੱਕ ਨੋਟਿਸ ਵਾਇਰਲ ਹੋ ਰਿਹਾ




ਹੈ, ਜੋਵਿਭਾਗ ਨੇ ਜਾਰੀ ਨਹੀਂ ਕੀਤਾ ਤੇ ਨਾ ਵਿਭਾਗ ਦੀ ਵੈਬਸਾਈਟ ’ਤੇ ਦਰਜ ਹੈ। ਵਿਭਾਗ ਨੇ ਉਮੀਦਵਾਰਾਂ ਨੂੰ ਸਟੇਸ਼ਨ ਚੁਣਨਦੇ ਲਈ 18 ਫਰਵਰੀ ਨੂੰ ਨਹੀਂ ਬੁਲਾਇਆ ਅਤੇ ਜਦੋਂ ਵੀ ਵਿਭਾਗ ਵੱਲੋਂ ਸਟੇਸ਼ਨ ਲਈ ਉਮੀਦਵਾਰਾਂ ਨੂੰ ਸੱਦਿਆ ਜਾਵੇਗਾ, ਉਦੋਂ ਉਨ੍ਹਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਪਬਲਿਕ ਨੋਟਿਸ ਦੇ ਰਾਹੀਂ ਸੂਚਿਤ ਕੀਤਾ ਜਾਵੇਗਾ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਉਮੀਦਵਾਰਾਂ ਨੂੰ ਕੇਵਲ ਵਿਭਾਗ ਦੀ ਵੈਬਸਾਈਟ ’ਤੇ ਅਪਲੋਡ ਕੀਤੇ ਗਏ ਪਬਲਿਕ ਨੋਟਿਸ ਅਤੇ ਹੋਰ ਜਾਣਕਾਰੀ ’ਤੇ ਹੀ ਭਰੋਸਾ ਕਰਨਾ ਚਾਹੀਦਾ ਹੈ।

## ਦਿੱਲੀ ਪੁਲਸ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਜੱਗੀ ਨੂੰ ਨਵੀਂ ਪਛਾਣ ਮਿਲੀ

ਰੂੜਕੇ ਕਲਾਂ, 4 ਫਰਵਰੀ (ਪੋਸਟ ਬਿਊਰੋ)- ਦਿੱਲੀ ਦੀ ਟਿਕਰੀ ਹੱਦ ’ਤੇ ਕਿਸਾਨੀ ਘੋਲ ਵਿੱਚ ਗਰੇ ਜ਼ਿਲ੍ਹਾ ਬਰਨਾਲਾ ਦੇ ਪਿੰਡ ਪੰਧੇਰ ਦੇ ਜਗਸੀਰ ਸਿੰਘ ਜੱਗੀ ਨੂੰ ਸੋਸ਼ਲ ਮੀਡੀਆ ਨਾਲ ਦੁਨੀਆ ਵਿੱਚ ਨਵੀਂ ਪਛਾਣ ਮਿਲੀ ਹੈ।

26 ਜਨਵਰੀ ਨੂੰ ਦਿੱਲੀ ਪੁਲਸ ਵੱਲੋਂ ਕੀਤੇ ਲਾਠੀਚਾਰਜ ਸਮੇਂ ਜਗਸੀਰ ਸਿੰਘ ਜੱਗੀ ਦੀ ਦਸਤਾਰ ਲੱਥ ਗਈ ਸੀ। ਸਿਰ ਵਿੱਚੋਂ ਨਿਕਲਦੇ ਖ਼ੂਨ ਦੇ ਬਾਵਜੂਦ ਆਪਣੇ ਕਕਾਰਾਂ ਦੀ ਰਾਖੀ ਕਰਨ ਸਮੇਂ ਉਹ ਹੌਸਲੇ ਵਿੱਚ ਸੀ। ਇਹ ਤਸਵੀਰ ਜਦੋਂ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਤਾਂ ਲੋਕ ਇਸ ਨੂੰ ਤੇਜ਼ੀ ਨਾਲ ਸ਼ੇਅਰ ਕਰ ਕੇ ਨਾਇਕ ਵਜੋਂ ਪੇਸ਼ ਕਰਨ ਲੱਗੇ। ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਅੱਥਰੂਆਂ ਵਾਲੀ ਤਸਵੀਰ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਸਭ ਤੋਂ ਵੱਧ ਵਾਇਰਲ ਹੋਈ ਤਸਵੀਰ ਪੰਧੇਰ ਦੇ ਇਸ ਨੌਜਵਾਨ ਦੀ ਸੀ, ਜਿਸ ਨੇ ਪੰਜਾਬੀਆਂ ਵਿੱਚ ਹੌਸਲਾ ਭਰਿਆ। ਅੱਜ ਉਸ ਦੀ ਬਹਾਦਰੀ ਤੋਂ ਖੁਸ਼ ਪਿੰਡ ਵਾਸੀਆਂ ਨੇ ਉਸ ਦਾ ਸਵਾਗਤ ਕਰਦਿਆਂ ਘਰ ਬਣਾਉਣ ਲਈ ਦਸ ਵਿਸਵੇ ਜ਼ਮੀਨ ਦੇਣ ਦਾ ਐਲਾਨ ਕੀਤਾ ਹੈ। ਦੇਸ਼-ਵਿਦੇਸ਼ ਵਿੱਚ ਬੈਠੇ ਪੰਜਾਬੀਆਂ ਵੱਲੋਂ ਵੀ ਉਸ ਦੀ ਵਿੱਤੀ ਮਦਦ ਕੀਤੀ ਜਾ ਰਹੀ ਹੈ।

ਪੰਧੇਰ ਦੇ ਕਿਸਾਨ ਆਗੂ ਪਰਮਜੀਤ ਸਿੰਘ ਰਾਣਾ ਨੇ ਦੱਸਿਆ ਕਿ ਜਗਸੀਰ ਦੀ ਭਾਵੇਂ ਜ਼ਮੀਨ ਨਹੀਂ ਸੀ, ਪਰ ਉਸ ਕੋਲ ਜ਼ਮੀਰ ਸੀ, ਜਿਸ ਕਰ ਕੇ ਉਹ ਦੋ ਮਹੀਨੇ ਤੋਂ ਕਿਸਾਨ ਸੰਘਰਸ਼ ਨਾਲ ਜੁੜਿਆ ਰਿਹਾ ਸੀ। ਉਸ ਨੇ ਪਿੰਡ ਦਾ ਨਾਂਅ ਦੁਨੀਆ ਤੱਕ ਪਹੁੰਚਾਇਆ ਹੈ, ਜਿਸ ’ਤੇ ਪੂਰੇ ਪਿੰਡ ਨੂੰ ਮਾਣ ਹੈ।ਨੌਜਵਾਨ ਅਕਾਲੀ ਆਗੂ ਵਿੰਨਰਜੀਤ ਸਿੰਘ ਖਡਿਆਲ ਨੇ ਬੀਤੀ 26 ਜਨਵਰੀ ਨੂੰ ਟਰੈਕਟਰ ਪਰੇਡ ਦੌਰਾਨ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਏ ਜੱਗੀ ਪੰਧੇਰ ਨੂੰ ਘਰ ਬਣਾ ਕੇ ਦੇਣ ਦੀ ਪਹਿਲ ਕੀਤੀ ਹੈ। ਉਸ ਨੇ ਕਿਹਾ ਕਿ ਜੱਗੀ ਬਾਬਾ ਕੋਲ ਖੇਤੀਬਾੜੀ ਲਈ ਜ਼ਮੀਨ ਤਾਂ ਕੀ, ਰਹਿਣ ਲਈ ਛੱਤ ਵੀ ਨਹੀਂ ਸੀ, ਪਰ ਉਸ ਦੇ ਹੌਸਲੇ ਅਤੇ ਜਜ਼ਬੇ ਦੀ ਮਿਸਾਲ ਪੂਰੀ ਦੁਨੀਆ ਵਿੱਚ ਗੂੰਜ ਰਹੀ ਹੈ।

## ਟਿਕਰੀ ਬਾਰਡਰ ਉੱਤੇ ਦੋ ਹੋਰ ਕਿਸਾਨਾਂ ਦੀ ਮੌਤ

ਅਮਰਗੜ੍ਹ, 4 ਫਰਵਰੀ (ਪੋਸਟ ਬਿਊਰੋ)- ਟਿਕਰੀ ਬਾਰਡਰ ਦਿੱਲੀ ਵਿਖੇ ਕੱਲ੍ਹ ਰਾਤ 31 ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਬਾਰੇ ਸਾਬਕਾ ਸਰਪੰਚ ਜਤਿੰਦਰ ਸਿੰਘ ਹੈਪੀ ਨੇ ਦੱਸਿਆ ਕਿ ਪਿੰਡ ਰਾਮਪੁਰ ਛੰਨਾ ਦਾ ਸੰਦੀਪ ਕੁਮਾਰ ਪੁੱਤਰ ਰਾਮ ਲਾਲ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨਾਲ ਜੁੜਿਆ ਹੋਇਆ ਸੀ ਤੇ 1 ਫਰਵਰੀ ਨੂੰ ਪਿੰਡ ਦੇ ਲੋਕਾਂ ਨਾਲ ਦਿੱਲੀ ਗਿਆ ਸੀ। 1-2 ਫਰਵਰੀ ਦੀ ਰਾਤ ਸਵੇਰੇ ਕਰੀਬ 1 ਵਜੇ ਉਸ ਨੂੰ ਦਿਲ ਦਾ ਦੌਰਾ ਪਿਆ ਤਾਂ ਉਸ ਨੂੰ ਬਹਾਦਰਗੜ੍ਹ ਦੇ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ।

ਇਸੇ ਤਰ੍ਹਾਂ ਚੀਮਾ ਮੰਡੀ ਦਾ ਕਿਸਾਨ ਗੁਰਜੰਟ ਸਿੰਘ ਪੁੱਤਰ ਵਿਸਾਖਾ ਸਿੰਘ (60) ਦਿੱਲੀ ਦੇ ਟਿਕਰੀ ਬਾਰਡਰ ’ਤੇ ਸੰਘਰਸ਼ ਦੌਰਾਨ ਗੁਜ਼ਰ ਹੋ ਗਿਆ। ਇਹ ਕਿਸਾਨ ਪਿਛਲੇ ਕਾਫ਼ੀ ਦਿਨਾਂ ਤੋਂ ਦਿੱਲੀ ਸੰਘਰਸ਼ ਵਿੱਚ ਸੀ ਜਿਸ ਦੀ ਕਿ ਟਿਕਰੀ ਬਾਰਡਰ ’ਤੇ ਠੰਢ ਲੱਗਣ ਕਾਰਨ ਮੌਤ ਹੋਈ ਹੈ। ਗੁਰਜੰਟ ਸਿੰਘ ਅਣਵਿਆਹਿਆ ਸੀ ਅਤੇ ਉਸ ਦੇ ਕੋਲ ਪੌਣੇ ਦੋ ਏਕੜ ਜ਼ਮੀਨ ਸੀ, ਜਿਸ ਦੀ ਵਸੀਅਤ ਉਸ ਨੇ ਆਪਣੇ ਭਤੀਜੇ ਦੇ ਨਾਂਅ ਕਰਵਾਈ ਹੋਈ ਸੀ।





# 26 ਜਨਵਰੀ ਹਿੰਸਾ; ਦੀਪ ਸਿੱਧੂ ਸਣੇ ਚਾਰ ਜਣਿਆਂ ਦੇ ਖਿਲਾਫ ਇੱਕ-ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ’ਤੇ ਕਿਸਾਨ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹੇ ਵਿੱਚ ਵਾਪਰੀ ਘਟਨਾ ਬਾਰੇ ਦਿੱਲੀ ਪਲਸ ਨੇ ਗਾਇਕ ਦੀਪ ਸਿੱਧੂ, ਜੁਗਰਾਜ ਸਿੰਘ ਤੇ ਦੋ ਹੋਰਨਾਂ ਦੀ ਜਾਣਕਾਰੀ ਦੇਣ ਵਾਲੇ ਲਈ ਇੱਕ-ਇੱਕ ਲੱਖ ਰੁਪਏ ਇਨਾਮ ਐਲਾਨਿਆ ਅਤੇ ਲੋਕਾਂ ਨੂੰ ਉਕਸਾਉਣ ਵਾਲੇ ਜੱਜਬੀਰ ਸਿੰਘ, ਬੂਟਾ ਸਿੰਘ, ਸੁਖਦੇਵ ਸਿੰਘ ਤੇ ਇਕਬਾਲ ਸਿੰਘ ਦੀ ਸੂਹ ਦੇਣ ਵਾਲੇ ਲਈ 50-50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੈ। ਪੁਲਸ ਨੇ ਦੱਸਿਆ ਕਿ ਦੀਪ ਸਿੱਧੂ, ਜੁਗਰਾਜ ਸਿੰਘ, ਗੁਰਜੋਤ ਸਿੰਘ ਤੇ ਗੁਰਜੰਟ ਸਿੰਘ ’ਤੇ ਇੱਕ-ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਹੈ, ਉਨ੍ਹਾਂ ਦੀ ਪਛਾਣ ਸੀ ਸੀ ਟੀ ਵੀ ਕੈਮਰਿਆਂ ਤੇ ਵੀਡੀਓ ਕਲਿੱਪਾਂ ਰਾਹੀਂ ਕੀਤੀ ਗਈ।

ਪੁਲਸ ਦੇ ਮੁਤਾਬਕ ਦੀਪ ਸਿੱਧੂ ਤੇ ਹੋਰਨਾਂ ਦੀ ਤਲਾਸ਼ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਪੁਲਸ ਨੇ ਇਸ ਸਬੰਧੀ 44 ਕੇਸ ਦਰਜ ਕਰ ਕੇ ਕਿਸਾਨ ਯੂਨੀਅਨਾਂ ਦੇ ਕੁਝ ਆਗੂਆਂ ਸਮੇਤ ਕਈ ਲੋਕਾਂ ਨੂੰ ਨਾਮਜ਼ਦ ਕੀਤਾ ਹੈ।



ਵਰਣਨ ਯੋਗ ਹੈ ਕਿ ਲਾਲ ਕਿਲ੍ਹੇ ਦੀ ਘਟਨਾ ਮਗਰੋਂ ਦੀਪ ਸਿੱਧੂ ਦਾ ਵੀਡੀਓ ਆਇਆ ਸੀ, ਜਿਸ ਵਿੱਚ ਉਹ ਲਾਲ ਕਿਲ੍ਹੇ ਦੀ ਫਸੀਲ ਉਪਰੋਂ ‘ਲਾਈਵ’ ਹੋਇਆ ਸੀ। ਜੁਗਰਾਜ ਸਿੰਘ ’ਤੇ ਦੋਸ਼ ਹੈ ਕਿ ਉਸ ਨੇ ਤਿਰੰਗਾ ਝੰਡਾ ਲਹਿਰਾਉਣ ਵਾਲੇ ਡੰਡੇ (ਫਲੈਗ ਪੋਲ) ’ਤੇ ਕੇਸਰੀ ਨਿਸ਼ਾਨ ਲਹਿਰਾਇਆ ਸੀ। ਪੁਲਸ ਨੇ ਦੱਸਿਆ ਕਿ ਲਾਲ ਕਿਲ੍ਹੇ ’ਤੇ ਹੰਗਾਮੇ ਤੇ ਨਿਸ਼ਾਨ ਸਾਹਿਬ ਲਹਿਰਾਉਣ ਦੇ ਮਾਮਲੇ ਵਿੱਚ ਇਨ੍ਹਾਂ ਦੀ ਭਾਲ ਹੈ। ਜਾਣਕਾਰ ਸੂਤਰਾਂ ਅਨੁਸਾਰ 26 ਜਨਵਰੀ ਨੂੰ ਲਾਲ ਕਿਲ੍ਹੇ ’ਤੇ ਹੋਈ ਹਿੰਸਾ ਦੇ ਮਾਮਲੇ ਵਿੱਚ ਧਰਮਿੰਦਰ ਸਿੰਘ ਹਰਮਨ ਨਾਂਅ ਦੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ।

# ਵਾਟਸਐਪ ਦੀ ਨਵੀਂ ਪ੍ਰਾਇਵੇਸੀ ਪਾਲਿਸੀ ਉਤੇ ਹਾਈ ਕੋਰਟ ਨੇ ਕੇਂਦਰ ਕੋਲੋਂ ਜਵਾਬ ਮੰਗਿਆ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਵਾਟਸਐਪ ਦੀ ਨਵੀਂ ਪ੍ਰਾਈਵੇਸੀ ਨੀਤੀ ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ ’ਤੇ ਕੱਲ੍ਹ ਕੇਂਦਰ ਕੋਲੋਂ ਜਵਾਬ ਮੰਗਿਆ।

ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜੋਤੀ ਸਿੰਘ ਦੀ ਬੈਂਚ ਨੇ ਪਟੀਸ਼ਨ ਉੱਤੇ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਨਾਲ ਵਾਟਸਐਪ ਨੂੰ ਵੀ ਨੋਟਿਸ ਜਾਰੀ ਕਰ ਕੇ ਮਾਰਚ ਤੱਕ ਜਵਾਬ ਦੇਣ ਨੂੰ ਕਿਹਾ ਹੈ। ਪਟੀਸ਼ਨਕਰਤਾ ਸੀਮਾ ਸਿੰਘ, ਮੇਘਾ ਸਿੰਘ, ਵਿਕਰਮ ਸਿੰਘ ਨੇ ਦਲੀਲ ਦਿੱਤੀ ਕਿ ਨਵੀਂ ਪ੍ਰਾਈਵੇਸੀ ਨੀਤੀ, ਭਾਰਤੀ ਡੇਟਾ ਸੁਰੱਖਿਆ ਅਤੇ ਪ੍ਰਾਈਵੇਸੀ ਕਾਨੂੰਨਾਂ ਵਿੱਚ ਖ਼ਾਮੀਆਂ ਦਾ ਸੰਕੇਤ ਦਿੰਦੀ ਹੈ। ਉਨ੍ਹਾਂ ਨੇ ਅਦਾਲਤ ਵਿੱਚ ਕਿਹਾ ਕਿ ਇੰਸਟੈਂਟ ਮੈਸੇਜਿੰਗ ਐਪ ਦੀ ਵਰਤੋਂ ਕਰਦੇ ਲੋਕਾਂ ਨੂੰ ਆਪਣੀਆਂ ਨਿੱਜੀ ਸੂਚਨਾਵਾਂ ਉਸ ਦੀ ਮੂਲ ਕੰਪਨੀ ਫੇਸਬੁਕ ਜਾਂ ਉਸ ਦੀਆਂ ਦੂਸਰੀਆਂ ਕੰਪਨੀਆਂ ਦੇ ਨਾਲ ਸਾਂਝੀਆਂ ਨਾ ਕਰਨ ਦਾ ਬਦਲ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਮੰਤਰਾਲੇ ਨੂੰ ਇਹ ਨਿਰਦੇਸ਼ ਦੇਣ ਦੀ ਅਪੀਲ ਕੀਤੀ ਕਿ ਦੇਸ਼ ਵਿੱਚ ਕੰਮ ਕਰਦੇ ਸਾਰੇ ਐਪ ਅਤੇ ਸੰਗਠਨਾਂ ਤੋਂ ਨਾਗਰਿਕਤਾ ਦੀ ਪ੍ਰਾਈਵੇਸੀ ਦੀ ਰਾਖੀ ਲਈ ਦਿਸ਼ਾ ਨਿਰਦੇਸ਼ ਅਤੇ ਨਿਯਮ ਬਣਾਏ ਜਾਣ। ਮੰਤਰਾਲੇ ਵੱਲੋਂ ਪੇਸ਼ ਐਡੀਸ਼ਨਲ ਸਾਲੀਸਿਟਰ ਜਨਰਲ ਚੇਤਨ ਸ਼ਰਮਾ ਨੇ ਕਿਹਾ ਕਿ ਅਜਿਹਾ ਕੇਸ ਸਿੰਗਲ ਜੱਜ ਦੀ ਬੈਂਚ ਕੋਲ ਵੀ ਵਿਚਾਰ ਅਧੀਨ ਹੈ ਤੇ ਉਥੇ ਸਰਕਾਰ ਕਹਿ ਚੁੱਕੀ ਹੈ ਕਿ ਉਹ ਇਸ ਮੁੱਦੇ ’ਤੇ ਗੌਰ ਕਰ ਰਹੀ ਹੈ। ਇਸ ਸਬੰਧ ਵਿੱਚ ਵਾਟਸਐਪ ਤੋਂ ਸੂਚਨਾਵਾਂ ਵੀ ਮੰਗੀਆਂ ਹਨ।

# ਹੈਕਰ ਗਰੁੱਪ ਦਾ ਦਾਅਵਾ; ਏਅਰਟੈਲ ਯੂਜ਼ਰਸ ਦੇ 26 ਲੱਖ ਫੋਨ ਅਤੇ ਆਧਾਰ ਨੰਬਰ ਲੀਕ



ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਏਅਰਟੈਲ ਯੂਜ਼ਰਸ ਦੀ ਸੁਰੱਖਿਆ ’ਚ ਖਾਮੀ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ। ਰੈਡ ਰੈਬਿਟ ਟੀਮ ਨਾਂ ਦੇ ਹੈਕਰਜ਼ ਨੇ ਇਹ ਦਾਅਵਾ ਕੀਤਾ ਹੈ ਕਿ ਲੱਖਾਂ ਏਅਰਟੈਲ ਯੂਜ਼ਰਸ ਦੇ ਮੋਬਾਈਲ ਨੰਬਰ ਆਨਲਾਈਨ ਲੀਕ ਹੋ ਗਏ ਹਨ। ਇਨ੍ਹਾਂ ’ਚ ਯੂਜ਼ਰਸ ਦੀ ਨਿੱਜੀ ਜਾਣਕਾਰੀ, ਜਿਵੇਂ ਆਧਾਰ ਨੰਬਰ ਤੇ ਪਤੇਆਦਿ ਸ਼ਾਮਲ ਹਨ। ਹੈਕਰਾਂਨੇ 26 ਲੱਖ ਏਅਰਟੈਲ ਯੂਜ਼ਰਸ ਦਾ ਡੈਟਾ ਲੀਕ ਕਰ ਕੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਪੂਰੇ ਦੇਸ਼ ਦੇ ਏਅਰਟੈਲ ਯੂਜ਼ਰਸ ਦੀ ਨਿੱਜੀ ਜਾਣਕਾਰੀ ਹੈ, ਜਿਨ੍ਹਾਂ ਨੂੰ ਉਨ੍ਹਾਂ ਦਾ ਗਰੁੱਪ ਵੇਚਣਾ ਚਾਹੁੰਦਾ ਹੈ, ਪਰ ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਇਹ ਹੈਕਰਜ਼ ਗਰੁੱਪ ਕਿਸ ਦੇਸ਼ ਵਿੱਚੋਂ ਚੱਲਦਾ ਹੈ।

ਇਹ ਜਾਣਕਾਰੀ ਇੰਟਰਨੈਟ ਸਕਿਓਰਿਟੀ ਰਿਸਰਚਰ ਰਾਜਸ਼ੇਖਰ ਰਾਜ਼ਾਹਰੀਆ ਨੇ ਟਵੀਟ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨਾਲ ਗੱਲਬਾਤ ਕਰਕੇ ਇਸ ਬਾਰੇ ਹੋਰ ਜਾਣਕਾਰੀ ਮੰਗੀ ਗਈ ਹੈ। ਉਨ੍ਹਾਂ ਮੁਤਾਬਕ ਹੈਕਰਜ਼ ਨੇ ਏਅਰਟੈਲ ਸਕਿਓਰਿਟੀ ਟੀਮ ਨਾਲ ਵੀ ਗੱਲ ਕੀਤੀ ਸੀ। ਕੰਪਨੀ ਨੂੰ ਬਲੈਕਮੇਲ ਕਰ ਕੇ ਬਿਟਕੁਆਇਨ ’ਚ 3500 ਡਾਲਰ ਲੈਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਸ਼ਾਇਦ ਇਸ ’ਚ ਅਸਫਲ ਹੋਣ ਤੋਂ ਬਾਅਦ ਉਨ੍ਹਾਂ ਨੇ ਇਨ੍ਹਾਂ ਡਾਟਿਆਂ ਨੂੰ ਵੈਬ ’ਤੇ ਲੀਕ ਕਰ ਕੇ ਵਿਕਰੀ ਲਈ ਵੈਬਸਾਈਟ ਬਣਾ ਕੇ ਯੂਜ਼ਰ ਡਿਟੇਲਸ ਨੂੰ ਸੈਂਪਲ ਵਜੋਂ ਪਾ ਦਿੱਤਾ।

ਜੇ ਅਜਿਹਾ ਕੋਈ ਲੀਕੇਜਹੁੰਦਾ ਹੈ ਤਾਂ ਇਹ ਏਅਰਟੈਲ ਦੇ ਅਨਸਿਕਿਓਰ ਡੈਟਾਬੇਸ ਤੋਂ ਠੀਕ ਹੋ ਸਕਦਾ ਹੈ। ਇਹ ਵੀ ਸੰਭਵ ਹੈ ਕਿ ਸਰਕਾਰੀ ਏਜੰਸੀਆਂ ਜੋ ਸਕਿਓਰਿਟੀ ਕਾਰਨਾਂ ਲਈ ਟੈਲੀਕਾਮ ਡੈਟਾ ਰੱਖਦੀਆਂ ਹਨ, ਉਥੋਂ ਇਹ ਲੀਕ ਹੋਇਆ ਹੋਵੇ। ਇਸ ਦੀ ਸੰਭਾਵਨਾ ਇਸ ਲਈ ਹੈ ਕਿ ਲੀਕ ਡੈਟੇਸਬੰਧੀ 26 ਲੱਖ ਦੇ ਗ੍ਰਾਹਕਾਂ ਦੀ ਗਿਣਤੀ ਜੰਮੂ ਅਤੇ ਕਸ਼ਮੀਰ ’ਚ ਹੈ। ਇਸ ’ਚ ਏਅਰਟੈਲ ਤੋਂ ਕੀ ਗਲਤੀ ਹੋਈ, ਇਹ ਕਹਿ ਸਕਣਾ ਔਖਾ ਹੈ। ਜਿਸ ਵੈਬਸਾਈਟ ’ਤੇ ਇਸ ਡੈਟੇ ਨੂੰ ਪਾਇਆ ਗਿਆ ਹੈ, ਉਸ ਨੂੰ ਕੱਲ੍ਹ ਬੰਦ ਕਰ ਦਿੱਤਾ ਗਿਆ ਹੈ।

ਇਸ ਡਾਟਾ ਲੀਕ ਦੀ ਖਬਰ ਤੋਂ ਬਾਅਦ ਏਅਰਟੈਲ ਨੇ ਕਿਹਾ ਕਿ ਕੰਪਨੀ ਆਪਣੇ ਯੂਜ਼ਰਸ ਦੀ ਪ੍ਰਾਈਵੇਸੀ ਬਾਰੇ ਵਚਨਬੱਧ ਹੈ। ਇਸ ਬਾਰੇ ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਕੰਪਨੀ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਡਾਟਾ ਲੀਕ ਨਹੀਂ ਹੋਇਆ ਹੈ।ਏਅਰਟੈਲ ਨੇ ਕਿਹਾ ਕਿ ਹੈਕਰਜ਼ ਗਰੁੱਪ ਦਾ ਦਾਅਵਾ ਪੂਰੀ ਤਰ੍ਹਾਂ ਸਹੀ ਨਹੀਂ, ਕਿਉਂਕਿ ਇਸ ਡੈਟੇ ਦਾ ਜ਼ਿਆਦਾਤਰ ਹਿੱਸਾ ਏਅਰਟੈਲ ਦਾ ਹੈ ਹੀ ਨਹੀਂ। ਕੰਪਨੀ ਮੁਤਾਬਕ ਇਸ ਮਾਮਲੇ ਵਿੱਚ ਅਥਾਰਿਟੀਜ਼ ਨੂੰ ਦੱਸ ਦਿੱਤਾ ਗਿਆ ਹੈ।

## ਗਣਤੰਤਰ ਦਿਵਸ ਹਿੰਸਾ ਕੇਸ:

# ਹਾਈ ਕੋਰਟ ਵੱਲੋਂ ਕੇਂਦਰ ਸਰਕਾਰ ਅਤੇ ਪੁਲਸ ਨੂੰ ਕਾਨੂੰਨ ਦੇ ਮੁਤਾਬਕ ਕਾਰਵਾਈ ਦੇ ਨਿਰਦੇਸ਼

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਤੇ ਪੁਲਸ ਨੂੰ ਗਣਤੰਤਰ ਦਿਵਸ ਮੌਕੇ ਕੌਮੀ ਰਾਜਧਾਨੀ ’ਚ ਹੋਈ ਹਿੰਸਾ ਦੇ ਬਾਰੇ ਦਰਜ ਸ਼ਿਕਾਇਤ ਵਿੱਚ ਕਾਨੂੰਨ ਅਨੁਸਾਰ ਕਾਰਵਾਈ ਕਰਨ ਨੂੰ ਕਿਹਾ ਹੈ। ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜਯੋਤੀ ਸਿੰਘ ਦੇ ਬੈਂਚ ਨੇ ਗਣਤੰਤਰ ਦਿਵਸ ਮੌਕੇ ਹੋਏ ਪ੍ਰਦਰਸ਼ਨਾਂ ਦੇ ਸਿਲਸਿਲੇ ਵਿੱਚ 26 ਜਨਵਰੀ ਨੂੰ ਪੁਲਸ ਵੱਲੋਂ ਨਾਜਾਇਜ਼ ਹਿਰਾਸਤ ਵਿੱਚ ਰੱਖੇ ਲੋਕਾਂ ਨੂੰ ਤੁਰੰਤ ਛੱਡਣ ਦੀ ਅਪੀਲ ਕਰਨ ਵਾਲੀ ਇੱਕ ਲੋਕ ਹਿੱਤ ਪਟੀਸ਼ਨ ਰੱਦ ਕਰਦਿਆਂ ਇਹ ਨਿਰਦੇਸ਼ ਜਾਰੀ ਕੀਤੇ ਹਨ।



ਇਸ ਮੌਕੇ ਅਦਾਲਤ ਨੇ ਅਪੀਲ ਰੱਦ ਕਰਦਿਆਂ ਕਿਹਾ ਕਿ ਇਹਪਟੀਸ਼ਨ ਪ੍ਰਚਾਰ ਹਾਸਲ ਕਰਨ ਦੇ ਮਕਸਦ ਨਾਲ ਦਾਇਰ ਕੀਤੀ ਜਾਪਦੀ ਹੈ। ਕਾਨੂੰਨ ਦੇ ਵਿਦਿਆਰਥੀ ਨੇ ਆਪਣੀ ਪਟੀਸ਼ਨ ’ਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਖਬਰਾਂ ਤੇ ਸਮਾਜਕ ਕਾਰਕੁੰਨਾਂ ਤੋਂ ਪਤਾ ਲੱਗਾ ਹੈ ਕਿ ਲੋਕਾਂ ਨੂੰ ਸਿੰਘੂ, ਗਾਜ਼ੀਆਬਾਦ ਤੇ ਟਿਕਰੀ ਬਾਰਡਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਹਰਮਨਪ੍ਰੀਤ ਸਿੰਘ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਦਿੱਲੀ ਪੁਲਸ ਨੇ 27 ਜਨਵਰੀ ਨੂੰ ਦੱਸਿਆ ਸੀ ਕਿ ਉਸ ਨੇ ਕੌਮੀ ਰਾਜਧਾਨੀ ਵਿੱਚ ਗਣਤੰਤਰ ਦਿਵਸ ਮੌਕੇ ਹੋਏ ਹਿੰਸਾ ਲਈ 200 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ 22 ਕੇਸ ਦਰਜ ਕੀਤੇ ਹਨ। ਇਹ ਪਟੀਸ਼ਨ ਐਡਵੋਕੇਟ ਆਸ਼ਿਮਾ ਮੰਡਲਾ ਤੇ ਮੰਦਾਕਿਨੀ ਸਿੰਘ ਨੇ ਦਾਇਰ ਕੀਤੀ ਸੀ।

# ਸਿੰਘੂ ਬਾਰਡਰ ਤੋਂ ਫੜੇ ਗਏ ਪੱਤਰਕਾਰ ਮਨਦੀਪ ਪੂਨੀਆ ਨੂੰ ਜ਼ਮਾਨਤ ਮਿਲੀ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)-ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਦੀ ਰਿਪੋਰਟਿੰਗ’ਤੇ ਗ੍ਰਿਫਤਾਰ ਕੀਤੇ ਗਏ ਪੱਤਰਕਾਰ ਮਨਦੀਪ ਪੂਨੀਆ ਨੂੰ ਰੋਹਿਣੀ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਮਨਦੀਪ ਨੂੰ ਅਦਾਲਤ ਨੇ 25 ਹਜ਼ਾਰ ਰੁਪਏ ਦੇ ਨਿੱਜੀ ਮੁਚਲਕੇ ’ਤੇ ਜ਼ਮਾਨਤ ਦੇਂਦੇ ਹੋਏ ਕਿਹਾ ਕਿ ਜ਼ਮਾਨਤ ਇੱਕ ਨਿਯਮ ਮੁਤਾਬਕ ਹੈ।

ਵਰਨਣ ਯੋਗ ਹੈ ਕਿ ਪੁਲਸ ਨੇ ਮਨਦੀਪ ਪੂਨੀਆ ਨੂੰ ਸਿੰਘੂ ਸਰਹੱਦ ਉਤੇ ਪ੍ਰਦਰਸ਼ਨ ਵਾਲੀ ਜਗ੍ਹਾ ਤੋਂ ਗ੍ਰਿਫ਼ਤਾਰ ਕੀਤਾ ਸੀ, ਜਿੱਥੇ ਕਿਸਾਨ ਕੇਂਦਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ। ਪੁਲਸ ਨੇ ਪੂਨੀਆ ਨੂੰ ਵੱਖ-ਵੱਖ ਧਾਰਾਵਾਂ ਹੇਠ ਦਰਜ ਕੀਤੀ ਸ਼ਿਕਾਇਤ ਦੇ ਅਧਾਰ



’ਤੇ ਗ੍ਰਿਫ਼ਤਾਰ ਕੀਤਾ ਸੀ। ਆਪਣੇ ਪਤੀ ਦੀ ਜ਼ਮਾਨਤ ’ਤੇ ਮਨਦੀਪ ਦੀ ਪਤਨੀ ਲੀਨਾ ਨੇ ਕਿਹਾ, “ਮੈਂ ਖੁਸ਼ ਹਾਂ, ਤਸੱਲੀ ’ਚ ਹਾਂ ਕਿ ਉਹ ਜਲਦੀ ਬਾਹਰ ਆ ਜਾਣਗੇ। ਮੈਂ ਖੁਦ ਨੂੰ ਖ਼ੁਸ਼ਕਿਸਮਤ ਮੰਨਦੀ ਹਾਂ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੇ ਮਨਦੀਪ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਹੈ।”

# ਆਮ ਆਦਮੀ ਪਾਰਟੀ ਦੇ ਐਮ ਪੀ ਸੰਜੇ ਸਿੰਘ ਨੂੰ ਸੁਪਰੀਮ ਕੋਰਟ ਤੋਂ ਕੁਝ ਕੁ ਰਾਹਤ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੰਜੇ ਸਿੰਘ ਦੀ ਅਪੀਲ ’ਤੇ ਕੱਲ੍ਹ ਸੁਪਰੀਮ ਕੋਰਟ ਨੇ ਪੂਰੀ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਲਖਨਊ ਵਿੱਚ ਦਰਜ ਇੱਕ ਕੇਸ ਦੇ ਆਧਾਰ ’ਤੇ ਜਾਰੀ ਗੈਰ ਜ਼ਮਾਨਤੀ ਵਾਰੰਟ ’ਤੇ ਗ੍ਰਿਫਤਾਰੀ ਤੋਂ ਉਨ੍ਹਾਂ ਨੇ ਸੁਰੱਖਿਆ ਮੰਗੀ ਸੀ।

ਵਰਨਣ ਯੋਗ ਹੈ ਕਿ ਸੰਜੇ ਸਿੰਘ ਨੇ ਪਿਛਲੇ ਸਾਲ 12 ਅਗਸਤ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਉੱਤਰ ਪ੍ਰਦੇਸ਼ ਦੀ ਸਰਕਾਰ ’ਤੇ ਸਮਾਜ ਦੇ ਇੱਕ ਵਿਸ਼ੇਸ਼ ਵਰਗ ਦਾ ਸਮਰਥਨ ਕਰਨ ਸਮੇਤ ਕਈ ਦੋਸ਼ ਲਗਾਏ ਸਨ। ਇਨ੍ਹਾਂ ਦੋਸ਼ਾਂ ’ਤੇ ਉਨ੍ਹਾਂ ਦੇ ਖਿਲਾਫ ਲਖਨਊ ਵਿੱਚ ਕੇਸ ਦਰਜ ਕੀਤਾ ਗਿਆ ਸੀ। ਸੰਜੇ ਸਿੰਘ ਨੇ ਯੂ ਪੀ ਦੇ ਕਈ ਜ਼ਿਲ੍ਹਿਆਂ ਵਿੱਚ ਦਰਜ ਕੇਸ ਰੱਦ ਕਰਨ ਦੀ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ। ਉਨ੍ਹਾਂ ਖਿਲਾਫ ਦੇਸ਼ ਧਰੋਹ ਤੱਕ ਦੀ ਸ਼ਿਕਾਇਤ ਦਰਜ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਕੇਸ ਸਿਆਸੀ ਬਦਲੇ ਦੀ ਭਾਵਨਾ ਹੇਠ ਦਰਜ ਕੀਤੇ ਗਏ ਹਨ। ਆਪਣੀ ਪਟੀਸ਼ਨ ’ਚ ਸੰਜੇ ਸਿੰਘ ਨੇ ਇਲਾਹਾਬਾਦ ਹਾਈ ਕੋਰਟ ਦੇ 21



ਜਨਵਰੀ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਹਾਈ ਕੋਰਟ ਨੇ ਲਖਨਊ ਵਿੱਚ ਉਨ੍ਹਾਂ ਖਿਲਾਫ ਦਰਜ ਕੇਸ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਕੱਲ੍ਹ ਇਸ ਦੀ ਸੁਣਵਾਈ ਜਸਟਿਸ ਅਸ਼ੋਕ ਬੂਸ਼ਣ ਤੇ ਜਸਟਿਸ ਆਰ ਐਸ ਰੈਡੀ ਦੇ ਬੈਂਚ ਕੀਤੀ ਤੇ ਕਿਹਾ ਕਿ ਉਹ ਹਾਈ ਕੋਰਟ ਦੇ ਹੁਕਮ ਵੇਖੇ ਬਗੈਰ ਕੋਈ ਹੁਕਮ ਪਾਸ ਨਹੀਂ ਕਰਨਗੇ। ਬੈਂਚ ਨੇ ਸੰਜੇ ਸਿੰਘ ਦੇ ਵਕੀਲ ਨੂੰ ਕਿਹਾ ਕਿ ਉਹ ਹਾਈ ਕੋਰਟ ਦੇ ਫੈਸਲੇ ਦੀ ਨਕਲ ਲਿਆ ਕੇ ਦੇਣ। ਰਾਹਤ ਦੀ ਗੱਲ ’ਤੇ ਕੋਰਟ ਨੇ ਕਿਹਾ ਕਿ ਉਹ ਮਾਮਲੇ ਦੀ ਸੁਣਵਾਈ ਕਰ ਰਹੀ ਹੇਠਲੀ ਅਦਾਲਤ ਦੇ ਜੱਜਾਂਨੂੰ ਪੇਸ਼ੀ ਤੋਂ ਛੋਟ ਦੀ ਅਪੀਲ ਕਰ ਸਕਦੇ ਹਨ। ਬੈਂਚ ਨੇ ਸੰਜੇ ਸਿੰਘ ਦੀ ਪਟੀਸ਼ਨ ’ਤੇ ਫਿਲਹਾਲ ਕੋਈ ਵੀ ਨੋਟਿਸ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਮਾਮਲਾ ਅੱਗੇ ਸੁਣਵਾਈ ਲਈ ਟਾਲ ਦਿੱਤਾ।

# ਡਾਕਟਰਾਂ ਦਾ ਦਾਅਵਾ; ਜੈਪੁਰ ਦੀ ਹਿਨਾ ਦਾ ਖ਼ੂਨ ਸਫੈਦ, ਲੱਖਾਂ ਬੱਚਿਆਂ ਵਿੱਚੋਂ ਕਿਸੇ ਇੱਕ ’ਚ ਏਦਾਂ ਹੁੰਦੈ

ਜੈਪੁਰ, 4 ਫਰਵਰੀ (ਪੋਸਟ ਬਿਊਰੋ)- ਇੱਕ ਬੱਚੀ ਵਿੱਚ ਸਫੈਦ ਖ਼ੂਨ ਮਿਲਣ ’ਤੇ ਡਾਕਟਰ ਹੈਰਾਨ ਹਨ। ਰਾਜਸਥਾਨ ਦੇ ਜੈਪੁਰ ਵਿੱਚ ਜੇ ਕੇ ਲੋਨ ਹਸਪਤਾਲ ਦੀ ਰੇਅਰ ਡਿਜੀਜ ਯੂਨਿਟ ਵਿੱਚ ਤਿੰਨ ਮਹੀਨੇ ਦੀ ਬੱਚੀ ਹਿਨਾ ਦੇ ਖ਼ੂਨ ਦਾ ਰੰਗ ਜਾਂਚ ਵਿੱਚ ਸਫੈਦ ਮਿਲਿਆ ਹੈ। ਉਸ ਵਿੱਚ ਕੋਲੈਸਟਰੋਲ ਅਤੇ ਟ੍ਰਾਇਗਲਸਿਰਾਈਡ ਦੀ ਮਾਤਰਾ ਵੱਧ ਨਿਕਲੀ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਇਸ ਸਰਕਾਰੀ ਹਸਪਤਾਲ ਵਿੱਚ ਘੱਟ ਉਮਰ ਦੀ ਬੱਚੀ ਵਿੱਚ ਲਾਲ ਦੀ ਥਾਂ ਸਫੈਦ ਖ਼ੂਨ ਦਾ ਇਹ ਪਹਿਲਾ ਕੇਸ ਹੈ। ਮੈਡੀਕਲ ਭਾਸ਼ਾ ਵਿੱਚ ਇਸ ਨੂੰ ‘ਡਿਸਲਿਪੇਡੇਮੀਆ ਵਿਦ ਹੀਮੋਲਾਈਟਿਕ ਐਨੀਮੀਆ’ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਘੱਟ ਉਮਰ ਦੇ ਲੱਖਾਂ ਬੱਚਿਆਂ ਵਿੱਚ ਅਜਿਹਾ ਕਿਸੇ ਇੱਕ ਵਿੱਚ ਇਹ ਰੋਗ ਪਾਇਆ ਜਾਂਦਾ ਹੈ। ਹਿਨਾ ਦੀ ਕੇਸ ਸਟੱਡੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਜੌਰਨਲ ਵਿੱਚ ਛਪਣ ਲਈਭੇਜੀ ਜਾਏਗੀ।

ਜੇ ਕੇ ਲੋਨ ਹਸਪਤਾਲ ਦੇ ਬੱਚਿਆਂ ਦੇ ਰੋਗਾਂ ਬਾਰੇ ਮਾਹਰ ਅਤੇ ਰੇਅਰ ਡਿਜੀਸ ਯੂਨਿਟ ਦੇ ਇੰਚਾਰਜ ਡਾਕਟਰ ਅਸ਼ੋਕ ਗੁਪਤਾ ਦਾ ਕਹਿਣਾ ਹੈ ਕਿ ਟ੍ਰਾਇਗਲਿਸਰਾਈਡ ਅਤੇ ਕੋਲੈਸਟਰੋਲ ਦੀ ਜ਼ਿਆਦਾ ਮਾਤਰਾ ਮਿਲਣ ਕਾਰਨ ਜਾਨ ਨੂੰ ਖਤਰਾ ਹੈ।ਟ੍ਰਾਇਗਲਿਸਰਾਈਡ ਦੀ ਮਾਤਰਾ ਜ਼ਿਆਦਾ ਹੋਣ ’ਤੇ ਆਰ ਬੀ ਸੀ ਦੀ ਝਿੱਲੀ ਉਤੇ ਇਹ ਜਮ੍ਹਾਂ ਹੋਣ ਲੱਗਦਾ ਹੈ। ਇਸ ਨਾਲ ਲਾਲ ਕਣ ਫਟਣ (ਹਿਮੋਲਿਸਿਸ) ਲੱਗਦੇ ਤੇ ਹੀਮੋਗਲੋਬਿਨ ਘੱਟ ਹੋ ਜਾਂਦਾ ਹੈ। ਖ਼ੂਨ ਵਿੱਚ ਟ੍ਰਾਇਗਲਿਸਰਾਈਡ ਅਤੇ ਕੋਲੈਸਟਰੋਲ ਵੱਧ ਹੋਣ ਕਾਰਨ ਖ਼ੂਨ ਦਾ ਰੰਗ ਦੁੱਧ ਵਰਗਾ ਸਫੈਦ ਪ੍ਰਤੀਤ ਹੋਣ ਲੱਗਦਾ ਹੈ।

# ਨਿੱਜੀ ਯੂਨੀਵਰਸਿਟੀ ਦੀ ਫਰਜ਼ੀ ਡਿਗਰੀ ਪਤਾ ਲੱਗਣ ’ਤੇ ਕੇਸ ਦਰਜ

ਸ਼ਿਮਲਾ, 4 ਫਰਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਇੱਕ ਨਿੱਜੀ ਯੂਨੀਵਰਸਿਟੀ ਦੀ ਫਰਜ਼ੀ ਡਿਗਰੀ ਬਣਾਏ ਜਾਣ ਦਾ ਮਾਮਲਾ ਪਤਾ ਲੱਗਾ ਹੈ। ਇਸ ਬਾਰੇ ਸੋਲਨ ਜ਼ਿਲ੍ਹੇਵਿਚਲੀ ਨਿੱਜੀ ਯੂਨੀਵਰਸਿਟੀ ਪ੍ਰਬੰਧਕਾਂ ਨੇ ਹਿਮਾਚਲ ਪ੍ਰਦੇਸ਼ ਨਿੱਜੀ ਸਿੱਖਿਆ ਸੰਸਥਾਨ ਰੈਗੂਲੇਟਰੀ ਕਮਿਸ਼ਨ ਦੇ ਨਿਰਦੇਸ਼ ’ਤੇ ਪੁਲਸ ਕੇਸ ਦਰਜ ਕਰਵਾਇਆ ਹੈ।

ਮਿਲੀ ਸੂਚਨਾ ਅਨੁਸਾਰ ਵੈਰੀਫੀਕੇਸ਼ਨ ਦੇ ਦੌਰਾਨ ਇਸ



ਡਿਗਰੀ ਦੇ ਨਕਲੀ ਹੋਣ ਦਾ ਪਤਾ ਲੱਗਾ ਸੀ। ਇਸ ਪਿੱਛੋਂਇਸ ਕੇਸ ਦਾ ਸਖਤ ਨੋਟਿਸ ਲੈਂਦੇ ਹੋਏ ਜ਼ਿਲ੍ਹਾ ਸੋਲਨ ਦੇਥਾਣੇ ਵਿੱਚ ਕੇਸ ਦਰਜ ਕਰਾਇਆ ਗਿਆ ਹੈ। ਮਿਲੀ ਸੂਚਨਾ ਦੇ ਅਨੁਸਾਰ ਪਿੱਛੇ ਜਿਹੇ ਨਿੱਜੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਯੂਨੀਵਰਸਿਟੀ ਦੀ ਫਰਜ਼ੀ ਡਿਗਰੀ ਪਤਾ ਲੱਗਾ ਸੀ। ਇਸਦੇ ਬਾਅਦ ਪੂਰੇ ਮਾਮਲੇ ਦੀ ਸੂਚਨਾ ਰੈਗੂਲੇਟਰੀਕਮਿਸ਼ਨ ਨੂੰ ਦਿੱਤੀ ਗਈ ਤਾਂਰੈਗੂਲੇਟਰੀਕਮਿਸ਼ਨ ਨੇ ਨਿੱਜੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਕੇਸ ਦਰਜ ਕਰਵਾਉਣ ਦੇ ਨਿਰਦੇਸ਼ ਦਿੱਤੇ ਸਨ। ਜਾਣਕਾਰ ਸੂਤਰਾਂ ਦੇ ਅਨੁਸਾਰ ਨਿੱਜੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਫਰਜ਼ੀ ਡਿਗਰੀ ਨਾਲ ਜੁੜਿਆ ਰਿਕ-ਾਰਡ ਵੀ ਪੁਲਸ ਨੂੰ ਸੌਂਪ ਦਿੱਤਾ ਹੈ।

## ਕੁੰਡਲੀ ਬਾਰਡਰ ’ਤੇ ਪੰਜਾਬ ਦੇ ਦੋ ਹੋਰ ਕਿਸਾਨਾਂ ਦੀ ਮੌਤ


ਸੋਨੀਪਤ, 4 ਫਰਵਰੀ (ਪੋਸਟ ਬਿਊਰੋ)- ਕੁੰਡਲੀ ਬਾਰਡਰ ਉਤੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਚੱਲ ਰਹੇ ਅੰਦੋਲਨ ਵਿੱਚ ਸ਼ਾਮਲ ਪੰਜਾਬ ਦੇ ਦੋ ਹੋਰ ਕਿਸਾਨਾਂ ਦੀ ਕੱਲ੍ਹ ਮੌਤ ਹੋ ਗਈ ਹੈ। ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਡੱਲ ਦਾ ਰਹਿਣ ਵਾਲੇ ਜੋਗਿੰ-ਦਰ ਸਿੰਘ (68) ਕੱਲ੍ਹ ਸੁਬ੍ਹਾ ਕੁੰਡਲੀ ਧਰਨਾਸਥਾਨ ’ਤੇ ਬਣੇ ਆਪਣੇ ਟੈਂਟ ਵਿੱਚ ਮ੍ਰਿਤਕ ਹਾਲਤ ਵਿੱਚ ਮਿਲਿਆ। ਪੁਲਸ ਦਾ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਵਿੱਚ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇਗਾ। ਕਿਸਾਨ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਆਏ ਕੁਲਦੀਪ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਸਿੰਘੂ ਬਾਰਡਰ ’ਤੇ ਦਿੱਲੀ ਪੁਲਸ ਵੱਲੋਂ ਆਥਰੂ ਗੈਸ ਦੇ ਗੋਲੇ ਛੱਡਣ ਦੇ ਬਾਅਦ ਜੋਗਿੰਦਰ ਸਿੰਘ ਦੀ ਸਿਹਤ ਵਿਗੜ ਗਈ ਸੀ।

ਇਸੇ ਤਰ੍ਹਾਂ ਕੱਲ੍ਹ ਕੁੰਡਲੀ ਧਰਨਾ ਸਥਾਨ ’ਤੇ ਪੰਜਾਬ ਦੇ ਜ਼ਿਲ੍ਹਾ ਬਰਨ-ਾਲਾ ਦੇ ਪਿੰਡ ਚਨਣਵਾਲ ਦੇ ਜਸਮੈਲ ਸਿੰਘ (47) ਦੀ ਮੌਤ ਹੋ ਗਈ। ਪੁਲਸ ਦਾ ਕਹਿਣਾ ਹੈ ਕਿ ਕਿਸਾਨ ਦੇ ਪਰਵਾਰ ਨੂੰ ਇਸਦੀ ਜਾਣਕਾਰੀ ਦੇ ਦਿੱਤੀ ਹੈ। ਉਨ੍ਹਾਂ ਦੇ ਆਉਣ ਦੇ ਬਾਅਦ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ ਜਿਸ ਵਿੱਚ ਮੌਤ ਦੇ ਕਾਰਨਾਂ ਦਾ ਪਤਾ ਲਗ ਸਕੇਗਾ। ਜਸਮੈਲ ਦੇ ਪਿੰਡ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਨੇ ਦੱਸਿਆ ਕਿ ਉਹ ਲਗਾਤਾਰ ਕਿਸਾਨ ਅੰਦੋਲਨ ਨਾਲ ਜੁੜਿਆ ਹੋਇਆ ਸੀ।

## ਮਾਈਕ੍ਰੋ ਬਲਾਗਿੰਗ ਸਾਈਟ ਨੂੰ ਚਿਤਾਵਨੀ :

# ਟਵਿੱਟਰ ‘ਕਤਲੇਆਮ ਹੈਸ਼ਟੈਗ’ ਦੀ ਸਮੱਗਰੀ ਹਟਾ ਦੇਵੇ, ਵਰਨਾ ਸਜ਼ਾ ਯੋਗ ਕਾਰਵਾਈ ਹੋਵੇਗੀ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਟਵਿਟਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਿਸਾਨਾਂ ਦੇ ‘ਕਤਲੇਆਮ ਹੈਸ਼ਟੈਗ’ ਨਾਲ ਸਬੰਧਤ ਸਮੱਗਰੀ ਤੇ ਖਾਤਿਆਂ ਨੂੰ ਹਟਾਉਣ ਬਾਰੇ ਉਸ ਦੇ ਨਿਰਦੇਸ਼ਾਂ ਦੀ ਪਾਲਣਾ ਕਰੇ। ਨਾਲ ਹੀ ਸਰਕਾਰ ਨੇ ਇਹ ਚਿਤਾਵਨੀ ਵੀ ਦਿੱਤੀ ਕਿ ਹੁਕਮ ਦੀ ਪਾਲਣਾ ਨਾ ਕਰਨ ਉਤੇ ਮਾਈਕ੍ਰੋਬਲਾਗਿੰਗ ਸਾਈਟ ਵਿਰੁੱਧ ਸਜ਼ਾਯੋਗ ਕਾਰਵਾਈ ਕੀਤੀ ਜਾ ਸਕਦੀ ਹੈ।



ਸਰਕਾਰੀ ਸੂਤਰਾਂ ਮੁਤਾਬਕ ਟਵਿੱਟਰ ਨੇ ਕੁਝ ਖਾਤੇ ਬਲਾਕ ਕਰਨ ਦੇ ਹੁਕਮ ਦੇਣ ਦੇ ਬਾਵਜੂਦ ਆਪਣੇ ਵੱਲੋਂ ਉਨ੍ਹਾਂ ਖਾਤਿਆਂ ਦੀ ਵਰਤੋਂ ’ਤੇ ਲੱਗੀ ਰੋਕ ਨਹੀਂ ਹਟਾਈ। ਟਵਿੱਟਰ ਇੱਕ ਵਿਚੋਲਾ ਹੈ ਤੇ ਉਹ ਸਰਕਾਰ ਦੇ ਹੁਕਮ ਦੀ ਪਾਲਣਾ ਕਰਨ ਲਈ ਪਾਬੰਦ ਹੈ। ਸਰਕਾਰ ਦੇ ਨੋਟਿਸ ਵਿੱਚ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਸਮੇਤ ਉਸ ਦੇ ਲੱਗਭਗ ਅੱਧੀ ਦਰਜਨ ਹੁਕਮਾਂ ਨੂੰ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਪਬਲਿਕ ਸਿਸਟਮ ਕੀ ਹੈ ਅਤੇ ਅਧਿਕਾਰੀਆਂ ਦੇ ਅਧਿਕਾਰ ਕਿਹੜੇ ਹਨ। ਸੂਚਨਾ ਤਕਨੀਕ ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਟਵਿਟਰ ਅਦਾਲਤ ਦੀ ਭੂਮਿਕਾ ਧਾਰਨ ਨਹੀਂ ਕਰ ਸਕਦਾ ਤੇ ਹੁਕਮ ਦੀ ਪਾਲਣਾ ਨਾ ਕਰਨ ਨੂੰ ਠੀਕ ਨਹੀਂ ਠਹਿਰਾ ਸਕਦਾ। ਇਲੈਕਟ੍ਰਾਨਿਕਸ ਤੇ ਸੂਚਨਾ ਤਕਨੀਕ ਮੰਤਰਾਲੇ ਨੇ ਪਿੱਛੇ ਜਿਹੇ ਟਵਿੱਟਰ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਅਜਿਹੀਆਂ 250 ਸਾਈਟਾਂ ਤੇ ਖਾਤਿਆਂ ਨੂੰ ਬੰਦ ਕਰ ਦੇਵੇ ਜੋ 30 ਜਨਵਰੀ ਨੂੰ ਅਜਿਹੇ ਗਲਤ, ਧਮਕਾਉਣ ਵਾਲੇ ਅਤੇ ਭੜਕਾਉਣ ਵਾਲੇ ਟਵੀਟਸ ਸ਼ੇਅਰ ਕਰ ਰਹੇ ਸਨ। ਇਨ੍ਹਾਂ ਵਿੱਚ ਹੈਸ਼ਟੈਗ ਨਾਲ ਕਿਹਾ ਗਿਆ ਸੀ ਕਿ ਮੋਦੀ ਸਰਕਾਰ ਕਿਸਾਨਾਂ ਦੇ ਕਤਲੇਆਮ ਦੀ ਸਾਜ਼ਿਸ਼ ਰਚ ਰਹੀ ਹੈ।






# ਰੂਸ ਦੀ ਅਦਾਲਤ ਨੇ ਵਿਰੋਧੀ ਆਗੂ ਨਵਲਨੀ ਨੂੰ ਜੇਲ੍ਹ ਦੀ ਸਜ਼ਾ ਸੁਣਾਈ



ਮਾਸਕੋ, 4 ਫਰਵਰੀ (ਪੋਸਟ ਬਿਊਰੋ)- ਰੂਸ ਵਿੱਚ ਮਾਸਕੋ ਦੀ ਇੱਕ ਅਦਾਲਤ ਨੇ ਵਿਰੋਧੀ ਆਗੂ ਅਲੈਕਸੀ ਲਵਲਨੀ ਨੂੰ ਆਪਣੇ ਉਤੇ ਹੋਏ ਨਰਵ ਏਜੰਟ (ਜ਼ਹਿਰ) ਹਮਲੇ ਦਾ ਜਰਮਨੀ ਵਿੱਚ ਇਲਾਜ ਕਰਵਾਉਣ ਦੌਰਾਨ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਦਾ ਦੋਸ਼ੀ ਕਰਾਰ ਦਿੰਦੇ ਹੋਏ ਢਾਈ ਸਾਲ ਤੋਂ ਜ਼ਿਆਦਾ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਮਾਸਕੋ ਅਤੇ ਸੇਂਟ ਪੀਟਰਸਬਰਗ ਵਿੱਚ ਵਿਰੋਧ ਪ੍ਰਦਰਸ਼ਨ ਹੋਏ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਪੱਕੇ ਵਿਰੋਧੀ ਲਵਲਨੀ ਨੇ ਅਦਾਲਤੀ ਕਾਰਵਾਈ ਨੂੰ ਦੇਸ਼ ਦੇ ਲੱਖਾਂ ਲੋਕਾਂ ਨੂੰ ਡਰਾਉਣ ਦਾ ਮਿਥਿਆ ਹੋਇਆ ਯਤਨ ਕਰਾਰ ਦਿੱਤਾ ਹੈ। ਰਾਤ ਕਰੀਬ ਅੱਠ ਵਜੇ ਫ਼ੈਸਲਾ ਸੁਣਾਏ ਜਾਣ ਮਗਰੋਂ ਪ੍ਰਦਰਸ਼ਨਕਾਰੀ ਮੱਧ ਮਾਸਕੋ ਦੇ ਕਈ ਇਲਾਕਿਆਂ ਅਤੇ ਸੇਂਟ ਪੀਟਰਸਬਰਗ ਦੇ ਮੁੱਖ ਸਥਾਨ ਨੇਵਸਕਾਈ ਪ੍ਰਾਸਪੈਕਟ ਵਿੱਚ ਇਕੱਠੇ ਹੋ ਗਏ। ਦੰਗਾ ਰੋਕੂ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਫੜ ਕੇ ਪੁਲਸ ਵਾਹਨਾਂ ਵਿੱਚ ਬਿਠਾ ਲਿਆ। ਵੈਬਸਾਈਟ ਮੇਡੂਜ਼ਾ ਨੇ ਇੱਕ ਵੀਡੀਓ ਵਿੱਚ ਦਿਖਾਇਆ ਹੈ ਕਿ ਪੁਲਸ ਇੱਕ ਯਾਤਰੀ ਅਤੇ ਟੈਕਸੀ ਚਾਲਕ ਨੂੰ ਵਾਹਨ ਵਿੱਚ ਖਿੱਚ ਰਹੀ ਹੈ।

# ਬਾਇਡੇਨ ਨੇ ਇਮੀਗਰੇਸ਼ਨ ਬਾਰੇ ਟਰੰਪ ਦੀਆਂ ਸਖਤ ਨੀਤੀਆਂ ਪਲਟ ਦਿੱਤੀਆਂ

ਵਾਸ਼ਿੰਗਟਨ, 4 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਤਿੰਨ ਅਜਿਹੇ ਕਾਰਜਕਾਰੀ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ ਜਿਹੜੇ ਟਰੰਪ ਸਰਕਾਰ ਨੇ ਇਮੀਗਰੇਸ਼ਨ ਨੀਤੀਆਂ ਸਬੰਧੀ ਦਿੱਤੇ ਸਨ। ਇਨ੍ਹਾਂ 'ਚ ਪੁਰਾਣੇ ਪ੍ਰਸ਼ਾਸਨ ਦੀ ਸਖਤ ਨੀਤੀ ਕਾਰਨ ਦੱਖਣ ਦੀ ਅਮਰੀਕਾ-ਮੈਕਸੀਕੋ ਸਰਹੱਦ 'ਤੇ ਵੱਖ ਹੋਏ ਪਰਵਾਸੀ ਪਰਵਾਰਾਂ ਨੂੰ ਇੱਕ ਕਰਨ ਸਬੰਧੀ ਮਹੱਤਵਪੂਰਨ ਹੁਕਮ ਵੀਸ਼ਾਮਲ ਹੈ।

ਨਵੇਂ ਹੁਕਮਾਂ 'ਤੇ ਦਸਖਤ ਕਰਨ ਮਗਰੋਂ ਜੋਅ ਬਾਇਡੇਨ ਨੇ ਕਿਹਾ ਕਿ ਅੱਜ ਪਹਿਲਾ ਕੰਮ ਅਸੀਂ ਸਾਬਕਾ ਸਰਕਾਰ ਵੱਲੋਂ ਕੀਤੇ ਗਏ ਅਨੈਤਿਕ ਅਤੇ ਦੇਸ਼ ਲਈ ਸ਼ਰਮਨਾਕ ਹੁਕਮ ਨੂੰ ਵਾਪਸ ਲੈ ਕੇ ਕਰ ਰਹੇ ਹਾਂ, ਜਿਸ ਵਿੱਚ ਬੱਚੇ ਆਪਣੀ ਮਾਂ, ਪਰਵਾਰ ਤੇ ਪਿਤਾ ਤੋਂ ਵਿੱਛੜ ਗਏ ਸਨ। ਇਹ ਬੱਚੇ ਤੇ ਉਨ੍ਹਾਂ ਦੇ ਪਰਵਾਰ ਹਾਲੇ ਤੱਕ ਹਿਰਾਸਤ 'ਚ ਹਨ। ਇਹ ਮੁੜ ਕੇ ਆਪਣੇ ਪਰਵਾਰਾਂ ਨੂੰ ਮਿਲ



ਸਕਣਗੇ।ਦੂਜਾ ਕਾਰਜਕਾਰੀ ਹੁਕਮ ਉਹ ਹੈ, ਜੋ ਦੱਖਣੀ ਸਰਹੱਦ ਤੋਂ ਪਰਵਾਸ ਦਾ ਮੂਲ ਕਾਰਨ ਹੈ। ਉਨ੍ਹਾਂ ਨੇ ਤੀਜਾ ਕਾਰਜਕਾਰੀ ਹੁਕਮ ਟਰੰਪ ਸਰਕਾਰ ਦੀ ਪੂਰੀ ਇਮੀਗਰੇਸ਼ਨ ਨੀਤੀ ਦੀ ਸਮੀਖਿਆ ਦਾ ਕੀਤਾ ਹੈ। ਬਾਇਡੇਨ ਨੇ ਪਰਵਾਸੀਆਂ ਬਾਰੇ ਕਿਹਾ ਕਿ ਉਹ ਤੇ ਉਨ੍ਹਾਂ ਦੇ ਬੱਚੇ ਸਾਡੀ ਆਰਥਿਕ ਵਿਵਸਥਾ ਦੇ ਮਹੱਤਵਪੂਰਨ ਅੰਗ ਹਨ, ਜਿਹੜੇ ਸਿਹਤ, ਉਸਾਰੀ, ਸੇਵਾ ਖੇਤਰ ਤੇ ਖੇਤੀਵਿੱਚ ਲੱਗੇ ਹਨ। ਇਹ ਸਾਰੇ ਸਾਡੇ ਅਰਥਚਾਰੇ ਨੂੰ ਅੱਗੇ ਵਧਾਉਣ 'ਚ ਮਦਦ ਕਰ ਰਹੇ ਹਨ। ਸਾਨੂੰ ਦੁਨੀਆ 'ਚ ਵਿਗਿਆਨ, ਤਕਨੀਕ ਤੇ ਇਨੋਵੇਸ਼ਨ ਦੇ ਖੇਤਰ ਵਿੱਚ ਸਰਬ ਉਚ ਸਥਾਨ 'ਤੇ ਬਣਾਈ ਰੱਖਣ ਵਿੱਚ ਮਦਦ ਕਰ ਰਹੇ ਹਨ। ਬਾਇਡੇਨ ਦੇ ਇਨ੍ਹਾਂ ਹੁਕਮਾਂ ਨਾਲ ਤੁਰੰਤ ਕਾਫੀ ਰਾਹਤ ਮਿਲੀ ਹੈ। ਇਹ ਹੁਕਮ ਆਉਣ ਵਾਲੇ ਹਫਤੇ ਜਾਂ ਮਹੀਨਿਆਂ ਵਿੱਚ ਇਮੀਗਰੇਸ਼ਨ ਕਾਨੂੰਨਾਂ ਦੇ ਆਸਾਨ ਬਣਾਉਣ ਦਾ ਸਪੱਸ਼ਟ ਸੰਕੇਤ ਹੈ।

ਇਮੀਗਰੇਸ਼ਨ ਸਬੰਧੀ ਨਿਯਮਾਂ ਦੇ ਵਕੀਲਾਂ ਦਾ ਕਹਿਣਾ ਸੀ ਕਿ ਟਰੰਪ ਸਰਕਾਰ ਵੱਲੋਂ ਕੀਤੇ ਫੈਸਲਿਆਂ ਨੂੰ ਫੌਰੀ ਰੱਦ ਕਰ ਦੇਣਾ ਚਾਹੀਦਾ ਹੈ, ਪਰ ਟਰੰਪ ਦੇ ਸਾਥੀਆਂ ਦਾ ਕਹਿਣਾ ਹੈ ਕਿ ਹਾਲੇ ਇਮੀਗਰੇਸ਼ਨ ਸਬੰਧੀ ਕਈ ਪਾਬੰਦੀਆਂ 'ਚ ਰਾਹਤ ਦੇਣੀ ਬਾਕੀ ਹੈ। ਇਸ ਸਬੰਧੀ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਜੈਨ ਸਾਕੀ ਨੇ ਕਿਹਾ ਕਿ ਕੁਝ ਵੀ ਇੱਕ ਰਾਤ 'ਚ ਨਹੀਂ ਕੀਤਾ ਜਾ ਸਕਦਾ।

# ਪਾਕਿ ਵਿੱਚ ਘੱਟ-ਗਿਣਤੀ ਸੁਰੱਖਿਆ ਬਾਰੇ ਬਿੱਲ ਰੱਦ

ਲਾਹੌਰ, 4 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਚ ਧਾਰਮਿਕ ਮਾਮਲੇ ਤੇ ਆਪਸੀ ਸਦਭਾਵਨਾ ਮੰਤਰਾਲੇ ਦੀ ਸੈਨੇਟ ਕਮੇਟੀ ਦੀ ਬੈਠਕ 'ਚ ਘੱਟ-ਗਿਣਤੀ ਸੁਰੱਖਿਆ ਬਿੱਲ ਨੂੰ ਰੱਦ ਕੀਤੇ ਜਾਣ 'ਤੇ ਪਾਕਿ ਦੇ ਹਿੰਦੂ, ਇਸਾਈ ਤੇ ਸਿੱਖ ਆਗੂਆਂ ਨੇ ਸਰਕਾਰ ਪ੍ਰਤੀ ਭਾਰੀ ਰੋਸ ਜ਼ਾਹਿਰ ਕੀਤਾ ਹੈ।

ਧਾਰਮਿਕ ਮਾਮਲੇ ਅਤੇ ਆਪਸੀ ਸਦਭਾਵਨਾ ਸੈਨੇਟ ਕਮੇਟੀ ਦੇ ਚੇਅਰਮੈਨ ਮੌਲਾਨਾ ਅਬਦੁਲ ਗ਼ਫੂਰ ਹੈਦਰੀ ਦੀ ਪ੍ਰਧਾਨਗੀ 'ਚ ਹੋਈ ਇਸ ਬੈਠਕ 'ਚ ਉਨ੍ਹਾਂ ਵੱਲੋਂ ਘੱਟ-ਗਿਣਤੀ ਸੁਰੱਖਿਆ ਬਿੱਲ ਨੂੰ ਇਹ ਕਹਿ ਕੇ ਰੱਦ ਕੀਤਾ ਗਿਆ ਕਿ ਪਾਕਿਸਤਾਨ 'ਚ ਘੱਟ-ਗਿਣਤੀ ਭਾਈਚਾਰੇ ਦੇ ਲੋਕ ਬਹੁ-ਗਿਣਤੀ ਮੁਸਲਿਮ ਭਾਈਚਾਰੇ ਤੋਂ ਵੱਧ ਸੁਰੱਖਿਅਤ ਹਨ।ਇਸ 'ਤੇ ਵਿਰੋਧ ਵਜੋਂ ਬੈਠਕ 'ਚ ਸ਼ਾਮਲ ਪਾਕਿਸਤਾਨ ਪੀਪਲਜ਼ ਪਾਰਟੀ ਦੀ ਜ਼ਿਲ੍ਹਾ ਥਾਰਪਾਰਕਰ ਤੋਂ ਹਿੰਦੂ ਸੈਨੇਟਰ ਕ੍ਰਿਸ਼ਨਾ ਕੁਮਾਰੀ ਉਰਫ਼ ਕੈਸ਼ੂ ਬਾਈ ਬੈਠਕ ਦਾ ਬਾਈਕਾਟ ਕਰਕੇ ਚਲੀ ਗਈ। ਭਾਰਤ ਸਰਕਾਰ ਸਣੇ ਪਾਕਿਸਤਾਨੀ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਤ ਜਥੇਬੰਦੀਆਂ ਪਿਛਲੇ ਲੰਬੇ ਸਮੇਂ ਤੋਂ ਘੱਟ-ਗਿਣਤੀਆਂ ਦੀ ਸੁਰੱਖਿਆ ਲਈਇਸ ਸੁਰੱਖਿਆ ਬਿੱਲ ਨੂੰ ਪਾਸ ਕਰਨ ਦੀ ਮੰਗ ਕਰ ਰਹੀਆਂ ਹਨ, ਜਦਕਿ ਕੱਲ੍ਹ ਸੈਨੇਟ ਚੇਅਰਮੈਨ ਨੇ ਉਕਤ ਬਿੱਲ ਨੂੰ ਰੱਦ ਕਰਕੇ ਇਹ ਸਾਫ਼ ਕਰ ਦਿੱਤਾ ਹੈ ਕਿ ਪਾਕਿ ਸਰਕਾਰ ਘੱਟ-ਗਿਣਤੀਆਂ ਦੀ ਸੁਰੱਖਿਆ ਨੂੰ ਲੈ ਕੇ ਬਿਲਕੁਲ ਗੰਭੀਰ ਨਹੀਂ ਹੈ।

# ਕੋਰਟ ਨੇ 100 ਦਿਨਾਂ ਲਈ ਦੇਸ਼ ਨਿਕਾਲੇ 'ਤੇ ਰੋਕ ਲਾਉਣ ਦਾ ਆਦੇਸ਼ ਲਾਗੂ ਹੋਣ ਤੋਂ ਰੋਕਿਆ

ਸੈਕਰਾਮੈਂਟੋ, 4 ਫਰਵਰੀ (ਪੋਸਟ ਬਿਊਰੋ)- ਹਿਊਸਟਨ ਦੀ ਇੱਕ ਫੈਡਰਲ ਅਦਾਲਤ ਨੇ ਅਮਰੀਕੀ ਸਰਕਾਰ ਵੱਲੋਂ 100 ਦਿਨਾਂ ਲਈ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਨਾ ਭੇਜਣ ਦੇ ਆਦੇਸ਼ ਉਪਰ ਰੋਕ ਲਾ ਦਿੱਤੀ ਹੈ।

ਰਾਸ਼ਟਰਪਤੀ ਜੋ ਬਾਈਡਨ ਨੇ ਇੱਕ ਪੱਤਰ ਜਾਰੀ ਕਰਕੇ ਹੋਮਲੈਂਡ ਸਕਿਉਰਟੀ ਵਿਭਾਗ ਨੂੰ ਕਿਹਾ ਸੀ ਕਿ ਕਿਸੇ ਵੀ ਇਮੀਗ੍ਰਾਂਟ ਨੂੰ 100 ਦਿਨ ਲਈ ਦੇਸ਼ ਨਿਕਾਲਾ ਨਾ ਦਿੱਤਾ ਜਾਵੇ, ਕਿਉਂਕਿ ਸਰਕਾਰ ਇਮੀਗ੍ਰੇਸ਼ਨ ਨੀਤੀ ਉਪਰ ਮੁੜ ਕੇ ਵਿਚਾਰ ਕਰ ਰਹੀ ਹੈ। ਯੂ ਐਸ ਡਿਸਟ੍ਰਿਕਟ ਜੱਜ ਡਰੀਊ ਟਿਪਟਨ ਨੇ ਟੈਕਸਸ ਦੀ ਪਟੀਸ਼ਨ 'ਤੇ ਰੋਕ ਲਾਉਣ ਦੇ ਆਰਜੀ ਆਦੇਸ਼ ਦਿੱਤੇ ਅਤੇ ਕਿਹਾ ਹੈ ਕਿ ਬਾਈਡਨ ਸਰਕਾਰ 100 ਦਿਨਾਂ ਲਈ ਦੇਸ਼ ਨਿਕਾਲੇ ਉਪਰ ਰੋਕ ਲਾਉਣ ਦੇ ਹੱਕ ਵਿੱਚ ਠੋਸ ਤੇ ਤਰਕ ਸੰਗਤ ਕਾਰਨ ਨਹੀਂ ਦੱਸ ਸਕੀ। ਅਦਾਲਤ ਦਾ ਇਹ ਫੈਸਲਾ ਬਾਈਡਨ ਸਰਕਾਰ ਲਈ ਸ਼ੁਰੂਆਤੀ ਝਟਕਾ ਹੈ, ਜੋ ਟਰੰਪ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ ਵਿੱਚ ਤਬਦੀਲੀਆਂ ਕਰਨੀਆਂ ਚਾਹੁੰਦੀ ਹੈ।



ਜੋਅ ਬਾਈਡਨ ਨੇ ਚੋਣ ਮੁਹਿੰਮ ਦੌਰਾਨ ਇਮੀਗ੍ਰੇਸ਼ਨ ਨੀਤੀ ਵਿੱਚ ਤਬਦੀਲੀ ਕਰਨ ਦਾ ਵਾਅਦਾ ਕੀਤਾ ਸੀ। ਉਸ ਦੀ ਇੱਕ ਕਰੋੜ ਤੋਂ ਵੱਧ ਅਮਰੀਕਾ ਵਿੱਚ ਰਹਿੰਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵੀ ਅਮਰੀਕਾ ਵਿੱਚ ਰਹਿਣ ਦਾ ਕਾਨੂੰਨੀ ਅਧਿਕਾਰ ਦੇਣ ਦੀ ਯੋਜਨਾ ਹੈ। ਅਦਾਲਤ ਦਾ ਆਦੇਸ਼ ਟੈਕਸਸ ਦੇ ਉਨ੍ਹਾਂ ਰਿਪ-ਬਲਿਕਨ ਆਗੂਆਂ ਦੀ ਜਿੱਤ ਮੰਨਿਆ ਜਾ ਰਿਹਾ ਹੈ ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿੱਚੋਂ ਕੱਢਣ ਦੇ ਹੱਕ ਵਿੱਚ ਹਨ। ਫਿਲਹਾਲ ਜੱਜ ਨੇ 14 ਦਿਨਾਂ ਲਈ ਰੋਕ ਲਾਈ ਹੈ। ਅਗਲੀ ਸੁਣਵਾਈ ਵਿੱਚ ਸਥਿਤੀ ਸਾਫ ਹੋਣ ਦੀ ਸੰਭਾਵਨਾ ਹੈ। ਦੂਸਰੇ ਪਾਸੇ ਵਾਈਟ ਹਾਊਸ ਨੇ ਬਾਈਡਨ ਸਰਕਾਰ ਦੇ ਆਦੇਸ਼ ਨੂੰ ਪੂਰੀ ਤਰ੍ਹਾਂ ਯੋਗ ਕਰਾਰ ਦਿੱਤਾ ਹੈ ਜੋ ਆਦੇਸ਼ 22 ਜਨਵਰੀ ਤੋਂ ਲਾਗੂ ਹੋਇਆ ਹੈ ਤੇ ਇਹ ਆਦੇਸ਼ ਪਿਛਲੇ ਸਾਲ ਨਵੰਬਰ ਤੋਂ ਪਹਿਲਾਂ ਅਮਰੀਕਾ 'ਚ ਦਾਖਲ ਹੋਏ ਹਰੇਕ ਗੈਰ-ਕਾਨੂੰਨੀ ਵਿਅਕਤੀ 'ਤੇ ਲਾਗੂ ਹੁੰਦਾ ਹੈ।

# ਭਾਰਤੀ ਮੂਲ ਦੀ ਵਿਗਿਆਨੀ ਨਾਸਾ ਦੀ ਪ੍ਰਮੁੱਖ ਕਾਰਜਕਾਰੀ ਬਣੀ

ਵਾਸ਼ਿੰਗਟਨ, 4 ਫਰਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੀ ਅਮਰੀਕੀ ਵਿਗਿਆਨੀ ਭਵਿਆ ਲਾਲ ਨੂੰ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਦਾ ਕਾਰਜਕਾਰੀ ਪ੍ਰਮੁੱਖ ਨਿਯੁਕਤ ਕੀਤਾ ਗਿਆ ਹੈ। ਲਾਲ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਨਾਸਾ ਵਿੱਚ ਕੀਤੇ ਜਾ ਰਹੇ ਬਦਲਾਅ ਸਬੰਧੀ ਸਮੀਖਿਆ ਟੀਮ ਦੀ ਮੈਂਬਰ ਹੈ ਅਤੇ ਬਾਇਡੇਨਸਰਕਾਰ ਦੇ ਅਧੀਨ ਏਜੰਸੀ ਵਿੱਚ ਬਦਲਾਅ ਸਬੰਧੀ ਕੰਮਾਂ ਨੂੰ ਦੇਖ ਰਹੀ ਹੈ। ਨਾਸਾ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਲਾਲ ਦੇ ਕੋਲ ਇੰਜੀਨੀਅਰਿੰਗ ਅਤੇ ਪੁਲਾੜ ਤਕਨਾਲੋਜੀ ਦਾ ਵਿਆਪਕ ਅਨੁਭਵ ਹੈ। ਲਾਲ ਪੁਲਾੜ ਤਕਨਾਲੋਜੀ ਅਤੇ ਨੀਤੀ ਭਾਈਚਾਰੇ ਦੀ ਸਰਗਰਮ ਮੈਂਬਰ ਵੀ ਹੈ। ਭਵਿਆ ਲਾਲ ਨੇ ਨੈਸ਼ਨਲ ਓਸ਼ਨਿਕ ਐਂਡ ਐਟਮਾਸਫੇਰਿਕ ਐਡਮਨਿਸਟਰੇਸ਼ਨ ਫੈਡਰਲ ਐਡਵਾਇਜ਼ਰੀ ਕਮੇਟੀ ਆਨ ਕਮਰਸ਼ੀਅਲ ਰਿਮੋਟ ਸੈਂਸਿੰਗ ਵਿੱਚ ਲਗਾਤਾਰ ਦੋ ਵਾਰੀ ਸੇਵਾਵਾਂ ਦਿੱਤੀਆਂ ਹਨ। ਉਹ ਐਸ ਟੀ ਪੀ ਆਈ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸੀ-ਐਸ ਟੀ ਪੀ ਐਸ ਐਲ ਐਲ ਸੀ ਦੇ ਮੁਖੀ ਦੇ ਅਹੁਦੇ ਲਈ ਚੁਣੀ ਗਈ ਸੀ। ਉਸ ਨੂੰ ਨਾਸਾ ਦੇ ਇਨੋਵੇਟਿਵ ਐਡਵਾਂਸਡ ਕੰਸੈਪਟਸ ਪ੍ਰੋਗਰਾਮ ਅਤੇ ਨਾਸਾ ਐਡਵਾਇਜ਼ਰੀ ਕੌਂਸਲ ਦੀ ਟੈਕਨਾਲੋਜੀ, ਇਨੋਵੇਸ਼ਨ ਐਂਡ ਇੰਜੀਨੀਅਰਿੰਗ ਐਡਵਾਇਜ਼ਰੀ ਕਮੇਟੀ ਦੀ ਐਕਸਟਰਨਲ ਕੌਂਸਲ ਦਾ ਮੈਂਬਰ ਵੀ ਬਣਾਇਆ ਜਾ ਚੁੱਕਾ ਹੈ।

# ਜੈਫ ਬੇਜੋਸ ਵੱਲੋਂ ਐਮਜ਼ੋਨ ਦੇ ਸੀ ਈ ਓ ਦਾ ਅਹੁਦਾ ਛੱਡਣ ਦਾ ਐਲਾਨ

ਸਾਨ ਫਰਾਂਸਿਸਕੋ, 4 ਫਰਵਰੀ (ਪੋਸਟ ਬਿਊਰੋ)- ਐਮਾਜ਼ਨ ਦੇ ਸੀ ਈ ਓ ਜੈਫ ਬੇਜੋਸ ਨੇ ਅਹੁਦਾ ਛੱਡਣ ਦਾ ਐਲਾਨ ਕੀਤਾ ਹੈ। ਬੇਜੋਸ ਇਸ ਸਾਲ ਦੀ ਤੀਸਰੀ ਤਿਮਾਹੀ 'ਚ ਆਪਣੇ ਅਹੁਦੇ ਤੋਂ ਹਟ ਜਾਣਗੇ ਤੇ ਕਾਰਜਕਾਰੀ ਚੇਅਰਮੈਨ ਵਜੋਂ ਕੰਮ ਕਰਨਗੇ। ਐਂਡੀ ਜੇਸੀ ਜਿਹੜੇ ਕੰਪਨੀ ਦਾ ਲਾਭ ਕਮਾਉਣ ਵਾਲੇ ਕਲਾਊਟ ਆਰਮ ਐਮਾਜ਼ੋਨ ਵੈਬ ਸਰਵਿਸਜ਼ ਦੇ ਸੀ ਈ ਓ ਹਨ, ਬੇਜੋਸ ਦੀ ਥਾਂ ਲੈਣਗੇ।

ਬੇਜੋਸ ਨੇ ਕੱਲ੍ਹ ਰਾਤ ਕਿਹਾ ਕਿ ਐਮਜ਼ੋਨ ਦਾ ਸੀ ਈ ਓ ਹੋਣਾ ਇੱਕ



ਵੱਡੀ ਜ਼ਿੰਮੇਵਾਰੀ ਹੈ, ਜਦੋਂ ਤੁਹਾਡੇ 'ਤੇ ਇਸ ਤਰ੍ਹਾਂ ਦੀ ਜ਼ਿੰਮੇਵਾਰੀ ਹੋਵੇ ਤਾਂ ਕਿਸੇ ਵੀ ਚੀਜ਼ 'ਤੇ ਧਿਆਨ ਦੇਣਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਾਰਜਕਾਰੀ ਚੇਅਰਮੈਨ ਵਜੋਂ ਮੈਂ ਐਮਜ਼ੋਨ ਦੇ ਮਹੱਤਵ ਪੂਰਨ ਪਹਿਲੂਆਂ 'ਚ ਸ਼ਾਮਲ ਰਹਾਂਗਾ, ਪਰ ਇਸ ਦੇ ਨਾਲ ਡੇ 1 ਫੰਡ, ਬੇਜੋਸ ਅਰਥ ਫੰਡ, ਬਲੂ ਓਰੀਜਿਨ, ਦਾ ਵਾਸ਼ਿੰਗਟਨ ਪੋਸਟ ਤੇ ਮੇਰੇ ਹੋਰ ਜਨੂੰਨਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਸਮਾਂ ਤੇ ਸ਼ਕਤੀ ਵੀ ਹੋਵੇਗੀ। ਬੇਜੋਸ ਨੇ 1994 'ਚ ਕੰਪਨੀ ਦੀ ਸਥਾਪਨਾ ਦੇ ਨਾਲ ਐਮਾਜ਼ੋਨ ਦੇ ਸੀ ਈ ਓ ਵਜੋਂ ਕੰਮ ਕੀਤਾ ਹੈ, ਜਿਸ ਨਾਲ ਉਨ੍ਹਾਂ ਦੀ ਕੰਪਨੀ ਦੁਨੀਆ ਦੀਆਂ ਸਭ ਤੋਂ ਪ੍ਰਮੁੱਖ ਫਰਮਾਂ 'ਚੋਂ ਇੱਕ ਬਣ ਗਈ। ਇਸ ਯਾਤਰਾ ਨੇ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਬਣਾ ਦਿੱਤਾ, ਜਿਸ ਦੀ ਜਾਇਦਾਦ ਕਰੀਬ 180 ਅਰਬ ਡਾਲਰ ਹੈ।

# ਮਿਆਂਮਾਰ 'ਚ ਲੋਕਾਂ ਨੇ ਹਾਰਨ ਵਜਾ ਕੇ ਅਤੇ ਭਾਂਡੇ ਖੜਕਾ ਕੇ ਤਖਤਾ ਪਲਟ ਦਾ ਵਿਰੋਧ ਕੀਤਾ

ਯਾਂਗੂਨੋ, 4 ਫਰਵਰੀ (ਪੋਸਟ ਬਿਊਰੋ)- ਮਿਆਂਮਾਰ ਦੇ ਸਭ ਤੋਂ ਵੱਡੇ ਸ਼ਹਿਰ ਯਾਂਗੂਨ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਕੱਲ੍ਹ ਕਾਰਾਂ ਦੇ ਹਾਰਨ ਵਜਾ ਕੇ ਅਤੇ ਭਾਂਡੇ ਖੜਕਾ ਕੇ ਦੇਸ਼ ਦੇ ਫੌਜੀ ਤਖਤਾ ਪਲਟ ਦਾ ਵਿਰੋਧ ਕੀਤਾ ਹੈ।

ਰਾਜਧਾਨੀ ਯਾਂਗੂਨ ਅਤੇ ਗੁਆਂਢੀ ਖੇਤਰਾਂ 'ਚ ਪ੍ਰਦਰਸ਼ਨ ਦੌਰਾਨ ਹਿਰਾਸਤ 'ਚ ਬੰਦ ਨੇਤਾ ਆਂਗ ਸਾਨ ਸੂ ਕੀ ਦੀ ਚੰਗੀ ਸਿਹਤ ਦੀਆਂ ਕਾਮਨਾਵਾਂ ਕੀਤੀਆਂ ਅਤੇ ਆਜ਼ਾਦੀ ਦੀ ਮੰਗ ਕਰਦੇ ਹੋਏ ਨਾਅਰੇ ਲਾਏ ਗਏ। ਪ੍ਰਦਰਸ਼ਨ ਕਰਦੇ ਲੋਕਾਂ ਨੇ ਕਿਹਾ ਕਿ ਮਿਆਂਮਾਰ ਦੇ ਸਭਿਆਚਾਰ 'ਚ ਡਰੰਮ ਖੜਕਾਉਣ ਦਾ ਅਰਥ ਸ਼ੈਤਾਨ ਨੂੰ ਬਾਹਰ ਭੇਜਣਾ ਹੁੰਦਾ ਹੈ। ਲੋਕਤੰਤਰ ਦੇ ਕਈ ਸਮਰਥਕਾਂ ਨੇ ਤਖਤਾ ਪਲਟ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਲਈ ਕੱਲ੍ਹ ਰਾਤ ਅੱਠ ਵਜੇ ਸ਼ੋਰ ਮਚਾਉਣ ਦਾ ਸੱਦਾ ਦਿੱਤਾ ਸੀ। ਸੂ ਕੀ ਦੀ ਪਾਰਟੀ ਦੇ ਨੇਤਾ ਵਿਨ ਤੀਨ ਨੇ ਕਿਹਾ ਕਿ ਸਾਡੇ ਦੇਸ਼ 'ਤੇ ਤਖਤਾ ਪਲਟ ਦਾ ਸਰਾਪ ਹੈ ਅਤੇ ਇਸ ਲਈ ਸਾਡਾ ਦੇਸ਼ ਗਰੀਬ ਬਣਿਆ ਹੋਇਆ ਹੈ। ਮੈਂ ਆਪਣੇ ਸਾਥੀ ਨਾਗਰਿਕਾਂ ਅਤੇ ਉਨ੍ਹਾਂ ਦੇ ਭੱਵਿਖ ਨੂੰ ਲੈ ਕੇ ਚਿੰਤਤ ਹਾਂ। ਉਨ੍ਹਾਂ ਨੇ ਲੋਕਾਂ ਨੂੰ ਨਿਮਰਤਾ ਸਹਿਤ ਵਿਰੋਧ ਰਾਹੀਂ ਫੌਜ ਨੂੰ ਅਣਡਿੱਠ ਕਰਨ ਦੀ ਅਪੀਲ ਕੀਤੀ।

# ਪਾਕਿ ਦੀ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਸ਼ਹੀਦ ਭਗਤ ਸਿੰਘ ਦਾ ਘਰ ਖ਼ਰੀਦੇਗੀ

ਲਾਹੌਰ, 4 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਜ਼ਿਲ੍ਹਾ ਫ਼ੈਸਲਾਬਾਦ 'ਚ ਮੌਜੂਦ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਸਥਾਨ ਨੂੰ ਖਰੀਦ ਕੇ ਉਸ 'ਚ ਸਾਂਝੀ ਕੌਮਾਂਤਰੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਹੈ। ਜ਼ਿਲ੍ਹਾ ਫ਼ੈਸਲਾਬਾਦ ਦੇ ਪਿੰਡ ਬੰਗਾ ਦੇ ਚੱਕ ਨੰਬਰ 105 'ਚ ਮੌਜੂਦ ਸ਼ਹੀਦ ਭਗਤ ਸਿੰਘ ਦਾ ਘਰ ਲੱਗਭਗ ਡੇਢ ਕਨਾਲ 'ਚ ਮੌਜੂਦ ਹੈ। ਉਨ੍ਹਾਂ ਦਾ ਜੱਦੀ ਪਿੰਡ ਭਾਰਤੀ ਪੰਜਾਬ ਵਿੱਚ ਖਟਕੜ ਕਲਾਂ ਸੀ।



ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਕੱਲ੍ਹ ਲਾਹੌਰ ਤੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਦਾ ਉਕਤ ਘਰ ਦੇਸ਼ ਦੀ ਵੰਡ ਵੇਲੇ ਭਾਰਤ ਤੋਂ ਆਏ ਸੁਲਤਾਨ ਮੁਲਕ ਨੰਬਰਦਾਰ ਨੂੰ ਮਿਲਿਆ ਅਤੇ ਇਸ ਸਮੇਂ ਇਹ ਘਰ ਉਨ੍ਹਾਂ ਦੇ ਵਾਰਸਾਂ ਜਮਾਤ ਅਲੀ ਵਿਰਕ, ਐਡਵੋਕੇਟ ਸਾਕਿਬ ਵਿਰਕ ਤੇ ਹੋਰਨਾਂ ਦੀ ਮਾਲਕੀ ਹੈ। ਸਾਕਿਬ ਵਿਰਕ ਨੇ ਆਪਣੇ ਹਿੱਸੇ ਵਾਲੇ ਘਰ ਦੇ ਕੁਝ ਕਮਰਿਆਂ 'ਚ ਪਹਿਲਾਂ ਹੀ ਅਜਾਇਬ-ਘਰ ਬਣਾ ਲਿਆ ਹੈ, ਜਦ ਕਿ ਅਲੀ ਵਿਰਕ ਨੇ ਵੀ ਆਪਣੇ ਹਿੱਸੇ ਵਾਲੇ ਘਰ ਦੇ ਉਸ ਸਥਾਨ ਨੂੰ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੂੰ ਵੇਚਣ ਦਾ ਫ਼ੈਸਲਾ ਕਰ ਲਿਆ ਹੈ, ਜਿਸ 'ਚ ਭਗਤ ਸਿੰਘ ਦਾ ਜਨਮ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ।

ਲਾਹੌਰ ਹਾਈ ਕੋਰਟ ਵਿਖੇ ਵਕੀਲ ਕਾਸਿਫ਼ ਮਹਿਸੂਸ ਸਲੇਮਾਰੀ ਦੀ ਅਗਵਾਈ 'ਚ ਹੋਈ ਬੈਠਕ ਪਿੱਛੋਂ ਵਕੀਲ ਇਮਤਿਆਜ਼ ਰਾਸ਼ਿਦ ਕੁਰੈਸ਼ੀ ਅਤੇ ਜਮਾਤ ਅਲੀ ਵਿਰਕ ਨੇ ਦੱਸਿਆ ਕਿ ਫ਼ੈਸਲਾਬਾਦ (ਪੁਰਾਣਾ ਨਾਂਅ ਲਾਇਲਪੁਰ) ਦੀ ਜੜ੍ਹਾਂਵਾਲਾ-ਫ਼ੈਸਲਾਬਾਦ ਰੋਡ 'ਤੇ ਪਿੰਡ ਬੰਗਾ ਨੂੰ ਜਾਂਦੀ ਸੜਕ 'ਤੇ ਚੱਕ ਨੰਬਰ 105 ਦੇ ਜਿਸ ਘਰ 'ਚ ਭਗਤ ਸਿੰਘ ਦਾ ਜਨਮ ਹੋਇਆ, ਉਸ ਦੇ ਵੱਡੇ ਹਿੱਸੇ ਨੂੰ ਯਾਦਗਾਰ ਵਜੋਂ ਸੰਭਾਲ ਕੇ ਰੱਖਿਆ ਗਿਆ ਹੈ ਅਤੇ ਪਿੰਡ ਨੂੰ ਜਾਂਦੀ ਸੜਕ ਉਤੇ ਸ਼ਹੀਦ ਭਗਤ ਸਿੰਘ ਦੀ ਜੱਦੀ ਹਵੇਲੀ ਬਾਰੇ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ 'ਚ ਇਤਿਹਾਸਕ ਹਵੇਲੀ ਸਰਦਾਰ ਭਗਤ ਸਿੰਘ' ਲਿਖਿਆ ਇੱਕ ਸਾਈਨ ਬੋਰਡ ਵੀ ਲਗਵਾਇਆ ਗਿਆ ਹੈ।

# ਗੈਰ ਕਾਨੂੰਨੀ ਕੈਨੇਡਾ ਭੇਜਣ ਵਾਲੇ 4 ਭਾਰਤੀ ਗ੍ਰਿਫ਼ਤਾਰ

ਕਾਠਮੰਡੂ, 4 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਰਸਤੇ ਨਾਜਾਇਜ਼ ਢੰਗ ਨਾਲ ਨੇਪਾਲੀ ਮਜ਼ਦੂਰਾਂ ਨੂੰ ਕੈਨੇਡਾ ਭੇਜਣ ਨੂੰ ਲੈ ਕੇ ਨੇਪਾਲ ਵਿੱਚ ਤਿੰਨ ਮਹਿਲਾਵਾਂ ਸਮੇਤ ਚਾਰ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਵਿਦੇਸ਼ੀ ਰੋਜ਼ਗਾਰ ਵਿਭਾਗ ਦੀ ਟੀਮ ਨੇ ਬਾਹਰਲੇ ਇਲਾਕੇ ਵਿੱਚ ਟ੍ਰਿਪਲ ਸਟਾਰ ਮੈਨਪਾਵਰ ਕੰਪਨੀ ਦੇ ਦਫਤਰ 'ਤੇ ਛਾਪਾ ਮਾਰਿਆ। ਅਧਿਕਾਰੀਆਂ ਨੇ ਉਥੋਂ ਕੌਰ ਮੰਨਤ (45), ਫਰਮਾਨ ਰਬਨ (24), ਮਨਪ੍ਰੀਤ ਕੌਰ (18) ਅਤੇ ਸੋਨੂੰ ਕੁਮਾਰ (46) ਨੂੰ ਹਿਰਾਸਤ ਵਿੱਚ ਲਿਆ। ਚਾਰੋਂ ਦਿੱਲੀ ਦੇ ਰਹਿਣ ਵਾਲੇ ਹਨ। ਅਧਿਕਾਰੀ ਅਨੁਸਾਰ ਉਹ ਸਾਰੇ ਟ੍ਰਿਪਲ ਸਟਾਰ ਦੇ ਦਫਤਰ ਤੋਂ ਭਾਰਤੀ ਕੰਪਨੀ ਗਣਪਤੀ ਹੈਪੀ ਲਾਈਫ ਚਲਾ ਰਹੇ ਸੀ। ਵਿਸ਼ੇਸ਼ ਟੀਮ ਦੇ ਇੱਕ ਮੈਂਬਰ ਕੁਸ਼ਲ ਬਰਾਲ ਨੇ ਦੱਸਿਆ ਕਿ ਉਹ ਨੇਪਾਲ ਵਿੱਚ ਕਿਸੇ ਕੰਪਨੀ ਦੀ ਰਸਮੀਂ ਰਜਿਸਟ੍ਰੇਸ਼ਨ ਦੇ ਬਿਨਾਂ ਟ੍ਰਿਪਲ ਸਟਾਰ ਦੇ ਨਾਲ ਮਿਲ ਕੇ ਕੰਮ ਕਰ ਰਹੇ ਸੀ। ਉਨ੍ਹਾਂ ਨੂੰ ਨੇਪਾਲੀ ਮਜ਼ਦੂਰਾਂ ਨੂੰ ਗਲਤ ਤਰੀਕੇ ਨਾਲ ਭਾਰਤ ਰਸਤੇ ਤੋਂ ਕੈਨੇਡਾ ਭੇਜਣ ਦੇ ਧੰਦੇ ਦਾ ਦੋਸ਼ੀ ਪਾਇਆ ਗਿਆ।

# ਪਾਕਿ-ਚੀਨ ਆਰਥਿਕ ਗਲਿਆਰੇ ਕਾਰਨ ਪਾਕਿਸਤਾਨ ਦੀ ਪਾਰਲੀਮੈਂਟ ਵਿੱਚ ਹੰਗਾਮਾ

ਇਸਲਾਮਾਬਾਦ, 4 ਫਰਵਰੀ (ਪੋਸਟ ਬਿਊਰੋ)- ਵਿਵਾਦ ਪੂਰਨ ਚੀਨ-ਪਾਕਿ ਆਰਥਿਕ ਗਲਿਆਰੇ (ਸੀ ਪੀ ਈ ਸੀ) ਸਮੇਤ ਤਿੰਨ ਬਿੱਲਾਂ ਨੂੰ ਪਾਸ ਕਰਨ ਦੌਰਾਨ ਪਾਕਿਸਤਾਨ ਦੀ ਪਾਰਲੀਮੈਂਟ 'ਚ ਹੰਗਾਮਾ ਹੋਇਆ। ਵਿਰੋਧੀ ਧਿਰਾਂ ਦਾ ਦੋਸ਼ ਸੀ ਕਿ ਇਸ ਯੋਜਨਾ ਉਤੇ ਸਰਕਾਰ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦੇ ਰਹੀ। ਬਿੱਲ ਦੇ ਪਾਸ ਹੋਣ ਵੇਲੇ ਜਦੋਂ ਵਿਰੋਧੀ ਮੈਂਬਰਾਂ ਨੂੰ ਇਸ 'ਤੇ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ ਤਾਂ ਹੰਗਾਮਾ ਸ਼ੁਰੂ ਹੋ ਗਿਆ।

ਨੈਸ਼ਨਲ ਅਸੈਂਬਲੀ ਦੇ ਮੈਂਬਰ ਰੋਹ ਵਿੱਚ ਸਪੀਕਰ ਅਸਦ ਕੈਸਰ ਦੇ ਬੈਂਚ ਸਾਹਮਣੇ ਆ ਗਏ ਅਤੇ ਨਾਅਰੇਬਾਜ਼ੀ ਕਰਨ ਲੱਗੇ। ਉਨ੍ਹਾਂ ਨੇ ਮਹਿੰਗਾਈ ਦਾ ਵੀ ਮੁੱਦਾ ਚੁੱਕਿਆ। ਉਨ੍ਹਾਂ ਦਾ ਕਹਿਣਾ ਸੀ ਕਿ ਦੇਸ਼ ਵਿੱਚ ਬਿਜਲੀ ਅਤੇ ਪੈਟਰੋਲ ਦੀਆਂ ਵੱਧਦੀਆਂ ਕੀਮਤਾਂ ਨਾਲ ਲੋਕਾਂ ਦਾ ਜੀਉਣਾ ਮੁਹਾਲ ਹੋ ਗਿਆ ਹੈ। ਸੀ ਪੀ ਈ ਸੀ ਅਥਾਰਿਟੀ ਬਿੱਲ ਦੀ ਸਮਾਂ ਹੱਦ ਖ਼ਤਮ ਹੋਣ ਤੋਂ ਬਾਅਦ ਸਰਕਾਰ ਨੇ ਇਸ ਨੂੰ 120 ਦਿਨਾਂ ਲਈ ਵਧਾ ਦਿੱਤਾ ਸੀ। ਇਸ ਦੀ ਸਮਾਂ ਹੱਦ ਪਿਛਲੇ ਸਾਲ ਮਈ 'ਚ ਖ਼ਤਮ ਹੋ ਗਈ ਸੀ, ਓਦੋਂ ਤੋਂ ਵਿਰੋਧੀਆਂ ਦੇ ਵਿਰੋਧ ਦੇ ਕਾਰਨ ਇਹ ਬਿੱਲ ਪਾਸ ਨਹੀਂ ਹੋ ਸਕਿਆ ਸੀ।ਵਿਰੋਧੀਆਂ ਦਾ ਦੋਸ਼ ਹੈ ਕਿ ਯੋਜਨਾ 'ਚ ਜੋ ਸਵਾਲ ਖੜੇ ਹੋ ਰਹੇ ਹਨ, ਇਸ ਬਾਰੇ ਸਰਕਾਰ ਦੇ ਜਵਾਬ ਤੋਂ ਉਹ ਸੰਤੁਸ਼ਟ ਨਹੀਂ ਹਨ। ਯੋਜਨਾ ਦਾ ਰਿਟਾਇਰਡ ਲੈਫਟੀਨੈਂਟ ਜਨਰਲ ਅਸੀਮ ਸਲੀਮ ਬਾਜਵਾ ਨੂੰ ਮੁਖੀ ਬਣਾਇਆ ਜਾਣਾ ਵੀ ਵਿਵਾਦ ਪੂਰਨ ਹੈ।

# ਰੇਪ ਪੀੜਤਾ ਨੂੰ ਮਾਰਨ ਗਏ ਬਦਮਾਸ਼ਾਂ ਨੇ ਉਸ ਦੀ ਭੈਣ ਤੇ ਗੁਆਂਢੀ ਨੂੰ ਮਾਰ ਦਿੱਤਾ

ਮੋਟੇਂਗਟ, 4 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਲੁਸਿਆਨਾ 'ਚ ਰੇਪ ਪੀੜਤਾ ਨੂੰ ਮਾਰਨ ਗਏ ਬਦਮਾਸ਼ਾਂ ਨੇ ਉਸ ਦੀ ਭੈਣ ਤੇ ਗੁਆਂਢੀ ਨੂੰ ਮਾਰ ਦਿੱਤਾ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਬਲਾਤਕਾਰ ਦੇ ਦੋਸ਼ੀ ਬੇਆਕਸ ਕੋਮਰੀਅਰ (35) ਨੇ ਆਪਣੇ ਗੁਨਾਹ ਤੋਂ ਬਚਣ ਦੇ ਲਈ ਪੀੜਤਾ ਦੇ ਕਤਲ ਦੀ ਸਾਜ਼ਿਸ਼ ਰਚੀ। ਇਸ ਲਈ ਉਸ ਨੇ ਦੋ ਬਦਮਾਸ਼ਾਂ ਨੂੰ ਪੀੜਤ ਲੜਕੀ ਦੇ ਕਤਲ ਦੀ ਸੁਪਾਰੀ ਦਿੱਤੀ ਸੀ। ਪੁਲਸ ਨੇ ਕਾਤਲਾਂ ਐਂਡਰਿਊ ਐਸਕਿਨੇ (25), ਡਾਲਵਿਨ ਵਿਲਸਨ (22) ਨੂੰ ਫੜ ਲਿਆ ਹੈ। ਕੋਮਰੀਅਰ ਨੂੰ ਪਹਿਲਾਂ ਵਰਮਿਲੀਅਨ ਪੈਰਿਸ਼ 'ਚ ਰੇਪ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਨੇ ਉਸ ਉਤੇ ਦੋਸ਼ ਲਾਉਣ ਵਾਲੀ ਔਰਤ ਨੂੰ ਮਾਰਨ



ਲਈ ਐਸਕਿਨੇ ਤੇ ਵਿਲਸਨ ਨੂੰ ਸੁਪਾਰੀ ਦਿੱਤੀ ਤਾਂ ਕਿ ਪੀੜਤ ਔਰਤ ਉਸ ਦੇ ਖ਼ਿਲਾਫ਼ ਗਵਾਹੀ ਨਾ ਦੇ ਸਕੇ।ਪੁਲਸ ਨੇ ਦੱਸਿਆ ਕਿ ਐਸਕਿਨੇ ਤੇ ਵਿਲਸਨ ਪੀੜਤਾ ਦੇ ਘਰ ਗਏ ਅਤੇ ਉਸ ਬਾਰੇ ਪੁੱਛਿਆ। ਪੀੜਤਾ ਦੀ ਭੈਣ ਬ੍ਰਿਟਨੀ (34) ਨੇ ਉਨ੍ਹਾਂ ਨੂੰ ਕਿਹਾ ਕਿ ਉਹੀ ਉਹ ਔਰਤ ਹੈ, ਜਿਸ ਨੂੰ ਉਹ ਲੱਭਦੇ ਹਨ। ਫਿਰ ਉਨ੍ਹਾਂ ਨੇ ਬ੍ਰਿਟਨੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੀੜਤਾ ਦੇ ਗੁਆਂਢੀ ਹੋਪ ਨੇਟਲਟਨ (37) ਨੇ ਦੋਵਾਂ ਨੂੰ ਰੋਕਣ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਨੇ ਉਸ ਨੂੰ ਵੀ ਮਾਰ ਦਿੱਤਾ।

# ਗਾਂਧੀ ਦਾ ਬੁੱਤ ਤੋੜਨ ਦੇ ਰੋਸ ਵਜੋਂ ਮੁਜ਼ਾਹਰਾ

ਵਾਸ਼ਿੰਗਟਨ, 4 ਫਰਵਰੀ (ਪੋਸਟ ਬਿਊਰੋ)- ਕੈਲੀਫੋਰਨੀਆ 'ਚ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਮਹਾਤਮਾ ਗਾਂਧੀ ਦਾ ਬੁੱਤ ਤੋੜੇ ਜਾਣ ਦੇ ਖਿਲਾਫ ਇੱਥੋਂ ਦੇ ਸਿਟੀ ਪਾਰਕ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਨੇ ਸਾਂਝੇ ਤੌਰ 'ਤੇ ਰੋਸ ਮੁਜ਼ਾਹਰਾ ਕੀਤਾ। ਸੈਂਟਰਲ ਪਾਰਕ ਵਿੱਚ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਡੇਵਿਸ ਦੀ ਮੇਅਰ ਗਲੇਰੀਆ ਪਾਰਟਿਡਾ ਨੇ ਇਸ ਘਟਨਾ ਬਾਰੇ ਦੁੱਖ ਜ਼ਾਹਿਰ ਕਰਦੇ ਹੋਏ ਕਿਹਾ ਕਿ "ਭੰਨ ਤੋੜ ਦੀ ਇਸ ਘਟਨਾ ਨੂੰ ਕਦੀ ਮੁਆਫ ਨਹੀਂ ਕੀਤਾ ਜਾ ਸਕਦਾ। ਗਾਂਧੀ ਜੀ ਸਾਡੀ ਪ੍ਰੇਰਨਾ ਹਨ ਤੇ ਅਸੀਂ



ਕਿਸੇ ਅਜਿਹੀ ਘਟਨਾ ਦੀ ਇਜਾਜ਼ਤ ਨਹੀਂ ਦੇਵਾਂਗੇ।"

ਇੰਡੀਅਨ ਐਸੋਸੀਏਸ਼ਨ ਆਫ ਸੈਕਰਾਮੈਂਟੋ (ਆਈ ਏ ਐਸ) ਨੇ ਹੋਰਨਾਂ ਭਾਰਤੀ-ਅਮਰੀਕੀਆਂ ਅਤੇ ਹਿੰਦੂ-ਅਮਰੀਕੀਆਂ ਨਾਲ ਮਿਲ ਕੇ ਇਹ ਰੋਸ ਮੁਜ਼ਾਹਰਾ ਕੀਤਾ ਸੀ। ਇਸੇ ਦੌਰਾਨ ਖਾਲਿਸਤਾਨੀ ਵੱਖਵਾਦੀਆਂ ਦੀ ਅਗਵਾਈ ਵਾਲੇ 'ਆਰਗੇਨਾਈਜ਼ੇਸ਼ਨ ਫਾਰ ਮਾਈਨਾਰਿਟੀਜ਼ ਇਨ ਇੰਡੀਆ' ਦੇ ਮੈਂਬਰਾਂ ਨੇ ਗਾਂਧੀ ਖਿਲਾਫ ਨਾਅਰੇਬਾਜ਼ੀ ਕੀਤੀ।

# ਮਸਕ ਇਸ ਸਾਲ ਇੰਸਪੀਰੇਸ਼ਨ 4 ਮਿਸ਼ਨ ਲਾਂਚ ਕਰਨਗੇ

ਸਾਨ ਫਰਾਂਸਿਸਕੋ, 4 ਫਰਵਰੀ (ਪੋਸਟ ਬਿਊਰੋ)- ਏਲਨ ਮਸਕ ਦੀ ਕੰਪਨੀ ਸਪੇਸਐਕਸ ਨੇ ਸਾਲ 2021 ਦੇ ਅੰਤ ਤੱਕ ਪੁਲਾੜ ਵਿੱਚ ਪਹਿਲਾ ਆਲ ਕਮਰਸ਼ੀਅਲ ਐਸਟ੍ਰੋਨਾਟ ਕਰੂਅ ਭੇਜਣ ਦਾ ਫੈਸਲਾ ਲਿਆ ਹੈ। ਇਸ ਮੁਹਿੰਮ ਦਾ ਸੰਚਾਲਨ ਇਕ ਚੈਰਿਟੀ ਦੁਆਰਾ ਕੀਤਾ ਜਾ ਰਿਹਾ ਹੈ, ਜਿਸ ਦੀ ਕਮਾਂਡ ਅਮਰੀਕੀ ਉਦਯੋਗਪਤੀ ਜੇਰੇਡ ਇਸਾਕਮੈਨ ਦੇ ਹੱਥਾਂ ਵਿੱਚ ਹੈ। ਇਸਾਕਮੈਨ ਦੇ ਨਾਲ ਸਪੇਸਐਕਸ ਦੇ ਕਰੂਅ ਡ੍ਰੈਗਨ ਕੈਪਸੂਲ ਵਿੱਚ ਸਵਾਰ ਹੋ ਕੇ ਪੁਲਾੜ ਦੀ ਸੈਰ 'ਤੇ ਨਿਕਲਣ ਵਾਲੇ ਤਿੰਨ



ਹੋਰ ਪੁਲਾੜ ਯਾਤਰੀਆਂ ਦਾ ਐਲਾਨ ਜਲਦੀ ਕੀਤਾ ਜਾਏਗਾ। ਇਸ ਸਫਰ ਵਿੱਚ ਇੱਕ ਕਸਟਮਾਈਜਡ ਰੂਟ ਉੱਤੇ ਹਰ ਨੱਬੇ ਮਿੰਟ ਵਿੱਚ ਯਾਤਰੀਆਂ ਨੂੰ ਧਰਤੀ ਦੀ ਪ੍ਰਕਰਮਾ ਕਰਾਈ ਜਾਵੇਗੀ। ਕਈ ਦਿਨਾਂ ਦੇ ਇਸ ਸਫਰ ਦੇ ਅਖੀਰ ਵਿੱਚ ਡ੍ਰੈਗਨ ਦੀ ਧਰਤੀ 'ਤੇ ਲੈਂਡਿੰਗ ਫਲੋਰੀਡਾ ਦੇ ਤਟ 'ਤੇ ਹੋਵੇਗੀ, ਇਸ ਨੂੰ ਪਾਣੀ ਵਿੱਚ ਲੈਂਡ ਕਰਵਾਇਆ ਜਾਏਗਾ। 37 ਸਾਲਾ ਜੇਰੇਡ ਇਸਾਕਮੈਨ ਸ਼ਿਫਟ ਚਾਰ ਪੇਮੈਂਟਸ ਕੰਪਨੀ ਦੇ ਮੋਢੀ ਅਤੇ ਸੀ ਈ ਓ ਹਨ ਅਤੇ ਨਾਲ ਉਹ ਇੱਕ ਟ੍ਰੇਂਡ ਪਾਇਲਟ ਹਨ। ਉਨ੍ਹਾਂ ਨੇ ਕਿਹਾ, ਇੰਸਪੀਰੇਸ਼ਨ ਚਾਰ ਕਿਸੇ ਸੁਫਨੇ ਦੇ ਸੱਚ ਹੋਣ ਦਾ ਅਹਿਸਾਸ ਹੈ ਅਤੇ ਇਹ ਭਵਿੱਖ ਵੱਲ ਵਧਾਇਆ ਗਿਆ ਇੱਕ ਕਦਮ ਵੀ ਹੈ, ਜਿਸ ਵਿੱਚ ਕੋਈ ਵੀ ਪੁਲਾੜ ਵਿੱਚ ਜਾ ਕੇ ਸਿਤਾਰਿਆਂ ਦਾ ਅਨੁਭਵ ਲੈ ਸਕਦਾ ਹੈ।




# ਲੁਧਿਆਣਾ ਵਿਖੇ 'ਪੰਜਾਬ ਬਚਾਓ' ਮੁਹਿੰਮ ਦਾ ਕੀਤਾ ਸਮਾਗਮ

## ਜੱਥੇਦਾਰ ਗਿਆਨੀ ਕੇਵਲ ਸਿੰਘ ਨੇ ਕੀਤੀ ਸਮਾਗਮ ਦੀ ਪ੍ਰਧਾਨਗੀ



ਲੁਧਿਆਣਾ, 4 ਫਰਵਰੀ (ਗਿਆਨ ਸਿੰਘ): ਪੰਜਾਬ ਬਚਾਓ ਕਾਫਲੇ ਦੀ 1 ਨਵੰਬਰ 2020 ਤੋਂ ਸ਼ੁਰੂ ਹੋਈ ਮੁਹਿੰਮ 30 ਜਨਵਰੀ 2021 ਨੂੰ ਲੁਧਿਆਣਾ ਵਿਖੇ ਸਮਾਪਤ ਹੋਈ। ਰਾਮਗੜ੍ਹੀਆ ਗਰਲਜ ਕਾਲਜ ਸਮਾਪਤੀ ਸਮਾਗਮ ਗਿਆਨੀ ਕੇਵਲ ਸਿੰਘ ਸਾਬਕਾ ਜੱਥੇਦਾਰ , ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਪ੍ਰਧਾਨਗੀ ਹੇਠ ਹੋਇਆ। ਉਹਨਾਂ ਪਿੰਡ ਬਚਾਓ, ਪੰਜਾਬ ਬਚਾਓ ਮੁਹਿੰਮ ਦੇ ਮੰਤਮ ਅਤੇ ਪ੍ਰਾਪਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ,ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਕਿਰਨ-ਜੋਤ ਕੌਰ ਝੁਨੀਰ ਨੇ ਮੁਹਿੰਮ ਦੀ ਰੰਗ ਰਿਪੋਰਟ ਸਮਾਗਮ ਵਿੱਚ ਪੇਸ਼ ਕੀਤੀ। ਸਟੇਜ ਸਕੱਤਰ ਦੀ ਸੇਵਾ ਕਾਫਲੇ ਦੇ ਆਗੂ ਦਰਸ਼ਨ ਸਿੰਘ ਧਨੇਠਾ ਨੇ ਨਿਭਾਈ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਇਸ ਕਾਫਲੇ ਦੇ ਮਨੋਰਥ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕਰਨੈਲ ਸਿੰਘ ਜਖੇਪਲ ਨੇ ਸਰਕਾਰ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਪੁਰ ਅਮਨ ਸੰਘਰਸ਼ ਨੂੰ ਜੋ ਕਿ ਜਨਤਕ ਬਣ ਚੁੱਕਿਆ, ਵਿੱਚ ਹਿੰਸਾ ਭੜਕਾਉਣ ਵਾਸਤੇ ਹਰ ਹਰਬਾ ਵਰਤਿਆ। ਅਸਫਲ ਹੋਣ ਤੇ 26 ਜਨਵਰੀ ਨੂੰ ਲਾਲ ਕਿਲ੍ਹਾ ਸੁੰਨਾ ਛੱਡ ਕੇ ਰਸਤਿਆਂ ਤੋਂ ਭਟਕਾ ਕੇ ਸਮਾਜ ਵਿਰੋਧੀ ਤੱਤਵ ਭੇਜ ਕੇ ਹਿੰਸਾ ਭੜਕਾਉਣ ਦੀ ਸਰਕਾਰ ਨੇ ਸੰਭਵ ਕੋਸ਼ਿਸ਼ ਕੀਤੀ। ਅਸੀਂ ਇਸ ਕੋਝੀ ਹਰਕਤ ਦੀ ਨਿੰਦਾ ਕਰਦੇ ਹਾਂ ਅਤੇ ਸਰਕਾਰ ਵੱਲੋਂ ਹੀ ਦੇਸ਼ ਨੂੰ ਧਰਮਾਂ ਜਾਤਾਂ ਫਿਰਕਿਆਂ ਵਿੱਚ ਵੰਡਣ ਦੀ ਚਾਲ ਦੀ ਕਰੜੀ ਨਿੰਦਾ ਕੀਤੀ।

ਜਸਪਾਲ ਸਿੰਘ ਸਿੱਧੂ ਨੇ, ਕਿਸਾਨਾਂ ਵੱਲੋਂ, ਚਲਾਏ ਜਾ ਰਹੇ ਪੁਰ ਅਮਨ ਸੰਘਰਸ਼ ਦੀ ਹਰ ਮੁਸੀਬਤ ਵਿੱਚ ਸ਼ਾਂਤ ਰਹਿਣ ਦੀ ਅਪੀਲ ਕੀਤੀ । ਉਹਨਾਂ ਕਿਹਾ ਕਿਸਾਨਾਂ ਦੇ ਸਬਰ ਸਿਦਕ ਤੇ ਦ੍ਰਿੜ ਇਰਾਦਿਆਂ ਦੀ ਸ਼ਲਾਘਾ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਉਹ ਬੀ.ਜੇ.ਪੀ ਵੱਲੋਂ ਪੁਲਿਸ ਪ੍ਰਸ਼ਾਸਨ ਦੀ ਛੱਤਰ ਛਾਇਆ ਵਿੱਚ ਸਮਾਜ ਵਿਰੋਧੀ ਅਨਸਰ ਭੇਜ ਕੇ ਹਿੰਸਕ ਗਰੋਹ ਤੇ ਕਾਤਲ ਗਰੋਹਾਂ ਵੱਜੋਂ ਕੀਤੀ ਹਿੰਸਾ ਦਾ ਪੁਰ ਅਮਨ ਰਹਿ ਕੇ ਮੁਕਾਬਲਾ ਕਰਨਗੇ। ਉਹਨਾਂ ਕਿਹਾ ਕਿ ਸਰਕਾਰ ਦੇ ਇਸ ਨੂੰ ਹਿੰਸਕ ਬਣਾਉਣ ਇਰਾਦਿਆਂ ਨੂੰ ਮਾਤ ਦੇਣਗੇ।

ਹਰਿੰਦਰ ਸਿੰਘ ਮਾਨਸ਼ਾਹੀਆ ਨੇ, ਕਿਸਾਨੀ ਖੇਤੀ ਬਿੱਲਾਂ ਵਿਰੁੱਧ ਦੇਸ਼ ਵਿੱਚ ਜਨਤਕ ਸਮਰਥਣ ਦੀ ਸ਼ਲਾਘਾ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਸਰਕਾਰ ਦੀਆਂ ਚਾਲਾਂ ਤੇ ਕੁਫਰ ਜੋ ਉਹ ਲਗਾਤਾਰ ਇਸ ਅੰਦੋਲਨ ਨੂੰ ਅੱਤਵਾਦੀ, ਵੱਖਵਾਦੀ, ਖਾਲਸਤਾਨੀ, ਅਤੇ ਨਕਸ਼ਲਾਈਟ ਕਹਿ ਕੇ ਭੰਡਣ ਦੀ ਹਰ ਸੰਭਵ ਚਾਲ ਚੱਲ ਰਹੀ ਹੈ ਤੇ ਸਰਕਾਰ ਪੱਖੀ ਨੀਤੀਆਂ ਉਸ ਦੇ ਨਾਲ ਰਲੇ ਹੋਣ ਦੇ ਬਾਵਜੂਦ ਖੇਤੀ ਕਾਨੂੰਨਾਂ ਵਿਰੱਧ ਉੱਠਕੇ ਅਤੇ ਮੁੜ ਜਥੇਬੰਦ ਹੋਏ ਇਸ ਜਨ-ਸਲਾਬ ਨੂੰ ਪੁਰ ਅਮਨ ਰੱਖਣਗੇ ਤੇ ਜਿੱਤ ਪ੍ਰਾਪਤ ਕਰਨਗੇ।

ਜਮਾਤੇ ਇਸਲਾਮੀਆਂ ਦੇ ਆਗੂ ਅਬਦੁਲ ਗਾਫੁਰ ਨੇ ,ਸਰਕਾਰੀ ਜ਼ਬਰ, ਗੈਰ ਮਨੁੱਖੀ ਵਤੀਰੇ ਦੇ ਸਾਹਮਣੇ ਪੁਲਿਸ ਤੋਂ ਨਿਰਭੈ ਹੋ ਕੇ ਵੱਡੇ ਸੰਕਟ ਦੀ ਘੜੀ ਵਿੱਚ ਰਾਕੇਸ ਟਿਕੈਤ ਜੀ ਨੇ ਆਪਣੀ ਕੁਰਬਾਨੀ ਦੇਣ ਦਾ ਐਲਾਨ ਕਰਕੇ, ਆਪਣੇ ਸਾਥੀਆਂ ਨੂੰ ਇੱਕਲੇ ਛੱਡਕੇ ਸਰਕਾਰੀ ਬਘਿਆੜਾਂ ਸਾਹਮਣੇ ਛੱਡਣ ਤੋਂ ਨਾਂਹ ਕਰਕੇ, ਮੋਰਚੇ ਵਿੱਚ ਨਵੀਂ ਰੂਹ ਫੂਕ ਦਿੱਤੀ, ਉਸਦੀ ਸ਼ਲਾਘਾ ਕਰਦੇ ਹਾਂ। ਹਰਿਆਣਾ, ਉਤਰ ਪ੍ਰਦੇਸ਼ ਦੇ ਕਿਸਾਨਾਂ ਵੱਲੋਂ ਤੁਰੰਤ ਇਕੱਤਰ ਹੋਕੇ ਇਸ ਸੰਘਰਸ਼ ਨੂੰ ਬਲ ਦਿੱਤਾ ਜਿਸ ਨੇ ਸੰਘਰਸ਼ ਨੂੰ ਹੋਰ ਤਕੜਾ ਕਰਕੇ ਸਾਬਤ ਕਦਮੀ ਦਿੱਤੀ।

ਪ੍ਰੋ. ਮਨਜੀਤ ਸਿੰਘ ਨੇ, ਕੇਂਦਰ ਸਰਕਾਰ ਨੂੰ ਜਿਨਸਾਂ, ਉਤਪਾਦਨ ਤੇ ਵਿਕਰੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਚਾਲ-ਵਸ ਤੇ ਸੰਘੀ ਢਾਂਚੇ ਤੇ ਸੰਵਿਧਾਨ ਦਾ ਹਨਨ ਕਰਕੇ ਕੇਂਦਰੀਕਰਣ ਵੱਲ ਵਧਣ ਦੀ ਕਰੜੀ ਨਿੰਦਾ ਕਰਦੇ ਹਾਂ। ਸਰਕਾਰ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਲੋਕਾਂ ਦੀ ਰੋਜ਼ੀ ਰੋਟੀ ਖੋਹਣ ਦੇ ਮਨਸੂਬੇ ਛੱਡਣ ਲਈ ਮਜਬੂਰ ਕਰਨ ਵਾਸਤੇ ਲੋਕ ਏਕੇ ਨਾਲ ਸੰਘਰਸ਼ ਅੱਗੇ ਵੱਧਣਗੇ। ਇਸ ਕਾਰਜ ਵਿੱਚ ਕਿਸਾਨੀ ਲੀਡਰਸ਼ਿਪ ਨੇ ਯੋਜਨਾਬੰਦੀ, ਦ੍ਰਿੜ ਇਰਾਦੇ ਸਿਦਕ ਤੇ ਸਬਰ ਨਾਲ ਇਸ ਸੰਘਰਸ਼ ਨੂੰ ਏਕੇ ਰਾਹੀਂ ਜਨਤਕ ਬਣਾਇਆ ਅਤੇ ਬੇਨਤੀ ਕਰਦੇ ਹਾਂ ਕਿ ਉਹ ਸਰਕਾਰ ਦੀਆਂ ਚਾਲਾਂ ਤੋਂ ਸੁਚੇਤ ਰਹਿਣ।

ਡਾ. ਪਿਆਰੇ ਲਾਲ ਗਰਗ ਨੇ, ਦਿੱਲੀ ਪੁਲਿਸ ਵੱਲੋਂ ਨੌਜਵਾਨਾਂ ਨੂੰ ਫੜ੍ਹਕੇ ਸ਼ਾਹੀਨ ਬਾਗ ਅਤੇ ਭੀਮਾਕੋਰੇ ਗਾਓ ਦੇ ਵਾਂਗ ਹੀ ਦੇਸ਼ ਧਰੋਹੀ ਗਰਦਾਨਣ ਦੀ ਸਖਤ ਨਿੰਦਾ ਕਰਦਾ ਹੈ। ਦੇਸ਼ ਭਗਤੀ ਦਾ ਸਰਟੀਫਿਕੇਟ ਵੰਡਣ ਵਾਲੀ ਆਰ.ਐਸ.ਐਸ ਹਿੰਦੂਤਵੀ ਵਿਚਾਰਧਾਰਾ ਹਜੂਮੀ ਭੀੜ ਪੈਦਾ ਕਰਕੇ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ ਦਾ ਵਿਰੋਧ ਕਰਦਿਆਂ ਸਾਰੇ ਝੂਠੇ ਕੇਸ ਵਾਪਸ ਲੈਣ ਅਤੇ ਗ੍ਰਿਫਤਾਰ ਕਿਸਾਨਾਂ ਨੂੰ ਰਿਹਾ ਕਰਨ ਦੀ ਮੰਗ ਕਰਦੇ ਹੈ।

ਡਾ. ਖੁਸ਼ਹਾਲ ਸਿੰਘ ਨੇ, ਗੋਦੀ ਮੀਡੀਆਂ ਨੂੰ ਖੁੱਲ੍ਹੀ ਛੁੱਟੀ ਦੇਕੇ, ਉਤਸ਼ਾਹਤ ਕਰਕੇ, ਸਰਕਾਰ ਵੱਲੋਂ ਝੂਠਾ-ਦੰਭੀ ਅਤੇ ਫਿਰਕਾਪ੍ਰਸਤ ਪ੍ਰਾਪੇਗੰਡਾ ਪਰਸਾਰਕੇ, ਸਮਾਜ ਨੂੰ ਵੱਖ ਵੱਖ ਖੇਮਿਆਂ ਵਿੱਚ ਵੰਡਣ ਦੀਆਂ ਘਣੌਣੀਆਂ ਚਾਲਾਂ ਦੀ ਸਖਤ ਨਿਖੇਧੀ ਕਰਦੇ ਹਾਂ। ਅਜਿਹੀਆਂ ਪੁਰਾਣੀਆਂ ਕੁਚਾਲਾਂ ਅਤੇ ਘਟੀਆਂ ਸਰਕਾਰੀ ਨੀਤੀਆਂ ਦੇ ਨਾਲ ਨਾਲ ਸਰਕਾਰ ਵੱਲੋਂ ਇਮਾਨਦਾਰ ਪੱਤਰਕਾਰੀ ਅਤੇ ਸੁਹਿਰਦ ਅਤੇ ਲੋਕ-ਪੱਖੀ ਪੱਤਰਕਾਰਾਂ ਨੂੰ ਪੁਲਿਸ/ਪ੍ਰਸ਼ਾਸਨ ਵੱਲੋਂ ਡਰਾਉਣ, ਧਮਕਾਉਣ ਅਤੇ ਗ੍ਰਿਫਤਾਰ ਕਰਨ ਦੀ ਵੀ ਸਖਤ ਨਿਖੇਧੀ ਕਰਦੇ ਹਾਂ।

ਪ੍ਰੋ. ਜਗਮੋਹਨ ਸਿੰਘ ਨੇ, ਕਿਸਾਨ ਸੰਘਰਸ਼ ਦੌਰਾਨ ਕੁਰਬਾਨ ਹੋਏ ਸਮੂਹ ਕਿਸਾਨਾਂ ਨੂੰ ਸਰਧਾਜਲੀ ਭੇਟ ਕਰਦਾ ਹੈ ਅਤੇ ਭਾਜਪਾ ਅਤੇ ਸੰਘੀ ਗੁੰਡਿਆਂ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਹ-ਮਣੇ ਕੀਤੇ ਗਏ ਫਿਰਕਾਪ੍ਰਸਤ ਪਰਦਸ਼ਨ ਦੀ ਘੋਰ ਨਿੰਦਾ ਕਰਦਾ ਹੈ।

ਇਸ ਸਮਾਗਮ ਵਿੱਚ ਰਵੀ ਕੁਮਾਰ, ਸਾਬਕਾ ਵਿਧਾਇਕ ਤਰਸਮੇ ਜੋਧਾ, ਬੀਬੀ ਰਮਨਜੀਤ ਕੌਰ ਮਲਖਾਈ, ਪ੍ਰੋ. ਵਿਮਲ ਧਮੋਟ, ਚੂਨੀ ਲਾਲ ਗੰਗਾ ਨਗਰ, ਪ੍ਰੀਤਮ ਸਿੰਘ ਫਾਜਿਲਕਾ, ਬੀਬੀ ਨਜਮਾ ਮਲੇਕੋਟਲਾ, ਗੁਰਮੀਤ ਸਿੰਘ ਪਲਾਹੀ, ਪ੍ਰਿੰ. ਗੁਰਬਚਨ ਸਿੰਘ, ਸਰਦਾਰ ਸਲੋਚਨਵੀਰ ਸਿੰਘ ਨੇ ਸੰਬੋਧਨ ਕੀਤਾ। ਸਮਾਗਮ ਦੇ ਅੰਤ ਵਿੱਚ ਰਾਮਗੜੀਆਂ ਕਾਲਜ ਦੇ ਚੈਅਰਮੇਨ ਰਣਜੋਧ ਸਿੰਘ ਨੇ ਧੰਨਵਾਦੀ ਭਾਸਣ ਦਿੱਤਾ।

# ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




# ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

# ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

# ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ


15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



# ਲੋਕ ਇਨਸਾਫ ਪਾਰਟੀ ਵੱਲੋਂ ਸੋਨੇ ਦੀ ਕਹੀ ਨਾਲ ਟਿਕੈਤ ਨੂੰ ਸਨਮਾਨਿਤ ਕੀਤਾ ਜਾਵੇਗਾ



ਅੰਮ੍ਰਿਤਸਰ, 4 ਫਰਵਰੀ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਬੈਂਸ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਕੱਲ੍ਹ ਜਦੋਂ ਪੁੱਜੇ ਤਾਂ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਵਿਖੇ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਦੀ ਚੜ੍ਹਦੀ ਕਲਾ ਲਈ ਮੰਗਲਵਾਰ ਨੂੰ ਪਾਰਟੀ ਦੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਵੀ ਅਰਦਾਸ ਕਰ ਕੇ ਗਏ ਹਨ ਤੇ ਅੱਜ ਉਨ੍ਹਾਂ ਨੇ ਅਰਦਾਸ ਕੀਤੀ ਹੈ।

ਇਸ ਮੌਕੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਲੋਕਾਂ ਅਤੇ ਕਿਸਾਨਾਂ ਦੀ ਆਵਾਜ਼ ਦਬਾ ਕੇ ਕੇਂਦਰ ਸਰਕਾਰ ਤਾਨਾਸ਼ਾਹੀਵਿਹਾਰ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਦੀ ਪਾਰਟੀ ਨੇ ਵੱਡਾ ਕਾਫਲਾ ਅੰਮ੍ਰਿਤਸਰ ਦੇ ਗੋਲਡਨ ਗੇਟ ਤੋਂ ਦਿੱਲੀ ਸਿੰਘੂ ਬਾਰਡਰ ਨੂੰ ਰਵਾਨਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਰਾਕੇਸ਼ ਟਿਕੈਤ ਨੇ ਜੋ ਨਵਾਂ ਉਤਸ਼ਾਹ ਫੂਕਿਆ ਹੈ, ਉਸ ਲਈ ਪਾਰਟੀ ਰਾਕੇਸ਼ ਟਿਕੈਤ ਨੂੰ ਸੋਨੇ ਦੀ ਕਹੀ ਦੇ ਕੇ ਸਨਮਾਨਤ ਕਰੇਗੀ। ਉਨ੍ਹਾਂ ਨੇ ਸੂਬਾ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਕਾਨੂੰਨ ਰੱਦ ਕਰਨ ਬਾਰੇ ਉਨ੍ਹਾਂ ਦੀ ਗੱਲ ਨਹੀਂ ਮੰਨਦੀ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਚਾਹੀਦਾ ਹੈ ਕਿ ਆਪਣੇ 115 ਵਿਧਾਇਕਾਂ ਦੇ ਨਾਲ ਦਿੱਲੀ ਬਾਰਡਰ ’ਤੇ ਇਕੱਠੇ ਹੋ ਕੇ ਕੇਂਦਰ ਸਰਕਾਰ ’ਤੇ ਕਾਨੂੰਨ ਰੱਦ ਕਰਨ ਲਈ ਦਬਾਅ ਬਣਾਉਣ।

# ਨਕੋਦਰ ਬੇਅਦਬੀ ਕਾਂਡ ਵਿਚ ਮਾਰੇ ਗਏ ਨੌਜਵਾਨਾਂ ਦੇ ਮਾਪਿਆਂ ਨੂੰ 35 ਸਾਲ ਪਿੱਛੋਂ ਵੀ ਨਿਆਂ ਨਹੀਂ ਮਿਲ ਸਕਿਆ

ਜਲੰਧਰ, 4 ਫਰਵਰੀ (ਪੋਸਟ ਬਿਊਰੋ)- ਨਕੋਦਰ ਬੇਅਦਬੀ ਕਾਂਡ ਦੇ 35 ਸਾਲ ਬੀਤ ਜਾਣ ’ਤੇ ਵੀ ਇਸ ਕਾਂਡ ਵਿੱਚ ਮਾਰੇ ਗਏ ਨੌਜਵਾਨਾਂ ਦੇ ਪੀੜਤ ਮਾਪਿਆਂ ਨੂੰ ਇਨਸਾਫ ਨਹੀਂ ਮਿ-ਲਿਆ।

ਵਰਨਣ ਯੋਗ ਹੈ ਕਿ ਇਸ ਘਟਨਾ ’ਚ ਚਾਰ ਸਿੱਖ ਨੌਜਵਾਨ ਪੁਲਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ। ਇਨ੍ਹਾਂ ਚਾਰ ਸਿੱਖ ਨੌਜਵਾਨਾਂ ’ਚੋਂ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਜਿੱਥੇ ਇਨਸਾਫ ਦੀ ਮੰਗ ਕੀਤੀ ਹੈ, ਉਥੇ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਵੱਲੋਂ ਨਕੋਦਰ ਬੇਅਦਬੀ ਕਾਂਡ ਦੀ ਮੁੜ ਤੋਂ ਜਾਂਚ ਕਰਵਾਉਣ ਦਾ ਵਾਅਦਾ ਯਾਦ ਕਰਵਾਇਆ ਹੈ।



ਸ਼੍ਰੋਮਣੀ ਅਕਾਲੀ ਦਲ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੇਲੇ ਦੋ ਫਰਵਰੀ 1986 ਨੂੰ ਨਕੋਦਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੇ ਸਨ। ਇਸ ਦੇ ਵਿਰੁੱਧ ਚਾਰ ਫਰਵਰੀ ਨੂੰ ਸ਼ਾਂਤ ਮਈ ਰੋਸ ਕਰਦੀ ਸੰਗਤ ’ਤੇ ਪੰਜਾਬ ਪੁਲਸ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਹਰਮਿੰਦਰ ਸਿੰਘ ਚਲੂਪਰ ਅਤੇ ਝਿਲਮਣ ਸਿੰਘ ਗੌਰਸੀਆਂ ਮਾਰੇ ਗਏ ਸਨ। ਪੀੜਤ ਮਾਪਿਆਂ ’ਚੋਂ ਬੀਬੀ ਬਲਦੀਪ ਕੌਰ ਤੇ ਬਲਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਭਾਵੇਂ ਪਰਵਾਰਾਂ ਨੂੰ ਨਿਆਂ ਨਹੀਂ ਦਿੱਤਾ, ਪਰ ਸਿੱਖ ਪੰਥ ਨੇ ਇਸ ਮੁੱਦੇ ਨੂੰ ਕੇਂਦਰ ਬਿੰਦੂ ’ਤੇ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ, ਕੈਨੇਡਾ, ਯੂ ਕੇ, ਫਰਾਂਸ, ਜਰਮਨੀ, ਇਟਲੀ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ ਦੁਨੀਆ ਦੇ ਵੱਖ-ਵੱਖ ਸਿੱਖ, ਧਾਰਮਿਕ, ਮਨੁੱਖੀ ਅਧਿਕਾਰ, ਵਿਦਿਆਰਥੀ ਤੇ ਸਿਆਸੀ ਸੰਗਠਨਾਂ ਨੇ ਇਕੱਠੇ ਹੋ ਕੇ ਚਾਰ ਫਰਵਰੀ ਨੂੰ ‘ਸਾਕਾ ਨਕੋਦਰ ਗਲੋਬਲ ਜਾਗਰੂਕਤਾ ਦਿਵਸ’ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

# ਰਿਸ਼ਵਤ ਲੈਂਦੇ ਦੋ ਪੁਲਸ ਮੁਲਾਜ਼ਮ ਫੜੇ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਸਹਾਇਕ ਸਬ ਇੰਸਪੈਕਟਰ ਅਤੇ ਹਵਾਲਦਾਰ ਨੂੰ ਕੱਲ੍ਹ 19 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਪੁਲਸ ਚੌਕੀ ਫੇਜ਼-8 ਮੋਹਾਲੀ ਵਿਖੇ ਤੈਨਾਤ ਕ੍ਰਿਸ਼ਨ ਕੁਮਾਰ ਏ ਐਸ ਆਈ ਅਤੇ ਹਵਾਲਦਾਰ ਅਜੈ ਗਿੱਲ ਨੂੰ ਵਿਜੀਲੈਂਸ ਟੀਮ ਨੇ 10 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਇਹ ਪੁਲਸ ਵਾਲੇ ਉਸ ਦਾ ਲੈਪਟਾਪ, ਪ੍ਰਿੰਟਰ ਤੇ ਹੋਰ ਕੀਮਤੀ ਚੀਜ਼ਾਂ ਵਾਪਸ ਕਰਨ ਬਦਲੇ 25000 ਰੁਪਏ ਰਿਸ਼ਵਤ ਮੰਗ ਰਹੇ ਹਨ। ਇਹ ਚੀਜ਼ਾਂ ਉਹ ਇੰਡਸਟਰੀਅਲ ਏਰੀਆ, ਫੇਜ਼ 8 ਮੋਹਾਲੀ ਵਿਖੇ ਸਾਈਂ ਰਾਮ ਲੋਨ ਫਰਮ ਤੋਂ ਚੁੱਕ ਕੇ ਲੈ ਗਏ ਸਨ। ਜਦੋਂ ਉਹ ਪੁਲਸ ਚੌਕੀ ਪਹੁੰਚਿਆ ਤਾਂ ਅਜੇ ਗਿੱਲ ਨੇ ਕਿਹਾ, ‘ਜੇ ਚਾਹੁੰਦੇ ਹੋ ਕਿ ਤੁਹਾਡੀਆਂ ਚੀਜ਼ਾਂ ਵਾਪਸ ਕੀਤੀਆਂ ਜਾਣ ਤਾਂ ਤੁਹਾਨੂੰ 25000 ਰੁਪਏ ਰਿਸ਼ਵਤ ਦੇਣੀ ਪਵੇਗੀ।’ ਸ਼ਿਕਾਇਤਕਰਤਾ ਨੇ ਉਨ੍ਹਾਂ ਨੂੰ ਆਪਣੇ ਦੋਸਤ ਤੋਂ ਹੁਦਾਰ ਲੈ ਕੇ 8000 ਰੁਪਏ ਦੇ ਦਿੱਤੇ। ਕੁਝ ਦਿਨਾਂ ਬਾਅਦ ਹਵਾਲਦਾਰ ਅਜੈ ਗਿੱਲ ਇੱਕ ਹੋਰ ਕਰਮਚਾਰੀ ਨਾਲ ਦੁਬਾਰਾ ਉਸ ਦੇ ਦਫਤਰ ਆਇਆ ਅਤੇ ਉਸ ਨੂੰ ਰਿਸ਼ਵਤ ਦੇ ਬਾਕੀ ਪੈਸੇ ਦੇਣ ਦੀ ਧਮਕੀ ਦਿੱਤੀ ਤੇ ਚੌਕੀ ਵਿਖੇ ਕ੍ਰਿਸ਼ਨ ਕੁਮਾਰ ਏ ਐਸ ਆਈ ਅਤੇ ਇੱਕ ਹੋਰ ਏ ਐਸ ਆਈ ਅੱਗੇ ਪੇਸ਼ ਕੀਤਾ। ਦੋਵਾਂ ਨੇ ਉਸ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕਰਨ ਦੀ ਧਮਕੀ ਦੇ ਕੇ 25000 ਰੁਪਏ ਦੇਣ ਲਈ ਕਿਹਾ। ਇਸ ਕਾਰਨ ਉਸ ਨੇ ਮੌਕੇ ’ਤੇ ਉਨ੍ਹਾਂ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ 7000 ਰੁਪਏ ਦੇ ਦਿੱਤੀ। ਫੇਰ ਵੀ ਲਗਾਤਾਰ ਤੰਗ-ਪ੍ਰੇਸ਼ਾਨ ਕਰਨ ’ਤੇ ਉਸ ਨੂੰ ਵਿਜੀਲੈਂਸ ਤਕ ਪਹੁੰਚ ਕਰਨੀ ਪਈ।

# ਅਯੁਧਿਆ ਵਿੱਚ ਮਸਜਿਦ ਲਈ ਅਲਾਟ ਹੋਈ ਜ਼ਮੀਨ ’ਤੇ ਦੋ ਪੰਜਾਬਣਾਂ ਨੇ ਹੱਕ ਜਤਾਇਆ

ਲਖਨਊ, 4 ਫਰਵਰੀ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ’ਚ ਕੱਲ੍ਹ ਇੱਕ ਰਿੱਟ ਦਾਖਲ ਕਰ ਕੇ ਅਯੁੱਧਿਆ ਦੇ ਧੰਨੀਪੁਰ ਪਿੰਡ ਵਿੱਚ ਮਸਜਿਦ ਬਣਾਉਣ ਲਈ ਯੂ ਪੀ ਸੁੰਨੀ ਸੈਂਟਰਲ ਵਕਫ ਬੋਰਡ ਨੂੰ ਅਲਾਟ ਕੁੱਲ 29 ਏਕੜ ਜ਼ਮੀਨ ’ਚੋਂ ਪੰਜ ਏਕੜ ਨੂੰ ਵਿਵਾਦਤ ਦੱਸਿਆ ਗਿਆ ਹੈ।

ਇਹ ਪਟੀਸ਼ਨ ਦਿੱਲੀ ਦੀ ਰਾਣੀ ਕਪੂਰ ਪੰਜਾਬੀ ਤੇ ਰਮਾ ਰਾਣੀ ਪੰਜਾਬੀ ਨੇ ਦਾਖਲ ਕੀਤੀ ਹੈ। ਇਸ ’ਤੇ ਅੱਠ ਫਰਵਰੀ ਨੂੰ ਸੁਣਵਾਈ ਹੋਣ ਦੀ ਸੰਭਾਵਨਾ ਹੈ।ਪਟੀਸ਼ਨ ਦਾਖਲ ਕਰ ਕੇ ਦੋਵਾਂ ਔਰਤਾਂ ਨੇ ਅਲਾਟ ਜ਼ਮੀਨ ’ਚ ਪੰਜ ਏਕੜ ਉਤੇ ਆਪਣਾ ਹੱਕ ਹੋਣ ਦਾ ਦਾਅਵਾ ਕੀਤਾ ਅਤੇ ਕਿਹਾ ਹੈ ਕਿ ਉਕਤ ਪੰਜ ਏਕੜ ਜ਼ਮੀਨ ਸਬੰਧੀ ਬੰਦੋਬਸਤ ਅਧਿਕਾਰੀ ਚੱਕਬੰਦੀ ਕੋਲ ਇੱਕ ਕੇਸ ਚੱਲਦਾ ਹੈ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਵੰਡ ਵੇਲੇ ਉਨ੍ਹਾਂ ਦੇ ਮਾਂ-ਬਾਪ ਪਾਕਿਸਤਾਨ ਤੋਂ ਆਏ ਸਨ। ਉਹ ਫੈਜ਼ਾਬਾਦ (ਅੱਜਕੱਲ੍ਹ ਜ਼ਿਲਾ ਅਯੁੱਧਿਆ) ’ਚ ਵੱਸ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਨਜ਼ੂਲ ਵਿਭਾਗ ’ਚ ਆਕਸ਼ਨਿਸਟ ਦੇ ਅਹੁਦੇ ’ਤੇ ਨੌਕਰੀ ਵੀ ਮਿਲੀ ਸੀ। ਉਨ੍ਹਾਂ ਦੇ ਪਿਤਾ ਗਿਆਨ ਚੰਦ ਪੰਜਾਬੀ ਨੂੰ 1560 ਰੁਪਏ ਵਿੱਚ ਪੰਜ ਸਾਲ ਲਈ ਪਿੰਡ ਧੰਨੀਪੁਰ, ਪਰਗਣਾ ਮਗਲਸੀ, ਤਹਿਸੀਲ ਸੋਹਾਵਾਲ, ਜ਼ਿਲਾ ਫੈਜ਼ਾਬਾਦ ’ਚ ਕਰੀਬ 28 ਏਕੜ ਜ਼ਮੀਨ ਦਾ ਪੱਟਾ ਦਿੱਤਾ ਗਿਆ ਸੀ। ਪੰਜ ਸਾਲ ਤੋਂ ਬਾਅਦ ਵੀ ਇਹ ਜ਼ਮੀਨ ਪਟੀਸ਼ਨਰਾਂ ਦੇ ਪਰਵਾਰ ਕੋਲ ਹੀ ਰਹੀ ਤੇ ਪਟੀਸ਼ਨਰਾਂ ਦੇ ਪਿਤਾ ਦਾ ਨਾਂਅ ਆਸਾਮੀ ਵਜੋਂ ਉਸ ਜ਼ਮੀਨ ਦੇ ਮਾਲ ਰਿਕਾਰਡ ਵਿੱਚ ਦਰਜ ਹੋ ਚੁੱਕਾ ਹੈ। ਸਾਲ 1998 ’ਚ ਸੋਹਾਵਾਲ ਐਸ ਡੀ ਐਮ ਨੇ ਉਨ੍ਹਾਂ ਦੇ ਪਿਤਾ ਦਾ ਨਾਂਅ ਉਕਤ ਜ਼ਮੀਨ ਦੇ ਰਿਕਾਰਡ ਤੋਂ ਹਟਾ ਦਿੱਤਾ ਸੀ, ਜਿਸ ਬਾਰੇ ਪਟੀਸ਼ਨਰਾਂ ਦੀ ਮਾਂ ਨੇ ਅਪਰ ਕਮਿਸ਼ਨਰ ਕੋਲ ਲੰਬੀ ਕਾਨੂੰਨੀ ਲੜਾਈ ਲੜੀ ਤੇ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਹੋਇਆ ਸੀ। ਪਟੀਸ਼ਨਰਜ਼ ਦਾ ਕਹਿਣਾ ਹੈ ਕਿ ਅਪਰ ਕਮਿਸ਼ਨਰ ਦੇ ਹੁਕਮ ਤੋਂ ਬਾਅਦ ਵੀ ਚੱਕਬੰਦੀ ਦੌਰਾਨ ਉਕਤ ਜ਼ਮੀਨ ਦੇ ਮਾਲੀਆ ਰਿਕਾਰਡ ਬਾਰੇ ਵਿਵਾਦ ਪੈਦਾ ਹੋਇਆ। ਉਦੋਂ ਚੱਕਬੰਦੀ ਅਧਿਕਾਰੀ ਚੱਕਬੰਦੀ ਕੋਲ ਕੇਸ ਕੀਤਾ ਸੀ, ਜਿਹੜਾ ਹਾਲੇ ਚੱਲਦਾ ਹੈ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਕੇਸ ਹੁਣ ਤੱਕ ਵਿਚਾਰ ਅਧੀਨ ਹੋਣ ਦੇ ਬਾਵਜੂਦ ਸੂਬਾ ਸਰਕਾਰ ਵੱਲੋਂ ਇਸੇ ਜ਼ਮੀਨ ’ਚੋਂ ਪੰਜ ਏਕੜ ਜ਼ਮੀਨ ਸੁੰਨੀ ਸੈਂਟਰਲ ਵਕਫ ਬੋਰਡ ਨੂੰ ਅਲਾਟ ਕਰ ਦਿੱਤੀ ਗਈ ਹੈ।

**ਨੈਨੀ ਦੀ ਲੋੜ**

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

# ਦਿੱਲੀ ਹਿੰਸਾ ਮਾਮਲੇ ’ਚ ਸੁਪਰੀਮ ਕੋਰਟ ਵੱਲੋਂ ਪਟੀਸ਼ਨਾਂ ’ਤੇ ਸੁਣਵਾਈ ਕਰਨ ਤੋਂ ਨਾਂਹ



ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ਮੌਕੇ ਦਿੱਲੀ ਵਿੱਚ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਦੇ ਮਾਮਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਕਿਸੇ ਸਾਬਕਾ ਜੱਜ ਦੀ ਅਗਵਾਈ ਹੇਠ ਇੱਕ ਪੈਨਲ ਕਾਇਮ ਕਰਨ ਦੀ ਪਟੀਸ਼ਨ ’ਤੇ ਵਿਚਾਰ ਕਰਨ ਤੋਂ ਸੁਪਰੀਮ ਕੋਰਟ ਨੇ ਨਾਂਹ ਕਰ ਦਿੱਤੀ ਹੈ।

ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਇਹ ਪਟੀਸ਼ਨ ਦਾਇਰ ਕਰਨ ਵਾਲੇ ਐਡਵੋਕੇਟ ਵਿਸ਼ਾਲ ਤਿਵਾੜੀ ਨੂੰ ਕਿਹਾ ਕਿ ਉਹ ਜ਼ਰੂਰੀ ਕਦਮ ਚੁੱਕਣ ਲਈ ਕੇਂਦਰ ਸਰਕਾਰ ਨੂੰ ਅਪੀਲ ਕਰਨ। ਜਸਟਿਸ ਏ ਐਸ ਬੋਪੰਨਾ ਤੇ ਜਸਟਿਸ ਵੀ ਰਾਮਸੁਬਰਾਮਨੀਅਮ ਵੀ ਇਸ ਬੈਂਚ ਦਾ ਹਿੱਸਾ ਸਨ।ਬੈਂਚ ਨੇ ਕਿਹਾ ਕਿ ਸਾਨੂੰ ਵਿਸ਼ਵਾਸ ਹੈ ਕਿ ਸਰਕਾਰ ਹਿੰਸਾ ਦੀ ਜਾਂਚ ਕਰ ਰਹੀ ਹੈ। ਅਸੀਂ ਪ੍ਰੈਸ ਸਾਹ-ਮਣੇ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਪੜ੍ਹਿਆ ਹੈ ਕਿ ਕਾਨੂੰਨ ਆਪਣਾ ਕੰਮ ਕਰੇਗਾ। ਇਸਦਾ ਅਰਥ ਇਹ ਹੈ ਕਿ ਉਹ ਇਸ ਦੀ ਜਾਂਚ ਕਰ ਰਹੇ ਹਨ। ਅਸੀਂ ਇਸ ਵਿੱਚ ਦਖ਼ਲਨਹੀਂ ਦੇਣਾ ਚਾਹੁੰਦੇ।ਤਿਵਾੜੀ ਨੇ ਹਿੰਸਾ ਦੀ ਜਾਂਚ ਲਈ ਅਦਾਲਤ ਦੇ ਇੱਕ ਸਾਬਕਾ ਜੱਜ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਕਾਇਮ ਕਰਨ ਦੀ ਬੇਨਤੀ ਕੀਤੀ ਸੀ।ਅਦਾਲਤ ਨੇ ਟਰੈਕਟਰ ਪਰੇਡ ਦੌਰਾਨ ਹੋਈ ਹਿੰਸਾ ਨਾਲ ਸਬੰਧਤ ਦੋ ਹੋਰ ਪਟੀਸ਼ਨਾਂ ਦੀ ਸੁਣਵਾਈ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਪਟੀਸ਼ਨਾਂ ਸਰਕਾਰ ਨੂੰ ਪੇਸ਼ ਕਰਨ ਲਈ ਕਿਹਾ ਹੈ।

# ਜਗਤਾਰ ਸਿੰਘ ਹਵਾਰਾ ਦੀ ਜ਼ਮਾਨਤ ਅਰਜ਼ੀ ਰੱਦ, ਚਲਾਣ ਪੇਸ਼

ਖਰੜ, 4 ਫਰਵਰੀ (ਪੋਸਟ ਬਿਊਰੋ)- ਏਥੋਂ ਦੀ ਜੱਜ ਸ਼ਿਲਪੀ ਗੁਪਤਾ ਦੀ ਅਦਾਲਤ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤਾ ਹੈ ਅਤੇ ਪੁਲਸ ਨੇ ਉਸ ਦਾ ਚਲਾਨ ਅਦਾਲਤ ’ਚ ਪੇਸ਼ ਕਰ ਦਿੱਤਾ ਹੈ।

ਇਸ ਬਾਰੇਜਗਤਾਰ ਸਿੰਘ ਹਵਾਰਾ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪਿਛਲੇ ਸਾਲ ਪੰਜ ਨਵੰਬਰ ਨੂੰ ਪੁਲਸ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਹਵਾਰਾ ਦੀ ਗ੍ਰਿਫ਼ਤਾਰੀ ਪਾਈ ਸੀ, ਜਿਸ ਸਬੰਧੀ 2 ਫਰਵਰੀ ਨੂੰ 90 ਦਿਨਾਂ ਦਾ ਚਲਾਣ ਨਾ ਪੇਸ਼ ਕਰਨ ਦੀ ਟਰਮ ਪੂਰੀ ਹੋ ਗਈ ਸੀ। ਇਸ ਆਧਾਰ ’ਤੇ ਉਨ੍ਹਾਂ ਨੇ ਹਵਾਰਾ ਦੀ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ, ਪਰ ਪੁਲਸ ਨੇ ਕੱਲ੍ਹ 3 ਫਰਵਰੀ ਨੂੰ ਅਦਾਲਤ ਵਿੱਚ ਚਲਾਨ ਪੇਸ਼ ਕਰ ਦਿੱਤਾ ਸੀ ਤੇ ਇਸ ਪਿੱਛੋਂ ਅਦਾਲਤ ਨੇ ਹਵਾਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਉਨ੍ਹਾਂ ਨੇ ਹਵਾਰਾ ਜ਼ਮਾਨਤ ਦੀ ਅਰਜ਼ੀ ਸੈਸ਼ਨ ਕੋਰਟ ਵਿੱਚ ਦਾਇਰ ਕੀਤੀ ਹੈ ਅਤੇ ਅਦਾਲਤ ਨੇ ਸੁਣਵਾਈ ਲਈ 12 ਫਰਵਰੀ ਦੀ ਤਰੀਕ ਮਿਥੀ ਹੈ। ਪੁਲਸ ਸੂਤਰਾਂ ਮੁਤਾਬਕ ਜਗਤਾਰ ਸਿੰਘ ਹਵਾਰਾ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਸਾਲ 2005 ਵਿੱਚ ਆਰਮਜ਼ ਐਕਟ ਅਤੇ ਐਕਸਕਲੂਸਿਵ ਐਕਟ ਦਾ ਕੇਸ ਦਰਜ ਹੋਇਆ ਸੀ ਅਤੇ ਇਸ ਕੇਸ ਵਿੱਚ ਹੋਰ ਲੋਕਾਂ ਦੇ ਖ਼ਿਲਾਫ਼ ਅਦਾਲਤ ਵੱਲੋਂ ਕਾਰਵਾਈ ਕੀਤੀ ਜਾ ਚੁੱਕੀ ਹੈ, ਜਦਕਿ ਜਗਤਾਰ ਸਿੰਘ ਹਵਾਰਾ ਦੀ ਸੁਣਵਾਈ ਹੋਣੀ ਬਾਕੀ ਹੈ।

# ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਪੰਜ ਲੱਖ ਰੁਪਏ ਠੱਗ ਲਏ

ਕਪੂਰਥਲਾ, 4 ਫਰਵਰੀ (ਪੋਸਟ ਬਿਊਰੋ)- ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਪੰਜ ਲੱਖ ਰੁਪਏ ਹੜੱਪਣ ਦੇ ਦੋਸ਼ ਵਿੱਚ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਤਿੰਨ ਜਣਿਆਂ ਦੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਨਾਮਜਦ ਦੋਸ਼ੀਆਂ ਵਿੱਚ ਪਿਤਾ-ਪੁੱਤਰ ਸ਼ਾਮਲ ਹਨ, ਪਰ ਹਾਲੇਦੋਸ਼ੀਆਂ ਦੀ ਗ੍ਰਿਫ਼ਤਾਰੀ ਨਹੀਂ ਹੋਈ।

ਵੀਰੋ ਪਤਨੀ ਕਰਤਾਰ ਸਿੰਘ ਪਿੰਡ ਥਿਗਲੀ, ਥਾਣਾ ਸਦਰ ਕਪੂਰਥਲਾ ਨੇ ਐਸ ਐਸ ਪੀ ਕਪੂਰਥਲਾ ਨੂੰ ਸ਼ਿਕਾਇਤ ਦੇ ਕੇ ਦੱਸਿਆ ਕਿ ਉਸ ਨੇ ਆਪਣੇ ਬੇਟੇ ਭੁਪਿੰਦਰ ਸਿੰਘ ਨੂੰ ਕੈਨੇਡਾ ਭੇਜਣ ਲਈ ਆਪਣੇ ਪਿੰਡ ਨਾਲ ਸਬੰਧਤ ਸਰਬਜੀਤ ਸਿੰਘ ਉਰਫ ਲਾਡੀ ਪੁੱਤਰ ਸੌਦਾਗਰ ਸਿੰਘ, ਉਸ ਦੇ ਭਰਾ ਜਗੀਰ ਸਿੰਘ ਤੇ ਪਿਤਾ ਸੌਦਾਗਰ ਸਿੰਘ ਨਾਲ 12 ਲੱਖ ਰੁਪਏ ਦਾ ਸੌਦਾ ਕੀਤਾ ਸੀ। ਇਸ ’ਤੇ ਉਸ ਨੇ 10 ਦਸੰਬਰ



2018 ਨੂੰ ਉਕਤ ਦੋਸ਼ੀਆਂ ਨੂੰ ਪੰਜ ਲੱਖ ਰੁਪਏ ਦੀ ਰਕਮ ਅਤੇ ਪਾਸ-ਪੋਰਟ ਦੇ ਦਿੱਤਾ ਸੀ। ਇਸ ਦੇ ਬਾਅਦ ਦੋਸ਼ੀਆਂ ਨੇ ਉਸ ਨੂੰ ਦੋ ਬੈਂਕ ਚੈਕ ਸਿਕਿਊਰਟੀ ਵਜੋਂ ਦਿੱਤੇ ਤੇ ਉਸ ਦੇ ਲੜਕੇ ਨੂੰ ਤਿੰਨ ਮਹੀਨੇ ਵਿੱਚ ਕੈਨੇਡਾ ਭੇਜਣ ਦਾ ਵਾਅਦਾ ਕੀਤਾ ਸੀ, ਪਰ ਉਨ੍ਹਾਂ ਨੇ ਜਦੋਂ ਉਸਦੇ ਬੇਟੇ ਨੂੰ ਕੈਨੇਡਾ ਨਹੀਂ ਭੇਜਿਆ ਤਾਂ ਉਸ ਨੇ ਦੋਸ਼ੀਆਂ ਤੋਂ ਆਪਣੀ ਰਕਮ ਤੇ ਪਾਸਪੋਰਟ ਵਾਪਸ ਮੰਗਿਆ। ਦੋਸ਼ੀਆਂ ਨੇ ਉਸਦੀ ਰਕਮ ਮੋੜਨ ਤੋਂ ਇਨਕਾਰ ਕਰ ਦਿੱਤਾ। ਇਸ ’ਤੇ ਉਸ ਨੇ ਇਨਸਾਫ ਲਈ ਐਸ ਐਸ ਪੀ ਨੂੰ ਗੁਹਾਰ ਲਾਈ। ਐਸ ਐਸ ਪੀ ਕਪੂਰਥਲਾ ਨੇ ਇਸ ਕੇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਆਰਥਿਕ ਅਪਰਾਧ ਸ਼ਾਖਾ ਨੂੰ ਜਾਂਚ ਦੇ ਆਦੇਸ਼ ਦਿੱਤੇ ਸਨ ਅਤੇ ਜਾਂਚ ਵਿੱਚ ਤਿੰਨਾਂ ਖ਼ਿਲਾਫ਼ ਲੱਗੇ ਦੋਸ਼ ਸਹੀ ਨਿਕਲੇ, ਜਿਸ ਦੇ ਅਧਾਰ ’ਤੇ ਉਨ੍ਹਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here
(905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, American Airlines, ETIHAD AIRWAYS, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca vacations with you in mind
WESTJET vacations
tico.ca IATA
Call Us For Guaranteed Lowest Airfare
ANY Airline Time Destination Around the World
transat Holidays, sunwing, AIR CANADA VACATIONS
www.nuwaytravels.com
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com

# ਨਾਬਾਲਗਾ ਨਾਲ ਬਲਾਤਕਾਰ ਪਿੱਛੋਂ ਵਿਆਹ ਕਰਨ ਵਾਲਾ ਲਾੜਾ ਫੇਰ ਵੀ ਪੁਲਸ ਵੱਲੋਂ ਨਾਮਜ਼ਦ

ਜਗਰਾਓਂ, 4 ਫਰਵਰੀ (ਪੋਸਟ ਬਿਊਰੋ)- ਮਾਮੇ ਦੀ ਨਾਬਾਲਗ ਕੁੜੀ ਨਾਲ ਬਲਾਤਕਾਰ ਕਰਨ ਅਤੇ ਗਰਭਵਤੀ ਹੋਣ ’ਤੇ ਬਾਲ ਵਿਆਹ ਕਰਨ ਦੇ ਦੋਸ਼ ਵਿੱਚ ਪੁਲਸ ਨੇ ਡੇਢ ਸਾਲ ਪਿੱਛੋਂ ਬਾਲ ਵਿਆਹ ਕਰਨ ਵਾਲੇ ਲਾੜੇ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਵਿਆਹ ਕਰਾਉਣ ਵਾਲੇ ਪਾਸਟਰ ਅਤੇ ਮਾਪਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।

ਸੁਧਾਰ ਥਾਣੇ ਦੇ ਪਿੰਡ ਵਿੱਚ ਭੂਆ ਦੇ ਘਰ ਰਹਿੰਦੀ ਨਾਬਾਲਗਾ ਨੂੰ ਮਾਮੇ ਦੇ ਪੁੱਤ ਨੇ ਕਈ ਮਹੀਨੇ ਤੱਕ ਹਵਸ ਦਾ ਸ਼ਿਕਾਰ ਬਣਾਇਆ ਸੀ। ਪਰਵਾਰ ਨੂੰ ਇਸ ਦਾ ਪਤਾ ਓਦੋਂ ਲੱਗਾ, ਜਦੋਂ ਨਾਬਾਲਗਾ ਗਰਭਵਤੀ ਹੋ ਗਈ। ਇਸ ਉਤੇ ਮੁੰਡੇ ਦੇ ਮਾਂ-ਬਾਪ ਨੇ ਪੁੱਤ ਨੂੰ ਬਲਾਤਕਾਰ ਕੇਸ ਵਿੱਚੋਂ ਬਚਾਉਣ ਲਈ ਪਾਸਟਰ ਨਾਲ ਗੰਢ-ਤੁਪ ਕਰ ਕੇ ਚਰਚ ਵਿੱਚ ਜਾ ਕੇ ਵਿਆਹ ਕਰਵਾ ਦਿੱਤਾ। ਕੁੜੀ ਉਸ ਸਮੇਂ ਨਾਬਾਲਗ ਸੀ।ਨਾਬਾਲਗਾ ਨਾਲ ਰਿਸ਼ਤੇਦਾਰੀ ਵਿੱਚ ਭਰਾ ਲੱਗਦੇ ਨੌਜਵਾਨ ਵੱਲੋਂ ਬਲਾਤਕਾਰ ਕਰਨ ਤੇ ਨਾਬਾਲਗਾ ਦਾ ਉਸੇ ਨਾਲ ਵਿਆਹ ਰਚਾਉਣ ਬਾਰੇ ਜਦੋਂ ਪਿੰਡ ਨਵੀਂ ਆਬਾਦੀ ਅਕਾਲਗੜ੍ਹ ਦੇ ਪੰਚ ਰਜਿੰਦਰ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਾਲ 2019 ਵਿੱਚ ਪੁਲਸ ਨੂੰ ਸ਼ਿਕਾਇਤ ਦਿੱਤੀ। ਇਸ ਕੇਸ ਵਿੱਚ ਇੱਕ ਸਿਆ-ਸਤਦਾਨ ਨੇ ਦੋਸ਼ੀ ਪਰਵਾਰ ਦਾ ਪੱਖ ਲੈਂਦਿਆਂ ਕਾਨੂੰਨੀ ਸ਼ਿਕੰਜਾ ਕੱਸਣ ਨਾ ਦਿੱਤਾ ਤੇ ਫਾਈਲ, ਪੁਲਸ ਦਫਤਰਾਂ ਵਿੱਚ ਦੱਬ ਕੇ ਰਹਿ ਗਈ ਸੀ।ਕਾਰਵਾਈ ਲਈ ਜੱਦੋਜਹਿਦ ਕਰਦੇ ਰਹੇ ਪੰਚ ਰਜਿੰਦਰ ਸਿੰਘ ਨੇ ਇਸ ਮਗਰੋਂ ਬਾਲ ਵਿਕਾਸ ਵਿਭਾਗ ਦੇ ਮੰਤਰੀ ਅਰੁਣਾ ਚੌਧਰੀ ਅਤੇ ਪੁਲਸ ਵੱਡੇ ਅਧਿਕਾਰੀਆਂ ਤੱਕ ਗੱਲ ਪੁਚਾਈ ਤਾਂ ਪੁਲਸ ਨੇ ਬਲਾਤਕਾਰ ਤੇ ਵਿਆਹ ਕਰਨ ਵਾਲੇ ਸਾਹਿਲ ਪੁੱਤਰ ਅਨਿਲ ਕੁਮਾਰ ਉੱਤੇ ਕੇਸ ਦਰਜ ਕਰ ਲਿਆ ਹੈ।

# ਗਵਰਨਰ ਜਨਰਲ ਦੀ ਚੋਣ ਕਰਨ ਨਾਲ ਟਰੂਡੋ ਨੂੰ ਕਰਨਾ ਪੈ ਸਕਦਾ ਹੈ ਕੌਨਫਲਿਕਟ ਆਫ ਇੰਟਰਸਟ ਦਾ ਸਾਹਮਣਾ

ਟੋਰਾਂਟੋ, 4 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਗਲਾ ਗਵਰਨਰ ਜਨਰਲ ਆਪਣੇ ਆਪ ਨਾਮਜ਼ਦ ਨਹੀਂ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਘੱਟ ਗਿਣਤੀ ਸਰਕਾਰ ਦੇ ਚੱਲਦਿਆਂ ਅਜਿਹਾ ਕਰਨ ਨਾਲ ਕੌਨਫਲਿਕਟ ਆਫ ਇੰਟਰਸਟ ਦਾ ਖਤਰਾ ਹੋ ਸਕਦਾ ਹੈ।

ਇੱਕ ਇੰਟਰਵਿਊ ਵਿੱਚ ਓਟੂਲ ਨੇ ਆਖਿਆ ਕਿ ਟਰੂਡੋ ਨੂੰ ਅਗਲਾ ਗਵਰਨਰ ਜਨਰਲ ਚੁਣਨ ਲਈ ਪੈਨਲ ਦਾ ਸਹਾਰਾ ਲੈਣਾ ਚਾਹੀਦਾ ਹੈ। ਕੰਜ਼ਰਵੇਟਿਵਾਂ ਵੱਲੋਂ ਇਹ ਗੱਲ ਉਦੋਂ ਤੋਂ ਆਖੀ ਜਾ ਰਹੀ ਹੈ ਜਦੋਂ ਤੋਂ ਜੂਲੀ ਪੇਯੈਟ ਨੇ ਅਸਤੀਫਾ ਦਿੱਤਾ ਹੈ। ਓਟੂਲ ਨੇ ਆਖਿਆ ਕਿ ਚੋਣਾਂ ਦੀ ਸੰਭਾਵਨਾ ਦੌਰਾਨ ਟਰੂਡੋ ਨੂੰ ਨਿਜੀ ਤੌਰ ਉੱਤੇ ਇਸ ਫੈਸਲੇ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਘੱਟ ਗਿਣਤੀ ਸਰਕਾਰ ਵਿੱਚ ਜਦੋਂ ਪ੍ਰਧਾਨ ਮੰਤਰੀ ਨੂੰ ਰੋਜ਼ ਗਵਰਨਰ ਜਨਰਲ ਕੋਲ ਜਾਣ ਦਾ ਡਰ ਬਣਿਆ ਰਹਿੰਦਾ ਹੈ



ਤਾਂ ਟਰੂਡੋ ਨਿਜੀ ਤੌਰ ਉੱਤੇ ਕੌਨਫਲਿਕਟ ਆਫ ਇੰਟਰਸਟ ਵਿੱਚ ਹੋ ਸਕਦੇ ਹਨ।

ਟਰੂਡੋ ਨੇ ਪਿਛਲੇ ਹਫਤੇ ਆਖਿਆ ਸੀ ਕਿ ਭਵਿੱਖ ਵਿੱਚ ਹੋਣ ਵਾਲੀਆਂ ਅਜਿਹੀਆਂ ਅਚਨਚੇਤੀ ਤਬਦੀਲੀਆਂ ਤੋਂ ਬਚਣ ਲਈ ਉੱਚ ਪੱਧਰੀ ਨਿਯੁਕਤੀਆਂ ਦੀ ਪ੍ਰਕਿਰਿਆ ਦਾ ਉਹ ਮੁਲਾਂਕਣ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਹ ਤਬਦੀਲੀਆਂ ਕਿਹੋ ਜਿਹੀਆਂ ਹੋਣਗੀਆਂ। ਉਨ੍ਹਾਂ ਇਹ ਵੀ ਆਖਿਆ ਕਿ ਅੱਗੇ ਵਧਣ ਸਮੇਂ ਉਨ੍ਹਾਂ ਨੂੰ ਅਜਿਹੀਆਂ ਪ੍ਰਕਿਰਿਆਵਾਂ ਨੂੰ ਹੋਰ ਮਜ਼ਬੂਤ ਕਰਨਾ ਹੋਵੇਗਾ।

2021 ਦੀਆਂ ਚੋਣਾਂ ਦੀ ਸੰਭਾਵਨਾ ਬਾਰੇ ਗੱਲ ਕਰਦਿਆਂ ਟਰੂਡੋ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਖਿਆ ਸੀ ਕਿ ਲਿਬਰਲ ਹਾਲ ਦੀ ਘੜੀ ਚੋਣਾਂ ਨਹੀਂ ਚਾਹੁੰਦੇ ਤੇ ਉਨ੍ਹਾਂ ਦੀ ਤਰਜੀਹ ਵੱਡੀ ਪੱਧਰ ਉੱਤੇ ਟੀਕਾਕਰਣ ਮੁਕੰਮਲ ਕਰਨ ਦੀ ਹੈ। ਉਹ ਚਾਹੁੰਦੇ ਹਨ ਕਿ ਜਦੋਂ ਤੱਕ ਇਹ ਟੀਕਾਕਰਣ ਮੁਕੰਮਲ ਨਹੀਂ ਹੋ ਜਾਂਦਾ ਉਦੋਂ ਤੱਕ ਚੋਣਾ ਨਾ ਕੀਤੀਆਂ ਜਾਣ। ਪਰ ਉਨ੍ਹਾਂ ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਕਿ ਘੱਟ ਗਿਣਤੀ ਸਰਕਾਰ ਦੌਰਾਨ ਇਹ ਵਿਰੋਧੀ ਧਿਰਾਂ ਦੇ ਹੱਥ ਹੁੰਦਾ ਹੈ ਕਿ ਚੋਣਾਂ ਹੋਣਗੀਆਂ ਜਾਂ ਨਹੀਂ।

# ਕਾਂਗਰਸੀਆਂ ਉੱਤੇ ਪੱਤਰਕਾਰ ਨੂੰ ਬੰਦੀ ਬਣਾ ਕੇ ਕੁੱਟ-ਮਾਰ ਕਰਨ ਦੇ ਦੋਸ਼

ਜੈਤੋ, 4 ਫਰਵਰੀ (ਪੋਸਟ ਬਿਊਰੋ)- ਜੈਤੋ ਤੋਂ ਪੰਜਾਬੀ ਅਖਬਾਰ ਦੇ ਇੱਕ ਪੱਤਰਕਾਰ ਨੂੰ ਕੱਲ੍ਹ ਰਾਤ ਜਬਰੀ ਚੁੱਕ ਕੇ ਬੰਦੀ ਬਣਾਉਣ ਪਿੱਛੋਂ ਕੁੱਟਮਾਰ ਕੀਤੀ ਜਾਣ ਦਾ ਦੋਸ਼ ਲਾਇਆ ਗਿਆ ਹੈ। ਇਸ ਦੋਸ਼ ਵਿੱਚ ਜੈਤੋ ਪੁਲਸ ਨੇ ਛੇ ਅਣਪਛਾਤਿਆਂ ਤੋਂ ਇਲਾਵਾ ਚਾਰ ਹੋਰ ਮੁਲਜ਼ਮਾਂ ਨੂੰ ਨਾਮਜ਼ਦ ਕਰ ਕੇ ਕੇਸ ਦਰਜ ਕੀਤਾ ਹੈ।

ਪੀੜਤ ਪੱਤਰਕਾਰ ਦੇ ਅਨੁਸਾਰ ਉਹ ਆਪਣਾ ਦਫਤਰੀ ਕੰਮ ਨਿਬੇੜ ਕੇ ਰਾਤ ਕਰੀਬ 10 ਵਜੇ ਮੋਟਰ ਸਾਈਕਲ ’ਤੇ ਆਪਣੇ ਪਿੰਡ ਚੈਨਾ ਜਾ ਰਿਹਾ ਸੀ ਕਿ ਪਿੱਛਾ ਕਰ ਰਹੇ ਮੋਟਰ ਸਾਈਕਲ ਸਵਾਰਾਂ ਨੇ ਉਸ ਨੂੰ ਸ਼ਹਿਰ ਤੋਂ ਕੁਝ ਦੂਰੀ ਰੋਕ ਲਿਆ। ਇਸੇ ਦੌਰਾਨ ਸਾਹਮਣਿਓਂ ਸਵਿਫਟ ਕਾਰ ਆਈ, ਜਿਸ ਵਿੱਚ ਕਾਂਗਰਸੀ ਆਗੂ ਰਾਜਦੀਪ ਔਲਖ ਤੇ ਦੋ ਹੋਰ ਵਿਅਕਤੀ ਸਵਾਰ ਸਨ। ਸਾਰਿਆਂ ਨੇ ਰਲ ਕੇ ਉਸ ਨੂੰ ਕਾਰ ਦੀ ਪਿਛਲੀ ਸੀਟ ’ਤੇ ਸੁੱਟ ਲਿਆ ਅਤੇ ਕੁੱਟਮਾਰ ਕੀਤੀ। ਉਹ ਉਸ ਨੂੰ ਪਿੰਡ ਸੂਰਘੂਰੀ ਦੇ ਨੇੜੇ ਇੱਕ ਖੇਤ ਵਿਚ ਮੋਟਰ ’ਤੇ ਲੈ ਗਏ, ਜਿੱਥੇ ਉਨ੍ਹਾਂ ਦੇ ਹੋਰ ਸਾਥੀ ਵੀ ਆ ਗਏ। ਉਨ੍ਹਾਂ ਨੇ ਉਸ ਨੂੰ ਨਿਰਵਸਤਰ ਕਰ ਕੇ ਬੇਸਬਾਲਾਂ ਅਤੇ ਡੰਡਿਆਂ ਨਾਲ ਕੁੱਟਿਆ ਅਤੇ ਫੋਨ ਰਾਹੀਂ ਵੀਡੀਓ ਬਣਾਈਆਂ। ਮੁਲਜ਼ਮਾਂ ਨੇ ਉਨ੍ਹਾਂ ਖਿਲਾਫ ਫੇਸਬੁਕ ’ਤੇ ਪੋਸਟਾਂ ਪਾਉਣ ਬਾਰੇ ਸਬਕ ਸਿਖਾਉਣ ਦੀ ਗੱਲ ਆਖੀ ਤੇ ਫਿਰ ਪੀੜਤ ਨੂੰ ਕਾਰ ਵਿੱਚ ਬਿਠਾ ਕੇ ਉਸ ਦੇ ਪਿੰਡ ਛੱਡ ਦਿੱਤਾ ਗਿਆ। ਦੋਸ਼ੀਆਂ ਨੇ ਪੀੜਤ ਦਾ ਮੋਟਰ ਸਾਈਕਲ, ਦੋ ਮੋਬਾਈਲ ਤੇ ਪਰਸ ਆਪਣੇ ਕੋਲ ਰੱਖ ਲਏ। ਪੁਲਸ ਨੇ ਪੀੜਤ ਦੀ ਸ਼ਿਕਾਇਤ ’ਤੇ ਕਾਂਗਰਸੀ ਆਗੂ ਜਸਇਕਬਾਲ ਸਿੰਘ ਉਰਫ ਰਾਜਦੀਪ ਸਿੰਘ ਔਲਖ, ਉਸ ਦੇ ਚਚੇਰੇ ਭਰਾ ਬੂਟਾ ਸਿੰਘ, ਰਮਨਦੀਪ ਸਿੰਘ ਰਮਨਾ ਅਤੇ ਜਸਪ੍ਰੀਤ ਸਿੰਘ ਜੱਸੂ ਤੋਂ ਇਲਾਵਾ ਅੱਧੀ ਦਰਜਨ ਅਣਪਛਾਤਿਆਂ ਨੂੰ ਮਾਮਲੇ ਵਿੱਚ ਨਾਮਜ਼ਦ ਕੀਤਾ ਹੈ।

# ਕੈਨੇਡੀਅਨ ਪਾਬੰਦੀਆਂ ਕਾਰਨ ਮੈਕਸਿਕੋ ਦੀ ਟੂਰਿਜ਼ਮ ਇੰਡਸਟਰੀ ਨੂੰ ਪਿਆ 782 ਮਿਲੀਅਨ ਡਾਲਰ ਦਾ ਘਾਟਾ

ਮੈਕਸਿਕੋ ਸਿਟੀ, 4 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਪਸਾਰ ਨੂੰ ਰੋਕਣ ਲਈ ਕੈਨੇਡਾ ਵੱਲੋਂ ਮੈਕਸਿਕੋ ਲਈ ਆਪਣੀਆਂ ਮੁੱਖ ਏਅਰਲਾਈਨਜ਼ ਦੀਆਂ ਉਡਾਨਾਂ ਤਿੰਨ ਮਹੀਨੇ ਲਈ ਰੋਕੇ ਜਾਣ ਕਾਰਨ ਮੈਕਸੀਕਨ ਟੂਰਿਜ਼ਮ ਇੰਡਸਟਰੀ ਨੂੰ 782 ਮਿਲੀਅਨ ਡਾਲਰ ਦਾ ਘਾਟਾ ਪਿਆ ਹੈ। ਇਹ ਖੁਲਾਸਾ ਮੈਕਸਿਕੋ ਸਰਕਾਰ ਵੱਲੋਂ ਐਤਵਾਰ ਨੂੰ ਕੀਤਾ ਗਿਆ।

ਮੈਕਸਿਕੋ ਦੇ ਟੂਰਿਜ਼ਮ ਮੰਤਰੀ ਮਿਗੂਏਲ ਟੌਰੂਕੋ ਦੇ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਕੈਨੇਡਾ ਵੱਲੋਂ ਉਡਾਨਾਂ ਮੁਲਤਵੀ ਕੀਤੇ ਜਾਣ ਨਾਲ ਇੱਕ ਅੰਦਾਜ਼ੇ ਮੁਤਾਬਕ 791,000 ਸੈਲਾਨੀ ਉਨ੍ਹਾਂ ਦੇ ਮੁਲਕ ਵਿੱਚ ਘੱਟ ਆਏ। ਉਨ੍ਹਾਂ ਆਖਿਆ ਕਿ ਉਡਾਨਾਂ ਰੋਕਣ ਨਾਲ ਕੈਨੇਡਾ ਨੂੰ ਵੀ 368 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੋ ਸਕਦਾ ਹੈ ਕਿਉਂਕਿ ਇੱਥੇ ਵੀ 372,000 ਮੈਕਸੀਕਨ ਸੈਲਾਨੀ ਘੱਟ ਆਏ।



2019 ਦੇ ਮੁਕਾਬਲੇ ਕੈਨੇਡਾ ਤੋਂ ਮੈਕਸਿਕੋ ਜਾਣ ਵਾਲੇ ਵਿਜ਼ੀਟਰਜ਼ ਦੀ ਗਿਣਤੀ ਵਿੱਚ ਪਿਛਲੇ ਸਾਲ 61.3 ਫੀ ਸਦੀ ਦੀ ਕਮੀ ਦਰਜ ਕੀਤੀ ਗਈ। ਇਹ ਜਾਣਕਾਰੀ ਵੀ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਦਿੱਤੀ ਗਈ।

# ਮਿਸੀਸਾਗਾ ਵਿੱਚ ਡਾਕ ਛਾਂਟਣ ਵਾਲੇ ਪਲਾਂਟ ਦੇ ਮੁਲਾਜ਼ਮਾਂ ਨੂੰ ਲਾਜ਼ਮੀ ਤੌਰ ਉੱਤੇ ਕਰਵਾਉਣਾ ਹੋਵੇਗਾ ਕੋਵਿਡ-19 ਟੈਸਟ

ਮਿਸੀਸਾਗਾ, 4 ਫਰਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਡਾਕ ਛਾਂਟਣ ਵਾਲੇ ਪਲਾਂਟ ਦੇ ਮੁਲਾਜ਼ਮਾਂ ਨੂੰ ਲਾਜ਼ਮੀ ਤੌਰ ਉੱਤੇ ਕੋਵਿਡ-19 ਟੈਸਟਿੰਗ ਕਰਵਾਉਣੀ ਹੋਵੇਗੀ ਕਿਉਂਕਿ ਕੈਨੇਡਾ ਪੋਸਟ ਦੀ ਇਸ ਫੈਸਿਲਿਟੀ ਵਿੱਚ ਕੋਵਿਡ-19 ਆਊਟਬ੍ਰੇਕ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ 200 ਹੋਰ ਮੁਲਾਜ਼ਮ ਸੰਕ੍ਰਮਿਤ ਹੋ ਗਏ।



ਕੈਨੇਡਾ ਪੋਸਟ ਨੇ ਆਖਿਆ ਕਿ ਪੀਲ ਪਬਲਿਕ ਹੈਲਥ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਉਨ੍ਹਾਂ ਵੱਲੋਂ ਟੈਸਟਿੰਗ ਲਾਜ਼ਮੀ ਕੀਤੀ ਜਾ ਰਹੀ ਹੈ। ਕੈਨੇਡਾ ਪੋਸਟ ਦੇ ਬੁਲਾਰੇ ਫਿਲ ਲੀਗਾਲਟ ਨੇ ਐਤਵਾਰ ਨੂੰ ਜਾਰੀ ਕੀਤੀ ਗਈ ਇੱਕ ਰਲੀਜ਼ ਵਿੱਚ ਆਖਿਆ ਕਿ ਗੇਟਵੇਅ ਫੈਸਿਲਿਟੀ ਵਿੱਚ ਕਿਤੇ ਵੀ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਕੋਵਿਡ-19 ਟੈਸਟਿੰਗ ਲਾਜ਼ਮੀ ਕੀਤੀ ਗਈ ਹੈ। ਇਸ ਦੌਰਾਨ ਉਨ੍ਹਾਂ ਮੁਲਾਜ਼ਮਾਂ ਦੀ ਟੈਸਟਿੰਗ ਵੀ ਹੋਵੇਗੀ ਜਿਹੜੇ ਪਹਿਲਾਂ ਹੀ ਟੈਸਟ ਕਰਵਾ ਚੁੱਕੇ ਹਨ। ਇਹ ਲਾਜ਼ਮੀ ਟੈਸਟਿੰਗ ਗੇਟਵੇਅ ਈਸਟ ਉੱਤੇ ਸ਼ੁੱਕਰਵਾਰ ਨੂੰ ਦੂਜੀ ਸ਼ਿਫਟ ਨਾਲ ਸ਼ੁਰੂ ਕਰ ਦਿੱਤੀ ਗਈ ਹੈ ਤੇ ਇਹ ਅਗਲੇ ਹਫਤੇ ਵੀ ਜਾਰੀ ਰਹੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਪਹਿਲੀ ਜਨਵਰੀ ਤੋਂ ਲੈ ਕੇ ਹੁਣ ਤੱਕ ਗੇਟਵੇਅ ਦੀ ਡਾਕ ਛਾਂਟਣ ਵਾਲੀ ਫੈਸਿਲਿਟੀ, ਜੋ ਕਿ 4567 ਡਿਕਸੀ ਰੋਡ ਉੱਤੇ ਸਥਿਤ ਹੈ, ਵਿੱਚ ਨੋਵਲ ਕਰੋਨਾਵਾਇਰਸ ਦੇ 273 ਮਾਮਲੇ ਪਾਏ ਜਾ ਚੁੱਕੇ ਹਨ।ਇਸ ਸਾਈਟ ਉੱਤੇ 4500 ਤੋਂ ਵੀ ਵੱਧ ਲੋਕ ਕੰਮ ਕਰਦੇ ਹਨ।ਲੀਗਾਲਟ ਨੇ ਆਖਿਆ ਕਿ ਕੋਵਿਡ-19 ਸੇਫਟੀ ਪ੍ਰੋਟੋਕਾਲਜ਼ ਵਿੱਚ ਸਾਫ ਸਫਾਈ, ਸੋਸ਼ਲ ਡਿਸਟੈਂਸਿੰਗ ਤੇ ਮਾਸਕ ਦੀ ਵਰਤੋਂ ਕਰਨਾ ਜ਼ਰੂਰੀ ਕੀਤਾ ਗਿਆ ਹੈ।

# ਫੈਡਰਲ ਸਰਕਾਰ ਤੋਂ ਸਨਵਿੰਗ ਨੂੰ ਮਿਲੇਗੀ 375 ਮਿਲੀਅਨ ਡਾਲਰ ਦੀ ਆਰਥਿਕ ਮੱਦਦ

ਓਟਵਾ, 4 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇੱਕ ਕੈਨੇਡੀਅਨ ਏਅਰਲਾਈਨਜ਼ ਨੂੰ ਵਿੱਤੀ ਮਦਦ ਦਿੱਤੀ ਜਾ ਰਹੀ ਹੈ।

ਮੈਕਸਿਕੋ ਤੇ ਕੈਰੇਬੀਆ ਲਈ ਉਡਾਨਾਂ ਮੁਲਤਵੀ ਕਰਨ ਲਈ ਸਹਿਮਤੀ ਦੇਣ ਤੋਂ ਬਾਅਦ ਸਨਵਿੰਗ ਨੂੰ ਫੈਡਰਲ ਸਰਕਾਰ ਵੱਲੋਂ 375 ਮਿਲੀਅਨ ਡਾਲਰ ਦੀ ਆਰਥਿਕ ਮਦਦ ਦਿੱਤੀ ਜਾ ਰਹੀ ਹੈ। ਇਹ ਲੋਨ ਫੈਡਰਲ ਸਰਕਾਰ ਦੀ ਲਾਰਜ ਇੰਪਲੌਇਅਰ ਐਮਰਜੰਸੀ ਫਾਇਨਾਂਸਿੰਗ ਫੈਸਿਲਿਟੀ (ਐਲਈਈਐਫਐਫ), ਜਿਸ ਨੂੰ ਮਹਾਂਮਾਰੀ ਦਰਮਿਆਨ ਵੱਡੀਆਂ ਕੰਪਨੀਆਂ ਦੀ ਮਦਦ ਲਈ ਪਿਛਲੀ ਮਈ ਵਿੱਚ ਕਾਇਮ ਕੀਤਾ ਗਿਆ,




ਰਾਹੀਂ ਮੁਹੱਈਆ ਕਰਵਾਇਆ ਜਾਵੇਗਾ।

ਹਾਲਾਂਕਿ ਇਸ ਪ੍ਰੋਗਰਾਮ ਦਾ ਲਾਹਾ ਬਹੁਤੀਆ ਕੰਪਨੀਆਂ ਵੱਲੋਂ ਨਹੀਂ ਲਿਆ ਜਾ ਰਿਹਾ ਤੇ ਇਸ ਦੀ ਉਮੀਦ ਵੀ ਸੀ। ਐਲਈਈਐਫਐਫ ਦੀਆਂ ਸ਼ਰਤਾਂ ਤੇ ਉੱਚੀਆਂ ਕਰਜ਼ੇ ਦੀਆਂ ਕੀਮਤਾਂ ਕਾਰਨ 20 ਕੰਪਨੀਆਂ ਤੋਂ ਵੀ ਘੱਟ ਵੱਲੋਂ ਇਸ ਕ੍ਰੈਡਿਟ ਫੈਸਿਲਿਟੀ ਦੀ ਵਰਤੋਂ ਕੀਤੀ ਜਾ ਰਹੀ ਹੈ। 3000 ਮੁਲਾਜ਼ਮਾਂ ਵਾਲੀ ਕੰਪਨੀ ਸਨਵਿੰਗ ਦੀਆਂ ਬਹੁਤੀਆਂ ਉਡਾਨਾਂ ਕੈਰੇਬੀਆ ਤੇ ਮੈਕਸਿਕੋ ਨੂੰ ਜਾਂਦੀਆਂ ਸਨ ਤੇ ਇਸ ਏਅਰਲਾਈਨ ਨੂੰ ਆਪਣੀਆਂ ਬਹੁਤੀਆਂ ਉਡਾਨਾਂ ਬੰਦ ਕਰਨ ਲਈ ਮਜਬੂਰ ਕੀਤਾ ਗਿਆ।

# ਨਗਰ ਨਿਗਮ /ਨਗਰ ਕੌਂਸਲਾਂ /ਨਗਰ ਪੰਚਾਇਤਾਂ ਦਾ ਚੋਣ ਪ੍ਰਚਾਰ ਭਖਿਆ

## ਕਾਂਗਰਸ਼, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਗਰਮ

ਮੋਗਾ, 4 ਫਰਵਰੀ (ਗਿਆਨ ਸਿੰਘ ): ਪੰਜਾਬ ਵਿਚ ਇਸ ਵੇਲੇ ਨਗਰ ਨਿਗਮ /ਨਗਰ ਕੌਂਸਲਾਂ /ਨਗਰ ਪੰਚਾਇਤਾਂ ਦਾ ਚੋਣ ਪ੍ਰਚਾਰ ਭਖਿਆ ਹੋਇਆ 14 ਫਰਵਰੀ ਚੋਣਾਂ ਹੋ ਰਹੀਆਂ ਹਨ ਕੁਝ ਦਿਨ ਬਾਕੀ ਹਨ ਸਹਿਰਾਂ ਦੇ ਗਲੀ ਮੁਹੱਲਿਆਂ ਵਿਚ ਚੋਣਾਂ ਦੇ ਮੈਦਾਨ ਵਿਚ ਆਏ ਉਮੀਦਵਾਰਾਂ ਅਤੇ ਉਨਾਂ ਦੇ ਸਮਰੱਥਕ ਟੋਲੀਆਂ ਬੰਨ ਕੇ ਵੋਟਰਾਂ ਦੇ ਬੂਹੇ ਤੇ ਦਸਤਕ ਦੇ ਰਹੇ ਹਨ ਚੋਣਾਂ ਲਈ ਸਮਾਂ ਘੱਟ ਹੋਣ ਕਰਕੇ ਕੰਮ ਤੇਜੀ ਫੜ ਰਿਹਾ ਚੋਣਾਂ ਵਿਚ ਮੁਖ ਤੌਰ ਤੇ ਕਾਂਗਰਸ਼ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਜ਼ਰ ਆ ਰਹੇ ਹਨ



ਮੋਗਾ ਸ਼ਹਿਰ ਦੇ ਵਾਰਡ ਨੰਬਰ 47 ਇਸਤ੍ਰੀ ਉਮੀਦਵਾਰ ਲਈ ਰਿਜ਼ਰਵ ਹੈ ਇਸ ਹਲਕੇ ਵਿਚ ਬੀਬੀ ਕਮਲਪ੍ਰੀਤ ਕੌਰ (ਕਾਂਗਰਸ਼) ਸ੍ਰੀਮਤੀ ਪੂਨਮ ਮੁਖੀਜਾ( ਸ਼ਿਰੋਮਣੀ ਅਕਾਲੀ ਦਲ) ਅਤੇ ਬੀਬੀ ਪਰਮਜੀਤ ਕੌਰ (ਆਮ ਆਦਮੀ ਪਾਰਟੀ ) ਉਮੀਦਵਾਰ ਹਨ ਉਹ ਖੁਦ ਭਾਵੇਂ ਨਜ਼ਰ ਨਹੀਂ ਆ ਰਹੀਆਂ ਪਰ ਪਰ ਉਹਨਾਂ ਦੇ ਪਤੀਦੇਵ ਪੱਭਾਂ ਭਾਰ ਹੋਏ ਫਿਰਦੇ


ਬੀਬੀ ਕਮਲਪ੍ਰੀਤ ਕੌਰ (ਕਾਂਗਰਸ਼) ਦੇ ਪਤੀ ਸੁਖਵਿੰਦਰ ਸਿੰਘ ਆਜ਼ਾਦ ਅਤੇ ਸਮਰੱਥਕ ਪੂਰੀ ਤਰਾਂ ਸਰਗਰਮ ਹਨ ,ਉਨਾਂ ਦੇ ਨਾਲ ਬਲਵਿੰਦਰ ਸਿੰਘ ,ਨਿਰਮਾਣ ਸਿੰਘ, ਹਰਜਿੰਦਰ ਸਿੰਘ, ਕੁਲਦੀਪ ਸਿੰਘ, ਅੰਗਰੇਜ਼ ਸਿੰਘ, ਸਲਵੰਤ ਸਿੰਘ, ਚਰਨਜੀਤ ਸਿੰਘ, ਮੋਹਿਤ ਮਸੀਹ, ਹਰਮੇਲ ਸਿੰਘ, ਇੰਦਰਜੀਤ ਸਿੰਘ ਰੰਧਾਵਾ ਆਦਿ ਝੰਡੇ ਚੁੱਕ ਕੇ, ਪੋਸਟਰ ਅਤੇ ਕਾਰਡ ਘਰ ਘਰ ਵੰਡ ਰਹੇ ਹਨ ਅਤੇ ਵੋਟਰਾਂ ਨੂੰ ਅਪੀਲ ਕਰ ਰਹੇ ਹਨ ਬੀਬੀ ਕਮਲਪ੍ਰੀਤ ਕੌਰ (ਕਾਂਗਰਸ਼) ਦੀ ਚੋਣ ਮੁਹਿੰਮ ਦਾ ਆਰੰਭ ਡਾਕਟਰ ਹਰਜੋਤ ਕਮਲ ਐਮ ਐਲ ਏ ਮੋਗਾ ਨੇ ਕੀਤਾ ਸੀ ਪੂਨਮ ਮੁਖੀਜਾ( ਸ਼ਿਰੋਮਣੀ ਅਕਾਲੀ ਦਲ) ਉਮੀਦਵਾਰ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਬਲਜਿੰਦਰ ਸਿੰਘ ਬਰਾੜ (ਮੱਖਣ ) ਸਾਬਕਾ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੇ ਕੀਤਾ ਸੀ ਉਨਾ ਦੇ ਪਤੀ ਰਾਜ ਕੁਮਾਰ ਮੁਖੀਜਾ ਸਾਬਕਾ ਨਗਰ ਕੌਂਸਲਰ ਅਤੇ ਮੁਹੱਲਾ ਨਿਵਾਸੀ ਚੋਣ ਲਈ ਸਰਗਰਮ ਹਨ

# ਕੈਪਟਨ ਨੇ ਹੁਸ਼ਿਆਰਪੁਰ ’ਚ ਬਣ ਰਹੇ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦਾ ਨੀਂਹ ਪੱਥਰ ਰੱਖਿਆ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਸ਼ਿਆਰਪੁਰ ਜ਼ਿਲ੍ਹੇ ’ਚ ਬਜਵਾੜਾ ਵਿਖੇ ਬਣ ਰਹੇ ਸਰਦਾਰ ਬਹਾਦਰ ਅਮੀਂ ਚੰਦ ਸੋਨੀ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ ਦਾ ਨੀਂਹ ਪੱਥਰ ਕੱਲ੍ਹ ਬੁੱਧਵਾਰ ਨੂੰ ਵਰਚੂਅਲ ਤੌਰ ’ਤੇ ਰੱਖਿਆ ਹੈ। ਇਸ ਇੰਸਟੀਚਿਊਟ ਨਾਲ ਪੰਜਾਬਦੇ ਹੋਰ ਨੌਜਵਾਨਾਂ ਨੂੰ ਫੌਜੀ ਸੇਵਾਵਾਂ ’ਚ ਆਪਣਾ ਭੱਵਿਖ ਬਣਾਉਣ ਲਈ ਵੱਡੇ ਮੌਕੇ ਹਾਸਲ ਹੋਣਗੇ।




ਮਿਲੀ ਜਾਣਕਾਰੀ ਅਨੁਸਾਰ 27 ਕਰੋੜ ਰੁਪਏ ਦੀ ਲਾਗਤ ਨਾਲ 12.75 ਏਕੜ ਰਕਬੇ ਵਿੱਚ ਬਣਨ ਵਾਲਾ ਇਹਇੰਸਟੀਚਿਊਟ ਬਣਾਉਣ ਦਾ ਕੰਮ ਲੋਕ ਨਿਰਮਾਣ ਵਿਭਾਗ ਵੱਲੋਂ ਸਾਲ 2021 ਦੇ ਅੰਤ ਤੱਕ ਪੂਰਾਕੀਤਾ ਜਾਣਾ ਹੈ। ਇਸ ਸੰਸਥਾ ’ਚ ਸਾਲਾਨਾ 270 ਉਮੀਦਵਾਰ ਸਿਖਲਾਈ ਹਾਸਲ ਕਰਿਆ ਕਰਨਗੇ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਬਣਨ ਵਾਲਾ ਇਹ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ ਸਾਡੇ ਨੌਜਵਾਨ ਲੜਕੇ-ਲੜਕੀਆਂ ਦੇ ਫੌਜ ’ਚ ਜਾਣ ਦੇ ਸੁਫਨੇ ਨੂੰ ਸਾਕਾਰ ਕਰਨ ਵਿੱਚ ਬਹੁਤ ਸਹਾਈ ਹੋਵੇਗਾ। ਉਨ੍ਹਾਂ ਨੇ ਸਰਦਾਰ ਬਹਾਦਰ ਅਮੀਂ ਚੰਦ ਸੋਨੀ ਐਜੂਕੇਸ਼ਨ ਟਰੱਸਟ ਤੇ ਸੁਸਾਈਟੀ ਦੇ ਮੁੱਖੀ ਤੇ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਸੰਸਥਾ ਦੀ ਸਥਾਪਨਾ ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਨੂੰ ਤੋਹਫੇ ਵਜੋਂ ਮੁਫਤ ਜ਼ਮੀਨ ਦੀ ਪੇਸ਼ਕਸ਼ ਕੀਤੀ ਹੈ।

# ਫਿਲਮੀ ਦੁਨੀਆਂ

## 'ਇੰਸਪੈਕਟਰ ਅਵਿਨਾਸ਼' ਵਿੱਚ ਨਾਇਨਤਾਰਾ ਦੀ ਥਾਂ ਉਰਵਸ਼ੀ ਰੌਤੇਲਾ ਦੀ ਐਂਟਰੀ



ਅਭਿਨੇਤਰੀ ਉਰਵਸ਼ੀ ਰੌਤੇਲਾ ਇਨ੍ਹੀਂ ਦਿਨੀਂ ਰਣਦੀਪ ਹੁੱਡਾ ਦੇ ਨਾਲ ਵੈੱਬ ਸੀਰੀਜ਼ 'ਇੰਸਪੈਕਟਰ ਅਵਿਨਾਸ਼' ਦੀ ਸ਼ੂਟਿੰਗ ਕਰ ਰਹੀ ਹੈ। ਉਹ ਇਸ ਦੇ ਲੀਡ ਰੋਲ ਵਿੱਚ ਨਜ਼ਰ ਆਏਗੀ, ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਫਿਲਮ ਵਿੱਚ ਪਹਿਲਾਂ ਸਾਊਥ ਅਭਿਨੇਤਰੀ ਨਾਇਨ ਤਾਰਾ ਨੂੰ ਕਾਸਟ ਕੀਤਾ ਗਿਆ ਸੀ, ਪਰ ਕੁਝ ਕਾਰਨਾਂ ਕਰ ਕੇ ਨਾਇਨ ਤਾਰਾ ਇਸ ਪ੍ਰੋਜੈਕਟ ਨਾਲ ਨਹੀਂ ਜੁੜ ਸਕੀ। ਇਸ ਦੇ ਬਾਅਦ ਉਰਵਸ਼ੀ ਨੇ ਸੀਰੀਜ਼ ਵਿੱਚ ਐਂਟਰੀ ਕਰ ਲਈ। ਉਰਵਸ਼ੀ ਇਸ ਫਿਲਮ ਵਿੱਚ ਰਣਦੀਪ ਦੀ ਪਤਨੀ ਪੂਨਮ ਮਿਸ਼ਰਾ ਦੇ ਰੋਲ ਵਿੱਚ ਹੈ। ਆਪਣੇ ਰੋਲ ਦੇ ਬਾਰੇ ਉਸ ਨੇ ਕਿਹਾ, ''ਬਾਇਓਪਿਕਸ ਕਰਨਾ ਕਲਾਕਾਰਾਂ ਲਈ ਇੱਕ ਵੱਡੀ ਚੁਣੌਤੀ ਹੈ। ਇੱਥੇ ਇੱਕ ਰੀਅਲ ਕਿਰਦਾਰ ਨਿਭਾਉਣਾ ਹੁੰਦਾ ਹੈ। ਕਿਸੇ ਹੋਰ ਦੀ ਕਹਾਣੀ ਨੂੰ ਜੀਵਨ ਵਿੱਚ ਲਿਆਉਣਾ ਇੱਕ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਦੇ ਲਈ ਮੈਂ ਪੂਨਮ ਮਿਸ਼ਰਾ ਦੇ ਨਾਲ ਸਮਾਂ ਬਿਤਾ ਰਹੀ ਹਾਂ।'' ਉਰਵਸ਼ੀ ਇਸ ਦੇ ਇਲਾਵਾ ਫਿਲਮ 'ਬਲੈਕ ਰੋਜ਼' 'ਤੇ ਵੀ ਕੰਮ ਕਰ ਰਹੀ ਹੈ, ਜੋ ਉਸ ਦੀ ਪਹਿਲੀ ਦੋਭਾਸ਼ੀ ਫਿਲਮ ਹੈ।

## ਹਾਲੀਵੁੱਡ ਫਿਲਮ 'ਵਿਮਨਸ ਸਟੋਰੀ' ਵਿੱਚ ਹੋਵੇਗੀ ਜੈਕਲੀਨ



ਬਾਲੀਵੁੱਡ ਦੀਆਂ ਕਈ ਫਿਲਮਾਂ ਵਿੱਚ ਕੰਮ ਕਰ ਚੁੱਕੀ ਜੈਕਲੀਨ ਫਰਨਾਂਡੀਜ਼ ਹਾਲੀਵੁੱਡ ਦੀ ਰਾਹ ਪੈਣ ਲੱਗੀ ਹੈ। ਇਹੀ ਨਹੀਂ, ਉਹ ਕੈਰਾ ਡੇਲੇਵਿੰਗਨੇ, ਈਵਾ ਲੋਂਗੇਰੀਆ, ਮਾਰੀਆ ਗੇ ਹਾਰਡੇਨ, ਲਿਓਨੋਰ ਵਾਰੇਲਾ ਤੇ ਮਾਰਗਰੇਟਾ ਬੁਆ ਵਰਗੇ ਕਈ ਨਾਮੀ ਹਾਲੀਵੁੱਡ ਕਲਾਕਾਰਾਂ ਨਾਲ ਅਗਲੀ ਐਂਥੋਲਾਜੀ ਫੀਚਰ 'ਵਿਮਨਸ ਸਟੋਰੀ' ਵਿੱਚ ਨਜ਼ਰ ਆਏਗੀ।


ਜੈਕਲੀਨ ਇਸ ਵਿੱਚ 'ਸ਼ੇਅਰਿੰਗ ਅ ਰਾਈਡ' ਨਾਮਕ ਸ਼ਾਰਟ ਫਿਲਮ ਦਾ ਹਿੱਸਾ ਹੋਵੇਗੀ, ਜਿਸ ਦਾ ਨਿਰਦੇਸ਼ਨ ਲੀਨਾ ਯਾਦਵ ਕਰੇਗੀ। ਇਸ ਵਿੱਚ ਜੈਕਲੀਨ ਅਤੇ ਟ੍ਰਾਂਸਜੈਂਡਰ ਮਾਡਲ ਅੰਜਲੀ ਲਾਮਾ ਮੁੱਖ ਕਿਰਦਾਰ ਵਿੱਚ ਹੋਣਗੇ। ਇਹ ਇੱਕ ਚਾਰ ਸੈਗਮੈਂਟ ਵਾਲੀ ਫਿਲਮ ਹੈ, ਜਿਸ ਵਿੱਚ ਔਰਤਾਂ ਨਾਲ ਜੁੜੀਆਂ ਕਹਾਣੀਆਂ ਦੱਸੀਆਂ ਜਾਣਗੀਆਂ।

## ਸਾਊਥ ਦੀ ਫਿਲਮ ਵਿੱਚ ਵਿਲੇਨ ਬਣਨਗੇ ਬੌਬੀ ਦਿਓਲ



ਵੈੱਬ ਸੀਰੀਜ਼ 'ਆਸ਼ਰਮ' ਵਿੱਚ ਨੈਗੇਟਿਵ ਕਿਰਦਾਰ ਨਿਭਾਉਣ ਦੇ ਬਾਅਦ ਤੋਂ ਬੌਬੀ ਦਿਓਲ ਨੂੰ ਕਈ ਵੱਡੇ ਪ੍ਰੋਜੈਕਟ ਆਫਰ ਹੋ ਰਹੇ ਹਨ। ਅੱਗੋਂ ਉਹ ਸਾਊਥ ਦਾ ਰੁਖ਼ ਕਰ ਰਹੇ ਹਨ। ਖਬਰ ਹੈ ਕਿ ਬੌਬੀ ਸਾਊਥ ਦੀ ਇੱਕ ਫਿਲਮ ਵਿੱਚ ਵਿਲੇਨ ਦਾ ਕਿਰਦਾਰ ਨਿਭਾਉਣ ਜਾ ਰਹੇ ਹਨ। ਵੱਡੇ ਸਕੇਲ 'ਤੇ ਬਣਨ ਵਾਲੀ ਇਸ ਫਿਲਮ ਵਿੱਚ ਸਾਊਥ ਦੇ ਇੱਕ ਵੱਡੇ ਸਟਾਰ ਲੀਡ ਰੋਲ ਵਿੱਚ ਹੋਣਗੇ। ਅਜੇ ਤੱਕ ਇਹ ਗੱਲ ਸਾਹਮਣੇ ਨਹੀਂ ਆਈ ਕਿ ਇਹ ਸਟਾਰ ਕੌਣ ਹੈ, ਪਰ ਇੰਨਾ ਸਪੱਸ਼ਟ ਹੈ ਕਿ ਬੌਬੀ ਨੂੰ ਵਿਲੇਨ ਦੇ ਕਿਰਦਾਰ ਦੇ ਲਈ ਅਪਰੋਚ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਟੀਮ ਪ੍ਰੋਜੈਕਟ ਸਾਈਨ ਕਰਨ ਤੋਂ ਪਹਿਲਾਂ ਡਿਟੇਲਸ ਦੀ ਪੜਤਾਲ ਕਰ ਰਹੀ ਹੈ।

## ਸ਼ਾਹਰੁਖ ਨਾਲ ਰੋਮਾਂਟਿਕ ਕਾਮੇਡੀ ਕਰਨਗੇ ਕਾਰਤਿਕ



ਕਾਰਤਿਕ ਆਰੀਅਨ ਜਲਦੀ ਹੀ ਸ਼ਾਹਰੁਖ ਖਾਨ ਦੇ ਬੈਨਰ ਰੈੱਡ ਚਿਲੀਜ਼ ਇੰਟਰਟੇਨਮੈਂਟ ਦੇ ਹੇਠ ਇੱਕ ਰੋਮਾਂਟਿਕ ਕਾਮੇਡੀ ਫਿਲਮ ਵਿੱਚ ਨਜ਼ਰ ਆਉਣਗੇ। ਇਸ ਫਿਲਮ ਦਾ ਨਿਰਦੇਸ਼ਨ ਅਜੈ ਬਹਿਲ ਕਰਨਗੇ। ਫਿਲਮ ਦੀ ਕਹਾਣੀ ਇੱਕ ਆਮ ਜਿਹੀ ਲਵ ਸਟੋਰੀ ਦੇ ਦੁਆਲੇ ਘੁੰਮਦੀ ਹੈ। ਕਾਰਤਿਕ ਇਸ ਵਿੱਚ ਲੀਡ ਰੋਲ ਵਿੱਚ ਹਨ। ਦਰਅਸਲ 'ਧਮਾਕਾ' ਦੀ ਸ਼ੂਟਿੰਗ ਖਤਮ ਕਰਨ ਮਗਰੋਂ ਕਾਰਤਿਕ 'ਦੋਸਤਾਨਾ 2' ਅਤੇ 'ਭੂਲ ਭੁਲੱਈਆਂ 2' ਦੀ ਸ਼ੂਟਿੰਗ ਸ਼ੁਰੂ ਕਰਨ ਵਾਲੇ ਸਨ। ਦੋਵਾਂ ਫਿਲਮਾਂ ਦੀ ਸ਼ੂਟਿੰਗ ਕੁਝ ਦਿਨਾਂ ਲਈ ਟਾਲ ਦਿੱਤੀ ਗਈ ਹੈ। ਕਾਰਤਿਕ ਇਸ ਦੌਰਾਨ ਸ਼ਾਹਰੁਖ ਦੀ ਫਿਲਮ ਲਈ ਸ਼ੂਟ ਕਰਨਗੇ। ਕਾਰਤਿਕ ਦੇ ਨਾਲ ਇਸ ਫਿਲਮ ਵਿੱਚ ਅਜੇ ਕੋਈ ਹੋਰ ਸਹਿਯੋਗੀ ਕਲਾਕਾਰ ਨਹੀਂ ਲਿਆ ਗਿਆ। ਜਲਦੀ ਹੀ ਲੀਡ ਅਭਿਨੇਤਰੀ ਦੇ ਨਾਲ-ਨਾਲ ਬਾਕੀ ਕਲਾਕਾਰਾਂ ਦੀ ਵੀ ਪੁਸ਼ਟੀ ਹੋ ਜਾਏਗੀ।

## ਸਾਊਥ ਵੱਲ ਰੁਖ਼ ਕਰੇਗੀ ਵਰੀਨਾ



ਵਰੀਨਾ ਹੁਸੈਨ ਨੇ ਬਾਲੀਵੁੱਡ ਵਿੱਚ ਆਪਣੇ ਕਿਰਦਾਰ ਦੀ ਸ਼ੁਰੂਆਤ 2018 ਵਿੱਚ ਫਿਲਮ 'ਲਵਯਾਤਰੀ' ਨਾਲ ਕੀਤੀ ਸੀ। ਸਲਮਾਨ ਖਾਨ ਵੱਲੋਂ ਪ੍ਰੋਡਿਊਸ ਕੀਤੀ ਇਸ ਫਿਲਮ ਵਿੱਚ ਸਲਮਾਨ ਦੇ ਜੀਜੇ ਅਯੁਸ਼ ਸ਼ਰਮਾ ਨੇ ਫਿਲਮਾਂ ਵਿੱਚ ਆਪਣਾ ਡੈਬਿਊ ਕੀਤਾ ਸੀ। ਇਸ ਦੇ ਬਾਅਦ ਵਰੀਨਾ ਨੂੰ 'ਦਬੰਗ 3' ਦੇ ਡਾਂਸ ਆਈਟਮ 'ਮੁੰਨਾ ਬਦਨਾਮ ਹੂਆ' ਵਿੱਚ ਦੇਖਿਆ ਗਿਆ ਸੀ। ਤਾਜ਼ਾ ਖਬਰ ਹੈ ਕਿ ਵਰੀਨਾ ਹੁਸੈਨ ਦੱਖਣ ਭਾਰਤੀ ਫਿਲਮਾਂ ਵਿੱਚ ਵੀ ਡੈਬਿਊ ਕਰ ਸਕਦੀ ਹੈ।

ਖਬਰ ਹੈ ਕਿ ਵਰੀਨਾ ਪਹਿਲਾਂ ਹੀ ਆਪਣੇ ਪ੍ਰੋਜੈਕਟ ਵਿੱਚ ਲੱਗ ਚੁੱਕੀ ਹੈ। ਦੱਸਿਆ ਜਾ ਰਿਹਾ ਹੈ ਕਿ ਵਰੀਨਾ ਇੱਕ ਪ੍ਰਸਿੱਧ ਪ੍ਰੋਡਕਸ਼ਨ ਹਾਊਸ ਦੇ ਨਿਰਮਾਣ ਵਾਲੀ ਫਿਲਮ ਵਿੱਚ ਦਿਲਚਸਪ ਭੂਮਿਕਾ ਵਿੱਚ ਨਜ਼ਰ ਆਏਗੀ। ਇਹ ਤੇਲਗੂ ਫਿਲਮ ਹੋਵੇਗੀ, ਜਿਸ ਵਿੱਚ ਵਰੀਨਾ ਮੁੱਖ ਭੂਮਿਕਾ ਵਿੱਚ ਦਿਖਾਈ ਦੇਵੇਗੀ। ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨ ਦੇ ਲਈ ਵਰੀਨਾ ਅਗਲੇ ਮਹੀਨੇ ਹੈਦਰਾਬਾਦ ਜਾ ਸਕਦੀ ਹੈ। ਵਰੀਨਾ ਹੁਸੈਨ ਇਨ੍ਹੀਂ ਦਿਨੀਂ ਗੋਆ ਵਿੱਚ ਸ਼ਾਰਿਬ ਹਾਸ਼ਮੀ ਅਤੇ ਫਰੈਡੀ ਦਾਰੂਵਾਲਾ ਨਾਲ ਆਪਣੀ ਅਗਲੀ ਫਿਲਮ 'ਦ ਇਨਕੰਪਲੀਟ ਮੈਨ' ਦੀ ਸ਼ੂਟਿੰਗ ਕਰਨ ਵਿੱਚ ਬਿਜ਼ੀ ਹੈ। ਆਪਣੇ ਗੋਆ ਸ਼ਡਿਊਲ ਨੂੰ ਖਤਮ ਕਰਨ ਦੇ ਬਾਅਦ ਹੀ ਉਹ ਸਾਊਥ ਫਿਲਮ ਦੀ ਸ਼ੂਟਿੰਗ ਦੇ ਲਈ ਹੈਦਰਾਬਾਦ ਜਾ ਸਕਦੀ ਹੈ। 'ਦ ਇਨਕੰਪਲੀਟ ਮੈਨ' ਦੀ ਕਹਾਣੀ ਅੱਲ੍ਹੜਾਂ ਵੱਲੋਂ ਕੀਤੇ ਅਪਰਾਧਾਂ ਦੇ ਆਲੇ ਦੁਆਲੇ ਹੋਵੇਗੀ। ਇਸ ਦਾ ਨਿਰਦੇਸ਼ਨ ਧੀਰਜ ਦੇਵੇਂਦਰ ਕੋਟਕਰ ਕਰ ਰਹੇ ਹਨ। ਇਹ ਫਿਲਮ ਸ਼ਾਹੀਦ ਅਮੀਰ ਤੇ ਤਾਰਿਕ ਸ਼ੇਖ਼ ਦੁਆਰਾ ਨਿਰਮਿਤ ਹੈ। ਇਸ ਵਿੱਚ ਟੀਨਾ ਸਿੰਘ, ਅਲੰਕ੍ਰਿਤਾ ਸਹਾਏ, ਫਰੈਡੀ ਦਾਰੂਵਾਲਾ ਅਤੇ ਸ਼ਾਰਿਬ ਹਾਸ਼ਮੀ ਪ੍ਰਮੁੱਖ ਭੂਮਿਕਾਵਾਂ ਵਿੱਚ ਹੋਣਗੇ।

## ਸਭ ਕਿਸਮਤ ਦੀ ਖੇਡ ਹੈ : ਤਮੰਨਾ ਭਾਟੀਆ



21 ਦਸੰਬਰ 1989 ਨੂੰ ਮੁੰਬਈ ਵਿੱਚ ਜਨਮੀ ਤਮੰਨਾ ਭਾਟੀਆ ਨੇ ਕਰੀਅਰ ਦੀ ਸ਼ੁਰੂਆਤ ਐਸ ਸ਼ਮਸ਼ੀ ਦੇ ਨਿਰਦੇਸ਼ਨ ਵਾਲੀ ਵਿੱਚਾਂਦ ਸਾ ਰੌਸ਼ਨ ਚਿਹਰਾ' (2005) ਨਾਲ ਕੀਤੀ ਸੀ, ਪਰ ਫਿਲਮ ਨਾ ਚੱਲਣ ਅਤੇ ਉਸ ਦੇ ਬਾਅਦ ਬਾਲੀਵੁੱਡ ਵਿੱਚ ਕੰਮ ਨਾ ਮਿਲਣ ਕਾਰਨ ਉਹ ਸਾਊਥ ਚਲੀ ਗਈ। ਅਜੈ ਦੇਵਗਨ ਦੇ ਆਪੋਜ਼ਿਟ 'ਹਿੰਮਤਵਾਲਾ' (2013) ਨਾਲ ਤਮੰਨਾ ਇੱਕ ਵਾਰ ਫਿਰ ਬਾਲੀਵੁੱਡ ਵਿੱਚ ਵਾਪਸੀ ਕੀਤੀ। ਦਰਸ਼ਕਾਂ ਨੇ ਉਸ ਨੂੰ ਪਸੰਦ ਕੀਤਾ, ਪਰ ਫਿਲਮ ਪਸੰਦ ਨਹੀਂ ਆਈ। ਤੇਲਗੂ ਅਤੇ ਤਮਿਲ ਫਿਲਮਾਂ ਵਿੱਚ ਤਮੰਨਾ ਨੂੰ ਖ਼ੂਬ ਪਸੰਦ ਕੀਤਾ ਜਾਂਦਾ ਹੈ। ਉਥੇ ਸਭ ਤੋਂ ਜ਼ਿਆਦਾ ਸਫਲ ਫਿਲਮਾਂ ਦਾ ਹਿੱਸਾ ਰਹਿ ਚੁੱਕੀ ਹੈ, ਪਰ ਬਾਲੀਵੁੱਡ ਵਿੱਚ ਤਮੰਨਾ ਭਾਟੀਆ ਨੂੰ ਓਨੀ ਕਾਮਯਾਬੀ ਨਹੀਂ ਮਿਲੀ। ਰਿਤੇਸ਼ ਦੇਸ਼ਮੁਖ, ਬਿਪਾਸ਼ਾ ਬਸੂ ਅਤੇ ਈਸ਼ਾ ਗੁਪਤਾ ਵਰਗੇ ਸਟਾਰਾਂ ਨਾਲ ਤਮੰਨਾ 'ਹਮਸ਼ਕਲ' (2014) ਵਿੱਚ ਨਜ਼ਰ ਆਈ, ਪਰ ਫਿਲਮ ਨਹੀਂ ਚੱਲੀ। ਸਹੀ ਅਰਥਾਂ ਵਿੱਚ ਅਕਸ਼ੈ ਨਾਲ 'ਇੰਟਰਟੇਨਮੈਂਟ' (2014) ਤਮੰਨਾ ਦੀ ਪਹਿਲੀ ਸਫਲ ਬਾਲੀਵੁੱਡ ਫਿਲਮ ਸੀ। ਇਨ੍ਹੀਂ ਦਿਨੀਂ ਤਮੰਨਾ ਸਾਊਥ ਦੀਆਂ ਛੇ ਅਤੇ ਬਾਲੀਵੁੱਡ ਦੀਆਂ ਦੋ ਫਿਲਮਾਂ ਵਿੱਚ ਬਿਜ਼ੀ ਹੈ। ਇਨ੍ਹਾਂ ਵਿੱਚ ਨਵਾਜ਼ੁਦੀਨ ਸਿੱਦੀਕੀ ਦੇ ਨਾਲ 'ਬੋਲੇ ਚੂੜੀਆਂ', ਸਾਊਥ ਸਟਾਰ ਪਵਨ ਕਲਿਆਣ ਦੇ ਆਪੋਜ਼ਿਟ 'ਵਕੀਲ ਸਾਬ੍ਹ', ਸਾਊਥ ਮੈਗਾਸਟਾਰ ਚਿਰੰਜੀਵੀ ਤੇ ਬਾਲੀਵੁੱਡ ਨਾਇਕ ਅਮਿਤਾਬ ਬੱਚਨ ਨਾਲ 'ਨਰਸਿਮਹਾ ਰੈੱਡੀ' ਪ੍ਰਮੁੱਖ ਹਨ। ਇਨ੍ਹਾਂ ਫਿਲਮਾਂ ਨੂੰ ਲੈ ਕੇ ਤਮੰਨਾ ਨੂੰ ਚਾਹੁਣ ਵਾਲੇ ਕਾਫੀ ਐਕਸਾਈਟਿਡ ਹਨ। ਪੇਸ਼ ਹਨ ਤਮੰਨਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਪਹਿਲਾਂ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਅਤੇ ਉਸ ਦੇ ਬਾਅਦ ਬਾਲੀਵੁੱਡ ਦੇ ਡਰੱਗ ਕੁਨੈਕਸ਼ਨ ਦੀ ਕਾਰਨ ਬਾਲੀਵੁੱਡ ਇੰਡਸਟਰੀ ਆਪਣੇ ਸਭ ਤੋਂ ਬੁਰੇ ਦੌਰ ਵਿੱਚੋਂ ਗੁਜਰ ਰਹੀ ਹੈ। ਕੀ ਇਸ ਦੇ ਬਾਵਜੂਦ ਤੁਸੀਂ ਬਾਲੀਵੁੱਡ ਵਿੱਚ ਮੁਕਾਮ ਬਣਾਉਣ ਲਈ ਉਤਸੁਕ ਹੋ?

-ਮੈਨੂੰ ਲੱਗਦਾ ਹੈ ਕਿ ਕਿਸੇ ਵੀ ਚੀਜ਼ ਲਈ ਕਿਸੇ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਅਸੀਂ ਲੋਕ ਹਮੇਸ਼ਾ ਸੁਰਖੀਆਂ ਵਿੱਚ ਰਹਿੰਦੇ ਹਾਂ, ਇਸ ਲਈ ਸਾਡੀ ਇੰਡਸਟਰੀ ਦੇ ਬਾਰੇ ਗੱਲਾਂ ਕਰਨਾ ਆਸਾਨ ਹੋ ਜਾਂਦਾ ਹੈ, ਜਦ ਕਿ ਸੱਚ ਇਹ ਹੈ ਕਿ ਹਰ ਜਗ੍ਹਾ ਚੰਗੇ ਅਤੇ ਬੁਰੇ ਲੋਕ ਹੁੰਦੇ ਹਨ।

* ਨੈਪੋਟਿਜ਼ਮ ਬਾਰੇ ਵੀ ਫਿਲਮ ਇੰਡਸਟਰੀ ਵਿੱਚ ਕਾਫੀ ਗੱਲਾਂ ਹੁੰਦੀਆਂ ਰਹੀਆਂ ਹਨ। ਕੀ ਤੁਹਾਨੂੰ ਬਾਹਰੀ ਵਿਅਕਤੀ ਦੇ ਰੂਪ ਵਿੱਚ ਇਥੇ ਕਦੇ ਕਿਸੇ ਪੱਖਪਾਤ ਦਾ ਸਾਹਮਣਾ ਕਰਨਾ ਪਿਆ?

– ਬਾਲੀਵੁੱਡ ਵਿੱਚ ਬੇਸ਼ੱਕ ਮੈਨੂੰ ਓਨਾ ਕੰਮ ਨਹੀਂ ਮਿਲਿਆ, ਪਰ ਇਸ ਲਈ ਕਿਸੇ ਨੂੰ ਦੋਸ਼ ਦੇਣ ਦੇ ਬਜਾਏ ਮੈਂ ਆਪਣੀ ਕਿਸਮਤ ਹੀ ਕਹਾਂਗੀ। ਸਾਊਥ ਫਿਲਮ ਇੰਡਸਟਰੀ ਨੇ ਮੈਨੂੰ ਇੱਕ ਤੋਂ ਵਧ ਕੇ ਇੱਕ ਕਈ ਵਧੀਆ ਮੌਕੇ ਦਿੱਤੇ। ਇਸ ਤਰ੍ਹਾਂ ਆਪਣੀ ਕਿਸਮਤ ਦੇ ਨਾਲ ਮੇਰੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਗਏ।

* ਤੁਹਾਡਾ ਕੋਈ ਗੌਡਫਾਦਰ ਨਹੀਂ ਹੈ। ਆਖਰ ਤੁਹਾਡੀ ਇਸ ਕਾਮਯਾਬੀ ਵਿੱਚ ਤੁਹਾਡਾ ਸਹਿਭਾਗੀ ਕੌਣ ਰਿਹਾ?

– ਇੰਡਸਟਰੀ ਨੇ ਮੈਨੂੰ ਜਿਸ ਤਰ੍ਹਾਂ ਕੰਮ ਦੇ ਮੌਕੇ ਦਿੱਤੇ, ਦਰਸ਼ਕਾਂ ਦਾ ਜੋ ਪਿਆਰ ਤੇ ਪ੍ਰਸ਼ੰਸਾ ਮੈਨੂੰ ਹਾਸਲ ਹੋਈ, ਉਸ ਦੇ ਲਈ ਮੈਂ ਉਨ੍ਹਾਂ ਸਾਰਿਆਂ ਦੀ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਇਨ੍ਹਾਂ ਸਾਰੀਆਂ ਗੱਲਾਂ ਦੀ ਉਮੀਦ ਨਹੀਂ ਕੀਤੀ ਸੀ, ਫਿਰ ਵੀ ਇਹ ਸਭ ਕੁਝ ਮਿਲਿਆ, ਪਰ ਮੈਂ ਇਹ ਸਭ ਕੁਝ ਸਿਰਫ ਅਤੇ ਸਿਰਫ ਆਪਣੇ ਦਮ ਉੱਤੇ ਹਾਸਲ ਕੀਤਾ ਹੈ। ਮੇਰਾ ਮੰਨਣਾ ਹੈ ਕਿ ਜੇ ਤੁਸੀਂ ਸਮਰਪਿਤ ਮਿਹਨਤੀ ਅਤੇ ਪ੍ਰਤਿਭਾਸ਼ਾਲੀ ਹੋ ਤਾਂ ਤੁਹਾਨੂੰ ਤੇ ਤੁਹਾਡੇ ਕੰਮ ਨੂੰ ਪਸੰਦ ਕੀਤਾ ਜਾਵੇਗਾ। ਚੰਗੀ ਕੋਸ਼ਿਸ਼ ਹਮੇਸ਼ਾ ਮਾਇਨੇ ਰੱਖਦੀ ਹੈ।

* ਤੁਸੀਂ ਨਵਾਜ਼ੁਦੀਨ ਸਿੱਦੀਕੀ ਨਾਲ 'ਬੋਲੇ ਚੂੜੀਆਂ' ਕਰ ਰਹੇ ਹੋ। ਅੱਜਕੱਲ੍ਹ ਉਨ੍ਹਾਂ ਦਾ ਮਾਰਕੀਟ ਡਾਊਨ ਚੱਲ ਰਿਹਾ ਹੈ। ਅਜਿਹੇ ਵਿੱਚ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਡੀ ਵਾਪਸੀ ਦੀ ਇਹ ਕੋਸ਼ਿਸ਼ ਵੀ ਬੇਕਾਰ ਜਾਣ ਵਾਲੀ ਹੈ?

– ਮੈਂ ਨਤੀਜੇ ਦੀ ਚਿੰਤਾ ਨਾ ਕਰਦੇ ਹੋਏ ਸਿਰਫ ਕੋਸ਼ਿਸ਼ ਵਿੱਚ ਯਕੀਨ ਰੱਖਣ ਵਾਲੀ ਲੜਕੀ ਹਾਂ। ਮੈਂ ਕਦੇ ਇਸ ਗੱਲ ਉੱਤੇ ਵਿਚਾਰ ਨਹੀਂ ਕੀਤਾ ਕਿ ਮੈਨੂੰ ਮੌਕਿਆਂ ਤੋਂ ਵਾਂਝਾ ਕੀਤਾ ਗਿਆ ਜਾਂ ਘੱਟ ਜਾਂ ਵੱਧ ਮੌਕੇ ਦਿੱਤੇ ਗਏ। ਕਿਸਮਤ ਨਾਲ ਮੈਨੂੰ 'ਬਾਹੂਬਲੀ' ਵਰਗੀਆਂ ਫਿਲਮਾਂ ਮਿਲੀਆਂ, ਜੋ ਸਾਡੇ ਦੇਸ਼ ਵਿੱਚ ਸਭ ਤੋਂ ਵੱਡੀਆਂ ਹਿੱਟ ਫਿਲਮਾਂ ਵਿੱਚੋਂ ਇੱਕ ਹੈ। ਤੁਹਾਡੇ ਨਾਲ ਜੋ ਕੁਝ ਚੰਗਾ ਜਾਂ ਬੁਰਾ ਹੋ ਰਿਹਾ ਹੈ ਜਾਂ ਫਿਰ ਹੋਣ ਵਾਲਾ ਹੈ, ਉਹ ਪਹਿਲਾਂ ਤੋਂ ਤੈਅ ਹੈ। ਉਸ ਨੂੰ ਵਾਪਰਨ ਤੋਂ ਕੋਈ ਨਹੀਂ ਰੋਕ ਸਕਦਾ ਇਸ ਲਈ ਫਜ਼ੂਲ ਦੀ ਚਿੰਤਾ ਦਾ ਕੀ ਅਰਥ ਹੈ।

## ਵੱਡੀਆਂ ਫਿਲਮਾਂ ਦਾ ਹਿੱਸਾ ਬਣੀ : ਮਾਲਵਿਕਾ ਮੋਹਨਨ



ਈਸ਼ਾਨ ਖੱਟੜ ਦੇ ਨਾਲ ਨਿਰਦੇਸ਼ਕ ਮਾਜਿਦ ਮਜੀਦੀ ਦੀ ਚਰਚਿਤ ਫਿਲਮ 'ਬਿਆਂਡ ਦਿ ਗਲਾਊਡਸ' ਨਾਲ ਹਿੰਦੀ ਫਿਲਮਾਂ ਵਿੱਚ ਡੈਬਿਊ ਕਰਨ ਵਾਲੀ ਮਾਲਵਿਕਾ ਮੋਹਨਨ ਨੇ ਸਾਊਥ ਦੀਆਂ ਕਈ ਫਿਲਮਾਂ ਵਿੱਚ ਕੰਮ ਕੀਤਾ ਹੈ। ਹਾਲ ਹੀ ਵਿੱਚ ਸਾਊਥ ਦੀ ਫਿਲਮ 'ਮਾਸਟਰ' ਵਿੱਚ ਨਜ਼ਰ ਆਈ ਮਾਲਵਿਕਾ ਮੋਹਨਨ ਆਪਣੀ ਪਹਿਲੀ ਤਮਿਲ ਫਿਲਮ 'ਪੇਟਾ' ਵਿੱਚ ਰਜਨੀਕਾਂਤ ਦੇ ਨਾਲ ਵੀ ਕੰਮ ਕਰ ਚੁੱਕੀ ਹੈ। ਜਲਦੀ ਹੀ ਉਹ ਹਿੰਦੀ ਫਿਲਮਾਂ ਵਿੱਚ ਵੀ ਨਜ਼ਰ ਆਉਣ ਵਾਲੀ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਸਾਈਨ ਕੀਤੀ ਵੱਡੀ ਫਿਲਮ...

-ਆਪਣੀਆਂ ਅਗਲੀਆਂ ਫਿਲਮਾਂ ਬਾਰੇ ਗੱਲ ਕਰਦੇ ਹੋਏ ਉਸ ਨੇ ਕਿਹਾ, ''ਅੰਗਰੇਜ਼ੀ ਤੋਂ ਬਾਅਦ ਜਿਸ ਭਾਸ਼ਾ ਵਿਚ ਮੈਂ ਸਭ ਤੋਂ ਵੱਧ ਸੌਖੀ ਰਹਿੰਦੀ ਹਾਂ ਉਹ ਹਿੰਦੀ ਹੈ। ਮੈਂ ਹਿੰਦੀ ਵਿੱਚ ਵੱਧ ਤੋਂ ਵੱਧ ਕੰਮ ਕਰਨਾ ਚਾਹੁੰਦੀ ਹਾਂ। ਇਸ ਭਾਸ਼ਾ ਵਿੱਚ ਮੇਰੇ ਕੋਲ ਖੁਦ ਨੂੰ ਬਿਹਤਰ ਕਰਨ ਦੀਆਂ ਸਹੂਲਤਾਂ ਵੱਧ ਹਨ। ਦੂਸਰੀਆਂ ਭਾਸ਼ਾਵਾਂ ਦੇ ਸਿਨੇਮਾ ਵਿੱਚ ਤਾਂ ਮੈਂ ਰੱਟਾ ਮਾਰ ਕੇ ਡਾਇਲਾਗ ਬੋਲਣੇ ਹੁੰਦੇ ਹਨ, ਹੋਰ ਜ਼ਿਆਦਾ ਕੁਝ ਆਪਣੇ ਵੱਲੋਂ ਉਥੇ ਕੀਤਾ ਨਹੀਂ ਜਾ ਸਕਦਾ। ਮੈਂ ਹਾਲ ਹੀ ਵਿੱਚ ਇੱਕ ਵੱਡੀ ਹਿੰਦੀ ਫਿਲਮ ਸਾਈਨ ਕੀਤੀ ਹੈ। ਅਜੇ ਉਸ ਦਾ ਐਲਾਨ ਹੋਣਾ ਬਾਕੀ ਹੈ। ਪਹਿਲਾਂ ਇਹ ਫਿਲਮ ਪਿਛਲੇ ਸਾਲ ਮਾਰਚ ਵਿੱਚ 'ਸੂਰਿਆਵੰਸ਼ੀ' ਦੀ ਰਿਲੀਜ਼ ਦੇ ਨਾਲ ਐਲਾਨ ਕੀਤੀ ਜਾਣ ਵਾਲੀ ਸੀ, ਫਿਰ ਮਹਾਮਾਰੀ ਦਾ ਕਹਿਰ ਹੋ ਗਿਆ। ਮੈਨੂੰ ਉਮੀਦ ਹੈ ਕਿ ਜਲਦੀ ਇਸ ਦਾ ਐਲਾਨ ਹੋ ਜਾਵੇਗਾ। ਅਜੇ ਮੈਂ ਇੱਕ ਫਿਲਮ ਧਨੁਸ਼ ਦੇ ਨਾਲ ਕਰਨ ਜਾ ਰਹੀ ਹਾਂ ਅਤੇ ਉਸ ਦੇ ਖਤਮ ਹੁੰਦੇ ਹੀ ਮੈਂ ਆਪਣੀ ਇਹ ਬਾਲੀਵੁੱਡ ਫਿਲਮ ਸ਼ੁਰੂ ਕਰ ਦਿਆਂਗੀ।''

* ਇਸ ਤਰ੍ਹਾਂ ਮਿਲੀ ਸੀ ਪਹਿਲੀ ਫਿਲਮ...

– ਆਪਣੇ ਪਹਿਲੇ ਬ੍ਰੇਕ ਦੀ ਦਿਲਚਸਪ ਕਹਾਣੀ ਸੁਣਾਉਂਦੇ ਹੋਏ ਮਾਲਵਿਕਾ ਨੇ ਕਿਹਾ, ''ਮੈਂ ਉਨ੍ਹੀਂ ਦਿਨੀਂ ਕਾਲਜ ਵਿੱਚ ਸੀ ਤੇ ਮੈਨੂੰ ਪਤਾ ਨਹੀਂ ਸੀ ਕਿ ਮੈਂ ਕਿਸ ਦਿਸ਼ਾ ਵਿੱਚ ਜਾਣਾ ਹੈ। ਇਹ ਤਾਂ ਤੈਅ ਸੀ ਕਿ ਮੈਨੂੰ ਸਾਇੰਸ ਅਤੇ ਕਾਮਰਸ ਨਹੀਂ ਕਰਨਾ ਹੈ, ਜੋ ਕੁਝ ਕਰਨਾ ਹੈ ਆਰਟਸ ਵਿੱਚ ਹੀ ਕਰਨਾ ਹੈ। ਉਨ੍ਹੀਂ ਦਿਨੀਂ ਇਹ ਘਟਨਾ ਹੋ ਗਈ। ਅਸੀਂ ਲੋਕ ਘਰ ਵਿੱਚ ਮਲਿਆਲਮ ਫਿਲਮਾਂ ਖ਼ੂਬ ਦੇਖਦੇ ਹਾਂ ਅਤੇ ਮੈਂ ਮਮੂਟੀ ਸਰ ਦੀ ਬਹੁਤ ਵੱਡੀ ਫੈਨ ਰਹੀ ਹਾਂ। ਉਹ ਬਹੁਤ ਵੱਡੇ ਸੁਪਰਸਟਾਰ ਹਨ। ਅਸੀਂ ਲੋਕ ਉਨ੍ਹਾਂ ਦੀ ਇੱਕ ਵਿਗਿਆਪਨ ਫਿਲਮ ਦੀ ਸ਼ੂਟਿੰਗ ਦੇਖਣ ਗਏ ਹੋਏ ਸੀ। ਉਥੇ ਉਨ੍ਹਾਂ ਨੇ ਮੈਨੂੰ ਦੇਖਿਆ ਤੇ ਆਪਣੇ ਕੋਲ ਬੁਲਾਇਆ। ਉਹ ਮੇਰੇ ਨਾਲ ਦੇਰ ਤੱਕ ਗੱਲਾਂ ਕਰਦੇ ਰਹੇ ਅਤੇ ਮੈਨੂੰ ਇਧਰ ਉਧਰ ਚਲਾ ਕੇ ਦੇਖਿਆ ਅਤੇ ਉਸ ਨੂੰ ਸ਼ੂਟ ਕਰ ਲਿਆ। ਬਾਅਦ ਵਿੱਚ ਇਹ ਸਭ ਉਨ੍ਹਾਂ ਨੇ ਫਿਲਮ ਡਾਇਰੈਕਟਰ ਦੇ ਕੋਲ ਭੇਜ ਦਿੱਤਾ। ਇਸ ਤਰ੍ਹਾਂ ਮੈਨੂੰ ਉਨ੍ਹਾਂ ਦੇ ਬੇਟੇ ਦੁਲਕਰ ਸਲਮਾਨ ਦੇ ਨਾਲ ਆਪਣੀ ਪਹਿਲੀ ਫਿਲਮ ਮਿਲੀ।''

* ਰਜਨੀਕਾਂਤ ਦੇ ਨਾਲ ਕੰਮ ਕਰਨ ਦਾ ਤਜਰਬਾ...

– ਫਿਲਮ 'ਪੇਟਾ' ਵਿੱਚ ਰਜਨੀਕਾਂਤ ਦੇ ਨਾਲ ਕੰਮ ਕਰਨ ਦੇ ਤਜਰਬੇ ਸ਼ੇਅਰ ਕਰਦੇ ਹੋਏ ਮਾਲਵਿਕਾ ਕਹਿੰਦੀ ਹੈ, ''ਉਹ ਮੇਰੀ ਪਹਿਲੀ ਫਿਲਮ ਸੀ ਤਮਿਲ ਵਿੱਚ। ਮੇਰਾ ਉਸ ਵਿੱਚ ਰੋਲ ਜ਼ਿਆਦਾ ਵੱਡਾ ਨਹੀਂ ਸੀ ਤੇ ਮੈਨੂੰ ਪਹਿਲਾਂ ਤੋਂ ਪਤਾ ਸੀ ਕਿ ਮੇਰਾ ਰੋਲ ਛੋਟਾ ਹੈ, ਪਰ ਮੈਂ ਰਜਨੀ ਸਰ ਨਾਲ ਇੱਕ ਫਿਲਮ ਕਰਨੀ ਸੀ। ਮੈਨੂੰ ਨਹੀਂ ਪਤਾ ਕਿ ਇਹ ਮੌਕਾ ਮੈਨੂੰ ਦੁਬਾਰਾ ਮਿਲੇਗਾ ਕਿ ਨਹੀਂ, ਪਰ ਮੇਰੀ ਫਿਲਮੋਗ੍ਰਾਫੀ ਵਿੱਚ ਇੱਕ ਫਿਲਮ ਰਜਨੀ ਸਰ ਦੇ ਨਾਲ ਹੋਣੀ ਚਾਹੀਦੀ ਸੀ। ਮੈਂ ਅੱਜ ਤੱਕ ਦੀਆਂ ਆਪਣੀਆਂ ਸਾਰੀਆਂ ਫਿਲਮਾਂ ਵਿੱਚ ਲੀਡ ਰੋਲ ਕੀਤੇ ਹਨ, ਪਰ 'ਪੇਟਾ' ਵਿੱਚ ਕੋਈ ਫੀਮੇਲ ਲੀਡ ਹੀ ਨਹੀਂ। ਮੇਰੇ ਕਿਰਦਾਰ ਦੇ ਕੋਲ ਦੋ-ਤਿੰਨ ਚੰਗੇ ਦ੍ਰਿਸ਼ ਸਨ, ਜਿਸ ਵਿੱਚ ਮੈਨੂੰ ਆਪਣੀ ਕਾਬਲੀਅਤ ਦਿਖਾਉਣੀ ਸੀ। ਮੈਂ ਮਿਹਨਤ ਕੀਤੀ ਅਤੇ ਮੈਨੂੰ ਦੱਸਦੇ ਹੋਏ ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਦ੍ਰਿਸ਼ਾਂ ਦੀ ਵਜ੍ਹਾ ਨਾਲ ਮੈਨੂੰ ਫਿਲਮ 'ਮਾਸਟਰ' ਮਿਲੀ।''

* ਇਸ ਤਰ੍ਹਾਂ ਮਿਲੀ ਸੀ 'ਬਿਆਂਡ ਦਿ ਕਲਾਊਡਸ'...

– ਈਰਾਨੀ ਨਿਰਦੇਸ਼ਕ ਮਾਜਿਦ ਮਜੀਦੀ ਦੀ ਚਰਚਿਤ ਫਿਲਮ 'ਬਿਆਂਡ ਦਿ ਗਲਾਊਡਸ' ਮਿਲਣ ਬਾਰੇ ਦੱਸਦੇ ਹੋਏ ਉਸ ਨੇ ਕਿਹਾ, ''ਇਸ ਫਿਲਮ ਦੀ ਕਾਸਟਿੰਗ ਚੱਲ ਰਹੀ ਸੀ ਤਾਂ ਫਿਲਮ ਦੇ ਨਿਰਮਾਤਾ ਕੁਝ ਬਹੁਤ ਵੱਡੀਆਂ ਅਭਿਨੇਤਰੀਆਂ ਨੂੰ ਫਿਲਮ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਭਿਨੇਤਰੀਆਂ ਉਨ੍ਹਾਂ ਨੂੰ ਫੋਨ ਵੀ ਕਰਦੀਆਂ ਸਨ। ਆਖਰ ਕਿਹੜਾ ਉਨ੍ਹਾਂ ਨਾਲ ਕੰਮ ਨਹੀਂ ਕਰਨਾ ਚਾਹੇਗਾ। ਉਸ ਸਮੇਂ ਦੀਆਂ ਕੁਝ ਪ੍ਰਸਿੱਧ ਅਭਿਨੇਤਰੀਆਂ ਨਾਲ ਮੇਰਾ ਲੁਕ ਟੈਸਟ ਹੋਇਆ ਸੀ। ਇਸ ਫਿਲਮ ਦੇ ਲਈ ਮੈਂ ਰੋਜ਼ ਫੋਨ ਕਰ ਕੇ ਪੁੱਛਦੀ, ਕੁਝ ਹੋਇਆ? ਇੱਕ ਦਿਨ ਸਵੇਰੇ-ਸਵੇਰੇ ਮੇਰਾ ਫੋਨ ਵੱਜਿਆ। ਮੈਂ ਸੁੱਤੀ ਪਈ ਸੀ। ਮੈਂ ਦੇਖਿਆ ਤਾਂ ਹਨੀ ਤ੍ਰੇਹਨ ਦਾ ਫੋਨ ਸੀ। ਮੇਰੇ ਫੋਨ ਚੁੱਕਦੇ ਹੀ ਉਨ੍ਹਾਂ ਨੇ ਕਿਹਾ, ਯੂ ਆਰ ਤਾਰਾ। ਤਾਰਾ ਇਸ ਫਿਲਮ ਦਾ ਉਹ ਕਿਰਦਾਰ ਸੀ, ਜਿਸ ਦੇ ਲਈ ਇੰਨੇ ਲੋਕ ਕੋਸ਼ਿਸ਼ਾਂ ਕਰ ਰਹੇ ਸਨ ਅਤੇ ਉਹ ਮੈਨੂੰ ਮਿਲਿਆ।''

